@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 11 May 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 11 ਮਈ 2024, 27 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 171, qpatrika@gmail.com ਫੋਨ : 9971359517 www.qaumipatrika.org

## ਪ੍ਰਧਾਨ ਮੰਤਰੀ ਮੋਦੀ ਨੇ ਪਵਾਰ ਤੇ ਊਧਵ ਨੂੰ ਕਿਹਾ- 'ਕਾਂਗਰਸ ਨਾਲ 'ਮਰਨ' ਦੀ ਬਜਾਏ ਅਜੀਤ ਦਾਦਾ ਨਾਲ ਹੱਥ ਮਿਲਾਉਣਾ ਬਿਹਤਰ'

ਨੰਦੂਰਬਾਰ, 10 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ 'ਨਕਲੀ ਐੱਨ. ਸੀ. ਪੀ. ਤੇ ਸਿ਼ਵ ਸੈਨਾ' ਨੇ 4 ਜੂਨ ਨੂੰ ਲੋਕ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕਾਂਗਰਸ 'ਚ ਰਲੇਵੇਂ ਦਾ ਮਨ ਬਣਾ ਲਿਆ ਹੈ ਪਰ ਉਨ੍ਹਾਂ ਨੂੰ ਇਸ ਦੀ ਬਜਾਏ ਅਜੀਤ ਪਵਾਰ ਅਤੇ ਏਕਨਾਥ ਸਿ਼ੰਦੇ ਨਾਲ ਹੱਥ ਮਿਲਾਉਣਾ ਚਾਹੀਦਾ ਹੈ। ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ. ਸੀ. ਪੀ.) ਦੇ ਮੁਖੀ ਸਰਦ ਪਵਾਰ ਦਾ ਨਾਂ ਲਏ ਬਿਨਾਂ ਉੱਤਰੀ ਮਹਾਰਾਸਟਰ ਦੇ ਨੰਦੂਰਬਾਰ



ਜਿ਼ਲੇ 'ਚ ਇਕ ਚੋਣ ਰੈਲੀ ਨੂੰ ਸੰਬੋਧਿਤ ਕਰਦੇ ਹੋਏ ਮੋਦੀ ਨੇ ਸੁੱਕਰਵਾਰ ਕਿਹਾ ਕਿ ਮਹਾਰਾਸਟਰ ਦੇ ਇਕ ਚੋਟੀ ਦੇ ਨੇਤਾ ਜੋ 40-50 ਸਾਲ ਤੋਂ ਰਾਜਨੀਤੀ ਕਰ ਰਹੇ ਹਨ, ਬਾਰਾਮਤੀ ਵਿਖੇ ਹੋਈ ਚੋਣ ਤੋਂ ਬਾਅਦ ਇੰਨੇ ਚਿੰਤਤ ਹਨ ਕਿ ਉਨ੍ਹਾਂ ਇਕ ਬਿਆਨ ਦਿੱਤਾ ਹੈ। ਮੇਰਾ ਮੰਨਣਾ ਹੈ ਕਿ ਉਨ੍ਹਾਂ ਬਹੁਤ ਸਾਰੇ ਲੋਕਾਂ ਨਾਲ ਸਲਾਹ ਕਰਨ ਤੋਂ ਬਾਅਦ ਹੀ ਇਹ ਬਿਆਨ ਦਿੱਤਾ ਹੋਵੇਗਾ। ਮੋਦੀ ਨੇ ਕਿਹਾ ਕਿ ਉਹ ਇੰਨੇ ਨਿਰਾਸ ਹੋ ਗਏ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੇ 4 ਜੂਨ ਤੋਂ ਬਾਅਦ ਸਿਆਸੀ ਜੀਵਨ "ਚ ਟਿਕੇ ਰਹਿਣਾ ਹੈ ਤਾਂ ਫਿਰ ਛੋਟੀਆਂ ਸਿਆਸੀ ਪਾਰਟੀਆਂ ਨੂੰ ਕਾਂਗਰਸ 'ਚ ਰਲੇਵਾਂ ਕਰਨਾ ਚਾਹੀਦਾ ਹੈ। ਮੋਦੀ ਨੇ ਕਿਹਾ ਕਿ ਇਸ ਦਾ ਮਤਲਬ ਇਹ ਹੈ ਕਿ ਇਸ ਨਕਲੀ ਐੱਨ. ਸੀ. ਪੀ. ਤੇ ਸਿ਼ਵ ਸੈਨਾ ਨੇ ਕਾਂਗਰਸ 'ਚ ਰਲੇਵੇਂ ਦਾ ਮਨ ਬਣਾ ਲਿਆ ਹੈ। ਉਹ 4 ਜੂਨ ਤੋਂ ਬਾਅਦ ਕਾਂਗਰਸ 'ਚ ਸਾਮਲ ਹੋ ਕੇ ਮਰਨ ਦੀ ਬਜਾਏ ਛਾਤੀ ਤਾਣ ਕੇ ਸਾਡੇ ਅਜੀਤ ਦਾਦਾ ਜੀ ਤੇ ਸਿ਼ੰਦੇ ਜੀ ਕੋਲ ਆਓ ਤੁਹਾਡੇ ਸੁਪਨੇ ਬੜੇ ਮਾਣ ਨਾਲ ਪੂਰੇ ਹੋਣਗੇ। ਮੋਦੀ ਨੇ ਕਾਂਗਰਸ 'ਤੇ ਦੋਸ ਲਾਇਆ ਕਿ ਉਹ ਹਿੰਦੂ ਆਸਥਾ ਨੂੰ ਖਤਮ ਕਰਨ ਦੀ ਸਾਜਿ਼ਸ ਰਚ ਰਹੀ ਹੈ।

## ਕੇਂਦਰ ਤੋਂ ਇਕ-ਇਕ ਪੈਸਾ ਵਸੂਲ ਕੇ ਪੰਜਾਬ ਨੂੰ ਸੋਨੇ ਦੀ ਚਿੜੀ ਬਣਾਵਾਂਗੇ : ਭਗਵੰਤ ਮਾਨ

ਜਗਰਾਓਂ/ਜਲੰਧਰ 10 ਮਈ। ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਲਈ ਚੋਣ ਪ੍ਰਚਾਰ ਕੀਤਾ। ਮਾਨ ਨੇ ਜਗਰਾਓਂ 'ਚ ਇਕ ਵੱਡਾ ਰੋਡ ਸ਼ੋਅ ਕੱਢਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਚੋਣ 'ਚ ਆਮ ਆਦਮੀ ਪਾਰਟੀ ਨੂੰ 13-0 ਨਾਲ ਜਿਤਾਉਣ। ਰੋਡ ਸ਼ੋਅ 'ਚ ਪੁੱਜੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 13-0 ਨਾਲ ਜਿਤਾਉਣ ਲਈ 'ਇਸ ਵਾਰ ਪੰਜਾਬ ਬਣੇਗਾ ਹੀਰੋ, 13-0' ਦੇ ਜ਼ੋਰਦਾਰ ਨਾਅਰੇ ਲਾਏ। ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਮੈਂ ਪੰਜਾਬ ਦਾ ਪਹਿਲਾ ਮੁੱਖ ਮੰਤਰੀ ਹਾਂ, ਜਿਸ ਨੂੰ ਲੋਕ 'ਬਾਈ ਜੀ' ਕਹਿ ਕੇ ਬੁਲਾਉਂਦੇ ਹਨ। ਇਹੀ ਮੇਰੇ ਪ੍ਰਤੀ ਪੰਜਾਬ ਦੇ ਲੋਕਾਂ ਦਾ ਪਿਆਰ ਹੈ। ਮੁੱਖ ਮੰਤਰੀ ਨੇ ਰੋਡਸ਼ੋਅ 'ਚ ਸ਼ਾਮਲ ਲੋਕਾਂ ਨੂੰ ਕਿਹਾ ਕਿ ਤੁਹਾਡਾ ਪਿਆਰ ਅਤੇ ਸਮਰਥਨ ਮੈਨੂੰ ਕਦੇ ਥੱਕਣ ਨਹੀਂ ਦਿੰਦਾ। ਤੁਹਾਡੇ ਪਿਆਰ ਦਾ ਕਰਜ਼ਾ ਮੈਂ ਸੱਤ ਜਨਮਾਂ ਵਿਚ ਵੀ ਨਹੀਂ ਚੁਕਾ ਸਕਦਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਪਿਛਲੇ ਦੋ ਸਾਲਾਂ ਦੌਰਾਨ ਅਸੀਂ ਕਈ ਇਤਿਹਾਸਕ ਫ਼ੈਸਲੇ ਲਏ ਹਨ, ਜਿਨ੍ਹਾਂ ਦੇ ਚੰਗੇ ਨਤੀਜੇ ਤੁਹਾਡੇ ਸਾਹਮਣੇ ਹਨ। ਸਾਨੂੰ ਭਵਿੱਖ 'ਚ ਵੀ ਅਜਿਹੇ ਉਤਸ਼ਾਹ ਨਾਲ ਕੰਮ ਕਰਨ ਲਈ ਤੁਹਾਡੇ ਸਮਰਥਨ ਦੀ ਲੋੜ ਹੈ। ਸਾਡੇ ਸਾਰੇ ਸੰਸਦ ਮੈਂਬਰ ਪਾਰਲੀਮੈਂਟ ਵਿਚ ਪੰਜਾਬ ਦੇ ਹੱਕਾਂ ਲਈ ਆਵਾਜ਼ ਉਠਾਉਣਗੇ ਅਤੇ ਕੇਂਦਰ ਤੋਂ ਪੰਜਾਬ ਦਾ ਇਕ-ਇਕ ਪੈਸਾ ਵਸੂਲ ਕੇ ਵਾਪਸ ਲਿਆਉਣਗੇ ਅਤੇ ਅਸੀਂ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਾਵਾਂਗੇ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਚੋਣਾਂ 'ਚ ਅਸੀਂ ਪਿਛਲੇ ਦੋ ਸਾਲਾਂ 'ਚ ਸਾਡੀ ਸਰਕਾਰ ਵਲੋਂ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗ ਰਹੇ ਹਾਂ। ਇਸ ਦੇ ਉਲਟ ਦਸ ਸਾਲ ਰਾਜ ਕਰਨ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਸਲਮਾਨਾਂ ਅਤੇ ਮੰਗਲ ਸੂਤਰ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ। ਉਹ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਡਰਾ-ਧਮਕਾ ਕੇ ਵੋਟਾਂ ਹਾਸਲ ਕਰਨਾ ਚਾਹੁੰਦੇ ਹਨ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਖਬੀਰ ਬਾਦਲ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਬਾਦਲ ਪਰਿਵਾਰ ਦਾ ਸੁਖ-ਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖ਼ੂਨ-ਪਸੀਨੇ ਨਾਲ ਬਣਿਆ ਹੈ। ਅਸੀਂ ਸੁਖਬੀਰ ਬਾਦਲ ਤੋਂ ਸੁਖ-ਵਿਲਾਸ ਲੈ ਕੇ ਇਸ ਨੂੰ ਸਕੂਲ 'ਚ ਤਬਦੀਲ ਕਰਾਂਗੇ। ਮਾਨ ਨੇ ਲੋਕਾਂ ਨੂੰ ਕਿਹਾ ਕਿ ਅੱਜ ਤੁਸੀਂ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਲਈ ਪ੍ਰਮਾਤਮਾ ਅੱਗੇ ਅਰਦਾਸ ਕਰੋ, ਤਾਂ ਜੋ ਉਹ ਕੱਲ੍ਹ ਨੂੰ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਬਾਹਰ ਆ ਜਾਣ। ਕੇਜਰੀਵਾਲ ਦੇ ਬਾਹਰ ਆਉਣ ਤੋਂ ਬਾਅਦ ਅਸੀਂ ਦੁੱਗਣੀ ਊਰਜਾ ਨਾਲ ਪ੍ਰਚਾਰ ਕਰਾਂਗੇ ਅਤੇ ਸਾਰੀਆਂ ਸੀਟਾਂ ਜਿੱਤਾਂਗੇ।

# 'ਮੈਂ ਕਿਹਾ ਸੀ ਕਿ ਮੈਂ ਜਲਦੀ ਆਵਾਂਗਾ, ਲਓ ਆ ਗਿਆ: ਕੇਜਰੀਵਾਲ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 10 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸ਼ਰਾਬ ਘੋਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਅੰਤਰਿਮ ਜਮਾਨਤ ਮਿਲ ਗਈ ਹੈ। ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਅੰਤਰਿਮ ਜਮਾਨਤ ਮਿਲੀ ਹੈ। ਕੇਜਰੀਵਾਲ ਇੱਕ ਜੂਨ ਤੱਕ ਅੰਤਰਿਮ ਜਮਾਨਤ 'ਤੇ ਜੇਲ੍ਹ 'ਚੋਂ ਬਾਹਰ ਰਹਿ ਸਕਣਗੇ। 2 ਜੂਨ ਨੂੰ ਉਨ੍ਹਾਂ ਨੂੰ ਸੈਰੰਡਰ ਕਰਨਾ ਹੋਵੇਗਾ। 50 ਹਜਾਰ ਰੁਪਏ ਦੇ ਨਿੱਜੀ ਮੁਚਕਲੇ' ਦੱਸ ਦੇਈਏ ਕਿ ਅਰਵਿੰਦ ਕੇਜਰੀਵਾਲ ਦੀ ਅੰਤਰਿਮ ਜਮਾਨਤ ਦਾ ਈ.ਡੀ. ਨੇ ਵਿਰੋਧ ਕੀਤਾ। ਈ.ਡੀ. ਨੇ 44 ਪੰਨਿਆਂ ਦਾ ਇਕ ਹਰਫਨਾਮਾ ਦਾਇਰ ਕੀਤਾ ਸੀ, ਜਿਸ ਵਿਚ ਕਿਹਾ ਗਿਆ ਕਿ ਇਕ ਨੇਤਾ, ਇਕ ਆਮ ਨਾਗਰਿਕ ਤੋਂ ਜਿ਼ਆਦਾ ਕਿਸੇ ਵਿਸ਼ੇਸ਼ ਦਰਜੇ ਦਾ ਦਾਅਵਾ ਨਹੀਂ ਕਰ ਸਕਦਾ। ਈ.ਡੀ. ਨੇ ਕੇਜਰੀਵਾਲ ਦੀ ਜਮਾਨਤ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਜੇਕਰ ਚੋਣ ਪ੍ਰਚਾਰ ਦੇ ਅਧਿਕਾਰ ਨੂੰ ਅੰਤਰਿਮ ਜਮਾਨਤ ਦੇਣ ਦਾ ਆਧਾਰ ਬਣਾਇਆ ਜਾਵੇਗਾ ਤਾਂ ਇਹ ਆਰਟਿਕਲ 14 ਦੇ ਸਿਧਾਂਤਾਂ ਦਾ ਉਲੰਘਣ ਹੋਵੇਗਾ। ਈ.ਡੀ. ਨੇ ਤਰਕ ਦਿੱਤਾ ਕਿ ਇੰਝ ਤਾਂ ਦੋਸ਼ੀ ਕਿਸਾਨ ਵੀ ਫਸਲ ਕਟਾਈ ਨੂੰ ਅੰਤਰਿਮ ਜਮਾਨਤ ਦਾ ਆਧਾਰ ਬਣਾ ਸਕਦਾ ਹੈ। ਸੁਪਰੀਮ ਕੋਰਟ ਨੇ ਅਰਵਿੰਦ ਕੇਜਰੀਵਾਲ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੁ ਸਿੰਘਵੀ ਦੀ ਉਸ ਅਪੀਲ ਨੂੰ ਖਾਰਜ ਕਰ ਦਿੱਤਾ, ਜਿਸ ਵਿਚ ਉਨ੍ਹਾਂ ਨੇ 4 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨ ਹੋਣ ਤੱਕ ਅੰਤਰਿਮ ਜਮਾਨਤ ਦੇਣ ਦੀ ਮੰਗ ਕੀਤੀ ਗਈ ਸੀ।



## ਪ੍ਰਿਅੰਕਾ ਚਤੁਰਵੇਦੀ ਦੀ ਅਪਮਾਨਜਨਕ ਟਿੱਪਣੀ

ਨਵੀਂ ਦਿੱਲੀ 10 ਮਈ। ਲੋਕ ਸਭਾ ਚੋਣਾਂ 2024 ਦੇ ਤਹਿਤ ਤਿੰਨ ਪੜਾਵਾਂ ਦੀਆਂ ਚੋਣਾਂ ਪੂਰੀਆਂ ਹੋ ਚੁੱਕੀਆਂ ਹਨ। ਉਥੇ ਆਉਣ ਵਾਲੇ 4 ਪੜਾਵਾਂ ਦੀ ਵੋਟਿੰਗ ਲਈ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ਚੋਣ ਪ੍ਰਚਾਰ ਵਿਚ ਲੱਗੇ ਹੋਏ ਹਨ। ਹਾਲਾਂਕਿ ਦੂਜੇ ਪਾਸੇ ਨੇਤਾਵਾਂ ਵੱਲੋਂ ਇਕ ਦੂਜੇ 'ਤੇ ਅਪਮਾਨ ਕਰਨ ਦੇ ਚੱਕਰ ਵਿਚ ਹੱਦਾਂ ਵੀ ਟੱਪੀਆਂ ਜਾ ਰਹੀਆਂ ਹਨ। ਹੁਣ ਸ਼ਿਵ ਸੈਨਾ ਯੂ. ਬੀ. ਟੀ. ਦੀ ਸੰਸਦ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਵੀ ਬਹੁਤ ਵਿਵਾਦਪੂਰਨ ਟਿੱਪਣੀ ਕੀਤੀ ਹੈ। ਉਨ੍ਹਾਂ ਨੇ ਮਹਾਰਾਸ਼ਟਰ ਦੇ ਸੀ. ਐੱਮ. ਏਕਨਾਥ ਸ਼ਿੰਦੇ ਦੇ ਬੇਟੇ ਅਤੇ ਲੋਕ ਸਭਾ ਸੰਸਦ ਮੈਂਬਰ ਸ਼੍ਰੀਕਾਂਤ ਸ਼ਿੰਦੇ ਨੂੰ ਲੈ ਕੇ ਅਪਮਾਨਜਨਕ ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਕਿ ਸ੍ਰੀਕਾਂਤ ਸਿ਼ੰਦੇ ਦੇ ਮੱਥੇ 'ਤੇ ਲਿਖਿਆ ਹੈ 'ਮੇਰਾ ਪਿਓ ਗੱਦਾਰ ਹੈ'। ਪ੍ਰਿਅੰਕਾ ਚਤੁਰਵੇਦੀ ਉੱਤਰੀ ਮੁੰਬਈ ਤੋਂ ਸਿ਼ਵ ਸੈਨਾ (ਯੂ. ਬੀ. ਟੀ.) ਉਮੀਦਵਾਰ ਸੰਜੇ ਦੀਨਾ ਪਾਟਿਲ ਦੀ ਹਮਾਇਤ 'ਚ ਇਕ ਜਨ ਸਭਾ ਨੂੰ ਸੰਬੋਧਨ ਕਰ ਰਹੀ ਸੀ। ਪ੍ਰਿਅੰਕਾ ਚਤੁਰਵੇਦੀ ਨੇ ਆਪਣੇ ਭਾਸਣ ਵਿਚ ਏਕਨਾਥ ਸਿ਼ੰਦੇ ਅਤੇ ਸ੍ਰੀਕਾਂਤ ਸਿ਼ੰਦੇ 'ਤੇ ਤਿੱਖਾ ਨਿਸਾਨਾ ਵਿੰਨ੍ਹਿਆ ਅਤੇ ਉਨ੍ਹਾਂ ਨੂੰ ਗੱਦਾਰ ਕਿਹਾ। ਪ੍ਰਿਅੰਕਾ ਨੇ ਕਿਹਾ ਕਿ ਗੱਦਾਰ, ਗੱਦਾਰ ਹੀ ਰਹੇਗਾ। ਇਕ ਫਿਲਮ 'ਦੀਵਾਰ' ਜਿਸ 'ਚ ਅਮਿਤਾਭ ਬੱਚਨ ਆਪਣਾ ਹੱਥ ਦਿਖਾਉਂਦੇ ਹਨ, ਉਨ੍ਹਾਂ ਦੇ ਹੱਥ 'ਤੇ ਲਿਖਿਆ ਸੀ-ਮੇਰਾ ਪਿਤਾ ਚੋਰ ਹੈ। ਇਹ ਉਨ੍ਹਾਂ ਦੇ ਮੱਥੇ ਉੱਤੇ ਲਿਖਿਆ ਹੋਇਆ ਹੈ। ਸ੍ਰੀਕਾਂਤ ਸਿ਼ੰਦੇ ਦੇ ਮੱਥੇ 'ਤੇ ਲਿਖਿਆ ਹੈ ਕਿ ਮੇਰਾ ਪਿਓ ਗੱਦਾਰ ਹੈ। ਦੂਜੇ ਪਾਸੇ ਸਿ਼ਵ ਸੈਨਾ (ਯੂ. ਬੀ. ਟੀ.) ਦੇ ਨੇਤਾ ਅਤੇ ਮਹਾਰਾਸਟਰ ਸਰਕਾਰ ਦੇ ਸਾਬਕਾ ਮੰਤਰੀ ਆਦਿਤਿਆ ਠਾਕਰੇ ਨੇ ਕਿਹਾ ਹੈ ਕਿ ਉਹ ਭਾਜਪਾ ਦੇ ਕਰੀਬ ਹਨ ਅਤੇ ਇਸੇ ਲਈ ਉਹ ਹਿੰਦੂ-ਮੁਸਲਿਮ ਕਰ ਰਹੇ ਹਨ।

## ਮਹਾਰਾਸ਼ਟਰ ਦੇ ਬਾਰਾਮਤੀ 'ਚ ਵੋਟਿੰਗ 'ਚ ਗਿਰਾਵਟ, ਲੋਕਾਂ ਨੂੰ ਪਸੰਦ ਨਹੀਂ ਆਈ, ਨਨਾਣ-ਭਰਜਾਈ ਦੀ ਲੜਾਈ

ਏਜੰਸੀਆਂ

ਨੈਸ਼ਨਲ ਡੈਸਕ 10 ਮਈ। ਪਿਛਲੇ ਦੋ ਗੇੜਾਂ ਦੀ ਤਰ੍ਹਾਂ ਤੀਜੇ ਪੜਾਅ ਵਿਚ ਵੀ ਮਹਾਰਾਸਟਰ ਵਿਚ ਘੱਟ ਵੋਟਿੰਗ ਹੋਈ। ਪੂਰੇ ਦੇਸ ਦੀਆਂ ਨਜਰਾਂ ਬਾਰਾਮਤੀ ਲੋਕ ਸਭਾ ਸੀਟ 'ਤੇ ਟਿਕੀਆਂ ਹੋਈਆਂ ਸਨ। ਹਰ ਕੋਈ ਇਹ ਜਾਣਨ ਲਈ ਉਤਸੁਕ ਹੈ ਕਿ ਸਰਦ ਪਵਾਰ ਅਤੇ ਅਜੀਤ ਪਵਾਰ ਦੇ ਵੱਖ ਹੋਣ ਤੋਂ ਬਾਅਦ ਪਹਿਲੀ ਚੋਣ ਵਿਚ ਬਾਰਾਮਤੀ ਦੇ ਵੋਟਰਾਂ ਦਾ ਕੀ ਪ੍ਰਤੀਕਰਮ ਹੈ। 7 ਮਈ ਨੂੰ ਘੱਟ ਵੋਟਾਂ ਪਾ ਕੇ ਬਾਰਾਮਤੀ ਦੇ ਲੋਕਾਂ ਨੇ ਸੀਨੀਅਰ ਅਤੇ ਜੂਨੀਅਰ ਪਵਾਰ ਦੋਵਾਂ ਨੂੰ ਇਹ ਸੰਦੇਸ ਦਿੱਤਾ ਕਿ ਪਵਾਰ ਪਰਿਵਾਰ ਵਿਚ ਚੱਲ ਰਹੀ ਨਨਾਣ-ਭਰਜਾਈ ਦੀ ਲੜਾਈ ਉਨ੍ਹਾਂ ਨੂੰ ਪਸੰਦ ਨਹੀਂ ਹੈ। ਹਾਲਾਤ ਇਹ ਸਨ ਕਿ ਜਿ਼ਆਦਾਤਰ ਵੋਟਰ ਵੋਟ ਪਾਉਣ ਲਈ ਘਰਾਂ ਤੋਂ ਬਾਹਰ ਨਹੀਂ ਨਿਕਲੇ। ਚੋਣ ਕਮਿਸਨ ਮੁਤਾਬਕ ਬਾਰਾਮਤੀ 'ਚ ਵੋਟਿੰਗ ਘੱਟ ਹੋਈ ਹੈ। ਸਿਰਫ 47.84 ਫੀਸਦੀ ਵੋਟਿੰਗ ਦਰਜ ਕੀਤੀ ਗਈ। 2019 ਦੀਆਂ ਲੋਕ ਸਭਾ ਚੋਣਾਂ 'ਚ ਬਾਰਾਮਤੀ ਲੋਕ ਸਭਾ ਸੀਟ 'ਤੇ 64 ਫੀਸਦੀ ਵੋਟਿੰਗ ਹੋਈ ਸੀ। ਅਜਿਹੇ 'ਚ ਬਾਰਾਮਤੀ 'ਚ ਕਾਫੀ ਵੋਟਿੰਗ ਹੋਈ। ਵੋਟਿੰਗ ਦਾ ਅੰਕੜਾ 50 ਫੀਸਦੀ ਨੂੰ ਵੀ ਪਾਰ ਨਹੀਂ ਕਰ ਸਕਿਆ। ਇਕ ਮੀਡੀਆ ਰਿਪੋਰਟ ਮੁਤਾਬਕ ਬਾਰਾਮਤੀ ਸੀਟ ਲਈ ਚੋਣ ਪ੍ਰਚਾਰ ਦੌਰਾਨ ਇਲਜਾਮ ਅਤੇ ਜਵਾਬੀ ਇਲਜਾਮ ਬਹੁਤ ਹੇਠਲੇ ਪੱਧਰ 'ਤੇ ਪਹੁੰਚ ਗਏ ਸਨ। ਬਾਰਾਮਤੀ ਦੇ ਲੋਕਾਂ ਨੂੰ ਵੀ ਇਹ ਪਸੰਦ ਨਹੀਂ ਆਇਆ। ਇਸ ਦੇ ਨਾਲ ਹੀ ਭਾਵਨਾਤਮਕ ਅਪੀਲਾਂ, ਹੰਝੂਆਂ ਅਤੇ ਵਿਕਾਸ ਦੇ ਵਾਅਦੇ ਵੀ ਲੋਕਾਂ ਨੂੰ ਪੋਲਿੰਗ ਬੂਥ ਵੱਲ ਖਿੱਚਣ ਵਿਚ ਅਸਫਲ ਰਹੇ। ਜਦੋਂ ਸੁਨੇਤਰਾ ਬਾਰਾਮਤੀ ਤੋਂ ਉਮੀਦਵਾਰ ਬਣੀ ਤਾਂ ਸਰਦ ਪਵਾਰ ਨੇ ਉਸ ਨੂੰ ਬਾਹਰਲੀ ਦੱਸਿਆ, ਜਦਕਿ ਅਜੀਤ ਪਵਾਰ ਨੇ ਜਵਾਬੀ ਕਾਰਵਾਈ ਕਰਦਿਆਂ ਕਿਹਾ ਕਿ ਨੂੰਹ ਨੂੰ ਘਰ ਦੀ ਮਾਲਕਣ ਬਣਨ ਲਈ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ। ਜਦਕਿ ਸਰਦ ਪਵਾਰ ਗਰੁੱਪ ਦੇ ਰੋਹਿਤ ਪਵਾਰ ਨੇ ਆਪਣਾ ਭਾਸਣ ਦਿੰਦੇ ਹੋਏ ਹੰਝੂ ਵਹਾਏ। ਐਕਟਿੰਗ ਕਰਦੇ ਹੋਏ ਅਜੀਤ ਪਵਾਰ ਨੇ ਇਕ ਤਰ੍ਹਾਂ ਨਾਲ ਇਸ ਦਾ ਮਜਾਕ ਉਡਾਇਆ। ਐੱਨ. ਸੀ. ਪੀ. 'ਚ ਦੋ ਫਾੜ ਹੋਣ ਤੋਂ ਬਾਅਦ ਵਰਕਰਾਂ ਵਿਚ ਕੋਈ ਉਤਸਾਹ ਨਹੀਂ ਦਿਖਾਈ ਦਿੱਤਾ।





## ਮਨੋਜ ਸਿਨਹਾ ਜੰਮੂ-ਕਸ਼ਮੀਰ ਤੋਂ ਛੇਤੀ ਹੀ ਪਰਤ ਸਕਦੇ ਹਨ ਦਿੱਲੀ

ਨਵੀਂ ਦਿੱਲੀ 10 ਮਈ। ਇਹ ਲੱਗਭਗ ਸਪੱਸਟ ਹੈ ਕਿ ਜੰਮੂ-ਕਸਮੀਰ ਦੇ ਉਪ-ਰਾਜਪਾਲ ਮਨੋਜ ਸਿਨਹਾ ਉਮੀਦ ਤੋਂ ਪਹਿਲਾਂ ਹੀ ਦਿੱਲੀ ਵਾਪਸ ਆ ਜਾਣਗੇ। 2019 ਦੀਆਂ ਚੋਣਾਂ 'ਚ ਆਪਣੀ ਗਾਜੀਪੁਰ ਲੋਕ ਸਭਾ ਸੀਟ ਹਾਰਨ ਤੋਂ ਬਾਅਦ ਸਿਨਹਾ ਕੇਂਦਰੀ ਮੰਤਰੀ ਮੰਡਲ 'ਚ ਸਾਮਲ ਹੋਣ ਤੋਂ ਖੁੰਝ ਗਏ ਸਨ। ਇਸ ਦੀ ਬਜਾਏ ਉਨ੍ਹਾਂ ਨੂੰ ਜੰਮੂ-ਕਸਮੀਰ ਦਾ ਐੱਲ. ਜੀ. ਬਣਾ ਕੇ ਭੇਜਿਆ ਗਿਆ, ਜਿੱਥੇ ਉਨ੍ਹਾਂ ਨੇ ਸਾਂਤੀ ਬਹਾਲ ਕਰਨ ਲਈ ਇਕ ਬੇਹੱਦ ਸੰਵੇਦਨਸੀਲ ਸੂਬੇ ਨੂੰ ਸੰਭਾਲਣ ਦੀ ਆਪਣੀ ਯੋਗਤਾ ਦਿਖਾਈ। ਹਾਲਾਂਕਿ ਜੰਮੂ-ਕਸਮੀਰ 'ਚ ਕੋਈ ਵੀ ਪ੍ਰਯੋਗ ਸਫਲ ਨਹੀਂ ਹੋਇਆ ਸੀ, ਜਿਸ ਕਾਰਨ ਮੋਦੀ ਸਰਕਾਰ 2014 ਤੋਂ ਹੀ ਉੱਥੋਂ ਲਈ ਕਿਸੇ ਯੋਗ ਵਿਅਕਤੀ ਦੀ ਭਾਲ ਕਰ ਰਹੀ ਸੀ। ਅਖੀਰ, ਆਰਟੀਕਲ 370 ਨੂੰ ਖਤਮ ਕਰਨ ਤੋਂ ਬਾਅਦ ਨੌਕਰਸਾਹ ਜੀ. ਸੀ. ਮੁਰਮੂ ਨੂੰ 2019 'ਚ ਐੱਲ. ਜੀ. ਵਜੋਂ ਭੇਜਿਆ ਗਿਆ, ਜੋ ਕੰਮ ਕਰਨ 'ਚ ਅਸਫਲ ਰਹੇ ਅਤੇ 2020 'ਚ ਇਕ ਸਾਲ ਤੋਂ ਵੀ ਘੱਟ ਸਮੇਂ 'ਚ ਮਨੋਜ ਸਿਨਹਾ ਨੇ ਉਨ੍ਹਾਂ ਦੀ ਜਗ੍ਹਾ ਲੈ ਲਈ। ਕਿਹਾ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਛੇਤੀ ਹੀ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਕੋਸਿ਼ਸ ਕੀਤੀ ਜਾਵੇਗੀ। ਸਿਨਹਾ ਜਾਂ ਤਾਂ ਲੋਕ ਸਭਾ ਉਮੀਦਵਾਰ ਦੇ ਤੌਰ 'ਤੇ ਵਾਪਸੀ ਕਰ ਸਕਦੇ ਹਨ ਜਾਂ ਫਿਰ ਰਾਜ ਸਭਾ 'ਚ ਲਿਆਂਦੇ ਜਾ ਸਕਦੇ ਹਨ। ਇਸ ਦਾ ਕਾਰਨ ਇਹ ਹੈ ਕਿ 70 ਸਾਲਾ ਸਕੂਲ ਅਧਿਆਪਕ ਅਤੇ ਸਿਨਹਾ ਦੇ ਕੱਟੜ ਸਮਰਥਕ ਪਾਰਸ ਨਾਥ ਰਾਏ ਨੂੰ ਭਾਜਪਾ ਹਾਈਕਮਾਂਡ ਨੇ ਲੋਕ ਸਭਾ ਟਿਕਟ ਦਿੱਤੀ ਹੈ।



## ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਦਾਖਲ ਕਰਵਾਇਆ ਨਾਮਜਦਗੀ ਪੱਤਰ

ਗੁਰਦਾਸਪੁਰ 10 ਮਈ। ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਜਿ਼ਲਾ ਚੋਣ ਅਫਸਰ ਸ਼੍ਰੀ ਵਿਸੇਸ ਸਾਰੰਗਲ ਕੋਲ ਪੇਸ ਹੋ ਕੇ ਆਪਣੇ ਨਾਮਜਦਗੀ ਪੱਤਰ ਦਾਖਲ ਕੀਤੇ। ਇਸ ਮੌਕੇ ਬੇਸ਼ੱਕ ਉਹ ਵੱਡੀ ਗਿਣਤੀ ਵਿੱਚ ਆਪਣੇ ਪਾਰਟੀ ਵਰਕਰਾਂ ਸਮੇਤ ਜਿ਼ਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਪੁੱਜੇ, ਪਰ ਪੁਲਸ ਨੇ ਕੁਝ ਹੀ ਸੀਨੀਅਰ ਆਗੂਆਂ ਨੂੰ ਜਿ਼ਲਾ ਚੋਣ ਅਫਸਰ ਕੋਲ ਜਾਣ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ, ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਸੁਜਾਨਪੁਰ ਦੇ ਵਿਧਾਇਕ ਨਰੇਸ ਪੁਰੀ ਅਤੇ ਕੁਝ ਹੋਰ ਆਗੂ ਹਾਜਰ ਸਨ। ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਪ੍ਰਧਾਨ ਮੰਤਰੀ ਦੇ 400 ਨੂੰ ਪਾਰ ਕਰਨ ਦੇ ਟੀਚੇ ਨੂੰ ਸੁਪਨਾ ਦੱਸਿਆ।

## ਬੈਂਗਲੁਰੂ ਪੁਲਸ ਨੇ ਬੀਜੇਪੀ ਪ੍ਰਧਾਨ ਜੇਪੀ ਨੱਡਾ ਤੇ ਅਮਿਤ ਮਾਲਵੀਆ ਨੂੰ ਭੇਜਿਆ ਸੰਮਨ

ਨਵਦੀਪ ਸਿੰਘ ਸਾਹਨੀ

ਨੈਸ਼ਨਲ ਡੈਸਕ 10 ਮਈ। ਲੋਕ ਸਭਾ ਚੋਣਾਂ ਦੌਰਾਨ, ਬੈਂਗਲੁਰੂ ਪੁਲਸ ਨੇ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੁਖੀ ਜੇਪੀ ਨੱਡਾ ਅਤੇ ਭਾਜਪਾ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੂੰ ਪਾਰਟੀ ਦੀ ਕਰਨਾਟਕ ਰਾਜ ਇਕਾਈ ਦੁਆਰਾ ਇੰਸਟਾਗ੍ਰਾਮ 'ਤੇ ਪੋਸਟ ਕੀਤੀ ਇੱਕ ਵਿਵਾਦਪੂਰਨ ਵੀਡੀਓ ਨੂੰ ਲੈ ਕੇ ਨੋਟਿਸ ਜਾਰੀ ਕੀਤਾ ਹੈ। ਦੋਵਾਂ ਭਾਜਪਾ ਆਗੂਆਂ ਨੂੰ ਸੱਤ ਦਿਨਾਂ ਦੇ ਅੰਦਰ ਬੈਂਗਲੂਰੂ ਪੁਲਸ ਸਾਹਮਣੇ ਪੇਸ ਹੋਣ ਲਈ ਕਿਹਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਨੋਟਿਸ ਐਨੀਮੇਟਿਡ ਕਲਿੱਪ ਦੇ ਸਬੰਧ ਵਿੱਚ ਦੋਵਾਂ ਨੇਤਾਵਾਂ ਨੂੰ ਭੇਜਿਆ ਗਿਆ ਹੈ, ਜਿਸ ਲਈ ਐਤਵਾਰ ਨੂੰ ਬੈਂਗਲੂਰੂ ਦੇ ਹਾਈ ਗਰਾਊਂਡ ਪੁਲਸ ਸਟੇਸਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਇਸ ਕਲਿੱਪ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਵੱਲੋਂ ਦਲਿਤਾਂ, ਆਦਿਵਾਸੀਆਂ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੀ ਅਣਦੇਖੀ ਕਰਦੇ ਹੋਏ ਮੁਸਲਮਾਨਾਂ ਨੂੰ ਪੈਸੇ ਵੰਡਣ ਦਾ ਵਿਅੰਗਮਈ ਵਰਣਨ ਦਿਖਾਇਆ ਗਿਆ ਹੈ। ਕਾਂਗਰਸ ਨੇਤਾ ਰਮੇਸ ਬਾਬੂ ਨੇ ਨੱਡਾ, ਮਾਲਵੀਆ ਅਤੇ ਪਾਰਟੀ ਦੀ ਕਰਨਾਟਕ ਇਕਾਈ 'ਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 505 (2) (ਜਨਤਕ ਸਰਾਰਤ ਪੈਦਾ ਕਰਨ ਵਾਲਾ ਬਿਆਨ) ਅਤੇ ਲੋਕ ਪ੍ਰਤੀਨਿਧ ਕਾਨੂੰਨ ਦੀ ਧਾਰਾ 125 (ਸ੍ਰੇਣੀਆਂ ਵਿਚਕਾਰ ਦੁਸਮਣੀ ਨੂੰ ਵਧਾਵਾ) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਦੇ ਮੁਖੀ ਬੀਵਾਈ ਵਿਜਯੇਂਦਰ ਖਿਲਾਫ ਐਫਆਈਆਰ ਦਰਜ ਕੀਤੀ ਗਈ ਹੈ। ਮੰਗਲਵਾਰ ਨੂੰ ਕਰਨਾਟਕ 'ਚ ਪੋਲਿੰਗ ਖਤਮ ਹੋਣ ਤੋਂ ਦੋ ਘੰਟੇ ਪਹਿਲਾਂ ਚੋਣ ਕਮਿਸਨ ਨੇ ਐਕਸ ਨੂੰ ਵਿਵਾਦਿਤ ਵੀਡੀਓ ਹਟਾਉਣ ਦਾ ਨਿਰਦੇਸ ਦਿੱਤਾ ਸੀ। ਚੋਣ ਕਮਿਸਨ ਨੇ ਕਿਹਾ ਸੀ ਕਿ ਅਸੀਂ ਵੀਡੀਓ ਨੂੰ ਹਟਾਉਣ ਲਈ ਸੂਚਨਾ ਤਕਨਾਲੋਜੀ ਐਕਟ ਦੇ ਤਹਿਤ ਸਮਰੱਥ ਅਧਿਕਾਰੀ ਰਾਹੀਂ ਸੋਸਲ ਮੀਡੀਆ ਪਲੇਟਫਾਰਮ ਨੂੰ ਲਿਖਿਆ ਹੈ। ਅਸੀਂ ਦੇ ਜਵਾਬ ਦੀ ਉਡੀਕ ਕਰ ਰਹੇ ਹਾਂ। ਕਰਨਾਟਕ ਦੇ ਮੁੱਖ ਚੋਣ ਅਧਿਕਾਰੀ ਮਨੋਜ ਕੁਮਾਰ ਮੀਨਾ ਨੇ ਕਿਹਾ ਕਿ ਭਾਜਪਾ ਕਰਨਾਟਕ ਦੇ ਮੁਖੀ ਬੀਵਾਈ ਵਿਜਯੇਂਦਰ ਨਾਲ ਟਿੱਪਣੀ ਲਈ ਸੰਪਰਕ ਕੀਤਾ ਗਿਆ ਸੀ, ਹਾਲਾਂਕਿ, ਉਹ ਉਪਲਬਧ ਨਹੀਂ ਸਨ।





## ਭਿਆਨਕ ਗਰਮੀ ਕਾਰਨ 13 ਮਈ ਤੋਂ ਬਦਲਿਆ ਸਕੂਲਾਂ ਦਾ ਸਮਾਂ

ਊਨਾ 10 ਮਈ। ਜਿ਼ਲ੍ਹਾ ਪ੍ਰਸ਼ਾਸਨ ਨੇ ਭਿਆਨ ਗਰਮੀ ਦੇ ਮੱਦੇਨਜਰ 13 ਮਈ ਤੋਂ ਸਕੂਲਾਂ ਦੇ ਸਮੇਂ 'ਚ ਤਬਦੀਲੀ ਕੀਤੀ ਹੈ। ਇਸ ਸੰਬੰਧ 'ਚ ਇਕ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ। ਊਨਾ 'ਚ ਜਿ਼ਆਦਾਤਰ ਤਾਪਮਾਨ 39.4 ਡਿਗਰੀ ਸੈਲਸੀਅਸ ਪਹੁੰਚਣ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਿਹਤ ਨੂੰ ਧਿਆਨ 'ਚ ਰੱਖਦੇ ਹੋਏ ਜਿ਼ਲ੍ਹਾ ਅਧਿਕਾਰੀ ਜਤਿਨ ਲਾਲ ਨੇ ਆਦੇਸ਼ ਜਾਰੀ ਕੀਤਾ ਹੈ ਕਿ ਹਿਮਾਚਲ ਪ੍ਰਦੇਸ਼ ਦੇ ਊਨਾ 'ਚ ਸਾਰੇ ਸਰਕਾਰੀ ਅਤੇ ਨਿੱਜੀ ਸਕੂਲ 13 ਮਈ ਤੋਂ ਸਵੇਰੇ 8 ਵਜੇ ਤੋਂ ਦੁਪਹਿਰ ਇਕ ਵਜੇ ਤੱਕ ਖੁੱਲਣਗੇ। ਸਕੂਲ 'ਚ ਛੁੱਟੀ ਅਤੇ ਸਵੇਰੇ ਹੋਣ ਵਾਲੀ ਪ੍ਰਾਰਥਨਾ ਦੇ ਸਮੇਂ 'ਚ ਕਟੌਤੀ ਰਾਹੀਂ ਘਟਨਾਏ ਗਏ ਸਮੇਂ ਦੀ ਭਰਪਾਈ ਕੀਤੀ ਜਾਵੇਗੀ। ਨੋਟੀਫਿਕੇਸ਼ਨ ਅਨੁਸਾਰ ਇਹ ਆਦੇਸ਼ ਸਾਰੇ ਪ੍ਰਾਇਮਰੀ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ 'ਤੇ ਲਾਗੂ ਹੋਵੇਗਾ।

# ਕਨ੍ਹੱਈਆ ਕੁਮਾਰ ਹੀ ਨਹੀਂ ਸਗੋਂ ਜੇ. ਐੱਨ. ਯੂ. ਨੇ ਦੇਸ ਨੂੰ ਦਿੱਤੇ ਹਨ ਕਈ 'ਸਿਆਸੀ ਧਾਕੜ'

ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 10 ਮਈ। ਲੋਕ ਸਭਾ ਚੋਣਾਂ 'ਚ ਪੂਰਬੀ ਦਿੱਲੀ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ. ਐੱਨ. ਯੂ.) ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਦੀ ਚੋਣ ਮੁਹਿੰਮ ਪੂਰੇ ਦੇਸ 'ਚ ਸੁਰਖੀਆਂ ਵਿਚ ਹੈ। ਇਕ ਵਾਰ ਜਦੋਂ ਕਨ੍ਹੱਈਆ ਕੁਮਾਰ ਸਟੇਜ ਤੋਂ ਤੱਥਾਂ ਨਾਲ ਬੋਲਣਾ ਸੁਰੂ ਕਰ ਦਿੰਦੇ ਹਨ ਤਾਂ ਲੋਕ ਅਚਾਨਕ ਉਨ੍ਹਾਂ ਵੱਲ ਆਕਰਸਿ਼ਤ ਹੋਣ ਲੱਗਦੇ ਹਨ। ਇੱਥੇ ਤੁਹਾਨੂੰ ਦੱਸ ਦੇਈਏ ਕਿ ਕਨ੍ਹੱਈਆ ਦੇ ਨਾਲ ਵੀ ਜੇ. ਐੱਨ. ਯੂ. ਦੇ ਵਿਦਿਆਰਥੀਆਂ ਨੇ ਦੇਸ ਦੀ ਸਿਆਸਤ 'ਚ ਐਂਟਰੀ ਕੀਤੀ ਹੈ ਅਤੇ ਵੱਡੀਆਂ ਉਚਾਈਆਂ ਹਾਸਲ ਕੀਤੀਆਂ ਹਨ। ਇਹ ਵੀ ਪੜ੍ਹੋ- ਮੌਜੂਦਾ ਕੇਂਦਰ ਸਰਕਾਰ ਵਿਚ ਵਿਦੇਸ ਮੰਤਰੀ ਐੱਸ. ਜੈਸੰਕਰ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਦਿੱਲੀ ਦੀ ਇਸ ਵੱਕਾਰੀ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਹੈ। ਹਾਲਾਂਕਿ ਦੋਵਾਂ ਨੇ ਯੂਨੀਵਰਸਿਟੀ ਵਿਚ ਰਹਿੰਦਿਆਂ ਵਿਦਿਆਰਥੀ ਸਿਆਸਤ ਵਿਚ ਹਿੱਸਾ ਨਹੀਂ ਲਿਆ। ਜੈਸੰਕਰ ਨੇ ਜੈ. ਐੱਨ. ਯੂ. ਤੋਂ ਅੰਤਰਰਾਸਟਰੀ ਸਬੰਧਾਂ ਵਿਚ ਆਪਣੀ ਪੀ. ਐੱਚ. ਡੀ. ਕੀਤੀ, ਜਿੱਥੇ ਉਨ੍ਹਾਂ ਨੇ ਪ੍ਰਮਾਣੂ ਕੂਟਨੀਤੀ ਵਿਚ ਮੁਹਾਰਤ ਹਾਸਲ ਕੀਤੀ। ਦੂਜੇ ਪਾਸੇ ਨਿਰਮਲਾ ਸੀਤਾਰਮਨ ਜੇ. ਐੱਨ. ਯੂ. ਤੋਂ ਅਰਥ ਸਾਸਤਰ ਵਿਚ ਆਪਣੀ ਪੋਸਟ-ਗ੍ਰੈਜੂਏਸਨ ਅਤੇ ਐੱਮਫਿਲ ਦੀ ਡਿਗਰੀ ਪੂਰੀ ਕਰਨ ਲਈ 1984 'ਚ ਦਿੱਲੀ ਆਈ ਸੀ। ਸਾਲ 2015 'ਚ ਜੇ. ਐੱਨ. ਯੂ. ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਬਣੇ ਕਨ੍ਹੱਈਆ ਨੇ ਬਿਹਾਰ ਦੀ ਬੇਗੂਸਰਾਏ ਲੋਕ ਸਭਾ ਸੀਟ ਤੋਂ ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੇ ਉਮੀਦਵਾਰ ਵਜੋਂ 2019 ਦੀਆਂ ਲੋਕ ਸਭਾ ਚੋਣਾਂ ਲੜੀਆਂ ਹਨ। ਕਨ੍ਹੱਈਆ ਨੂੰ ਇਸ ਸੀਟ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਗਿਰੀਰਾਜ ਸਿੰਘ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਕਨ੍ਹੱਈਆ ਮੂਲ ਰੂਪ ਤੋਂ ਬੇਗੂਸਰਾਏ ਦਾ ਰਹਿਣ ਵਾਲਾ ਹੈ ਅਤੇ ਇਸ ਵਾਰ ਉਹ ਉੱਤਰ ਪੂਰਬੀ ਦਿੱਲੀ ਲੋਕ ਸਭਾ ਸੀਟ ਤੋਂ ਭਾਜਪਾ ਨੇਤਾ ਅਤੇ ਭੋਜਪੁਰੀ ਅਭਿਨੇਤਾ ਅਤੇ ਗਾਇਕ ਮਨੋਜ ਤਿਵਾਰੀ ਦੇ ਖਿਲਾਫ ਚੋਣ ਲੜ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਸਾਲ 1969 'ਚ ਸਥਾਪਿਤ ਜੇ. ਐੱਨ. ਯੂ. ਨੇ ਡੀ.ਪੀ. ਤ੍ਰਿਪਾਠੀ, ਪ੍ਰਕਾਸ ਕਰਾਤ, ਸੀਤਾਰਾਮ ਯੇਚੁਰੀ, ਚੰਦਰਸੇਖਰ ਪ੍ਰਸਾਦ, ਸਕੀਲ ਅਹਿਮਦ ਖਾਨ ਅਤੇ ਤਨਵੀਰ ਅਖਤਰ ਵਰਗੇ ਮਹਾਨ ਨੇਤਾ ਦੇਸ਼ ਨੂੰ ਦਿੱਤੇ ਹਨ। ਇਨ੍ਹਾਂ ਵਿਚੋਂ ਤਨਵੀਰ ਅਖਤਰ ਨੂੰ ਛੱਡ ਕੇ ਬਾਕੀ ਸਾਰੇ ਆਗੂਆਂ ਨੇ ਖੱਬੇਪੱਖੀ ਵਿਦਿਆਰਥੀ ਸੰਗਠਨਾਂ 'ਚ ਰਹਿੰਦੇ ਹੋਏ ਜੇ. ਐੱਨ. ਯੂ. ਵਿਦਿਆਰਥੀ ਯੂਨੀਅਨ ਦੀ ਅਗਵਾਈ ਕੀਤੀ ਸੀ। ਤਨਵੀਰ ਕਾਂਗਰਸ ਨਾਲ ਸਬੰਧਿਤ ਵਿਦਿਆਰਥੀ ਵਿੰਗ ਨੈਸਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐੱਨ. ਐੱਸ. ਯੂ. ਆਈ.) ਨਾਲ ਸਬੰਧਤ ਸੀ। ਜੇ. ਐੱਨ. ਯੂ. 'ਚ ਪਹਿਲੀ ਵਾਰ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ 1975-76 'ਚ ਹੋਈਆਂ ਸਨ। ਡੀ.ਪੀ. ਤ੍ਰਿਪਾਠੀ ਨੂੰ ਸਟੂਡੈਂਟਸ ਫੈੱਡਰੇਸਨ ਆਫ ਇੰਡੀਆ (ਐੱਸ. ਐੱਫ. ਆਈ.) ਦਾ ਪ੍ਰਧਾਨ ਚੁਣਿਆ ਗਿਆ। ਉਹ ਐਮਰਜੈਂਸੀ ਦੌਰਾਨ ਜੇਲ ਵੀ ਗਏ ਸਨ। ਉਹ ਰਾਜਨੀਤੀ ਦੀ ਸੁਰੂਆਤ 'ਚ ਸਾਬਕਾ ਪ੍ਰਧਾਨ ਮੰਤਰੀ ਚੰਦਰਸੇਖਰ ਨਾਲ ਜੁੜੇ ਹੋਏ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਰਾਜੀਵ ਗਾਂਧੀ ਅਤੇ ਪੀ.ਵੀ. ਨਰਸਿਮਹਾ ਰਾਓ ਨਾਲ ਵੀ ਕੰਮ ਕੀਤਾ। 1999 'ਚ ਉਹ ਕਾਂਗਰਸ ਛੱਡ ਕੇ ਸਰਦ ਪਵਾਰ ਦੀ ਰਾਸਟਰਵਾਦੀ ਕਾਂਗਰਸ ਪਾਰਟੀ ਵਿਚ ਸਾਮਲ ਹੋ ਗਏ। 2012 ਤੋਂ 2018 ਦਰਮਿਆਨ ਉਹ ਰਾਜ ਸਭਾ ਦੇ ਮੈਂਬਰ ਵੀ ਰਹੇ।







## ਹਿਮਾਚਲ ਕਾਂਗਰਸ ਦੇ 6 ਸਾਬਕਾ ਵਿਧਾਇਕਾਂ ਨੇ ਸੁਪਰੀਮ ਕੋਰਟ 'ਚ ਦਾਖਲ ਪਟੀਸ਼ਨ ਲਈ ਵਾਪਸ

ਨਵੀਂ ਦਿੱਲੀ 10 ਮਈ। ਹਿਮਾਚਲ ਪ੍ਰਦੇਸ ਕਾਂਗਰਸ ਦੇ 6 ਸਾਬਕਾ ਵਿਧਾਇਕਾਂ ਨੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਨੂੰ ਅਯੋਗ ਠਹਿਰਾਉਣ ਦੇ ਫੈਸਲੇ ਖਿ਼ਲਾਫ ਸੁਪਰੀਮ ਕੋਰਟ 'ਚ ਦਾਖਲ ਪਟੀਸਨ ਸੁੱਕਰਵਾਰ ਵਾਪਸ ਲੈ ਲਈ। ਸਾਬਕਾ ਵਿਧਾਇਕਾਂ ਵੱਲੋਂ ਪੇਸ ਹੋਏ ਸੀਨੀਅਰ ਵਕੀਲ ਅਭਿਨਵ ਮੁਖਰਜੀ ਨੇ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੂੰ ਕਿਹਾ ਕਿ ਉਹ ਪਟੀਸਨ ਵਾਪਸ ਲੈਣਾ ਚਾਹੁੰਦੇ ਹਨ। ਉਨ੍ਹਾਂ ਨੂੰ ਪਟੀਸਨ ਵਾਪਸ ਲੈਣ ਦੀ ਇਜਾਜਤ ਦਿੰਦੇ ਹੋਏ ਬੈਂਚ ਨੇ ਕਿਹਾ,"ਅਸੀਂ ਜਾਣਦੇ ਸੀ ਕਿ ਚੋਣਾਂ ਕਾਰਨ ਅਜਿਹਾ ਹੋਵੇਗਾ।" 6 ਸਾਬਕਾ ਵਿਧਾਇਕ ਹੁਣ ਭਾਜਪਾ ਦੇ ਉਮੀਦਵਾਰ ਵਜੋਂ ਵਿਧਾਨ ਸਭਾ ਦੀ ਜਿ਼ਮਨੀ ਚੋਣ ਲੜ ਰਹੇ ਹਨ। ਉਨ੍ਹਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਕਾਰਨ ਇਹ ਜਿ਼ਮਨੀ ਚੋਣਾਂ ਹੋ ਰਹੀਆਂ ਹਨ। ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ 'ਚ ਹਾਲ ਹੀ 'ਚ ਹੋਈਆਂ ਰਾਜ ਸਭਾ ਚੋਣਾਂ 'ਚ 'ਕਰਾਸ ਵੋਟਿੰਗ' ਲਈ 6 ਬਾਗੀ ਕਾਂਗਰਸੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਵਾਲੇ ਵਿਧਾਨ ਸਭਾ ਸਪੀਕਰ ਦੇ ਹੁਕਮ 'ਤੇ ਰੋਕ ਲਾਉਣ ਤੋਂ 18 ਮਾਰਚ ਨੂੰ ਇਨਕਾਰ ਕਰ ਦਿੱਤਾ। 6 ਅੰਸਤੁਸ਼ਟ ਵਿਧਾਇਕਾਂ- ਸੁਧੀਰ ਸ਼ਰਮਾ, ਰਵੀ ਠਾਕੁਰ, ਰਾਜੇਂਦਰ ਰਾਣਾ, ਇੰਦਰ ਦੱਤ ਲਖਨਪਾਲ, ਚੈਤਨਯ ਸ਼ਰਮਾ ਅਤੇ ਦੇਵੇਂਦਰ ਕੁਮਾਰ ਭੁੱਟੋ ਨੂੰ ਸਦਨ 'ਚ ਮੌਜੂਦ ਰਹਿਣ ਅਤੇ ਕਟੌਤੀ ਪ੍ਰਸਤਾਵ ਤੇ ਬਜਟ ਦੌਰਾਨ ਹਿਮਾਚਲ ਪ੍ਰਦੇਸ਼ ਸਰਕਾਰ ਦੇ ਪੱਖ 'ਚ ਵੋਟ ਕਰਨ ਲਈ ਕਾਂਗਰਸ ਦੇ ਵਹਿਪ ਦੀ ਉਲੰਘਣਾ ਕਰਨ 'ਤੇ 29 ਫਰਵਰੀ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਸੂਬੇ ਦੀਆਂ 6 ਵਿਧਾਨ ਸਭਾ ਸੀਟਾਂ ਲਈ ਜਿ਼ਮਨੀ ਚੋਣ ਅਤੇ ਚਾਰ ਲੋਕ ਸਭਾ ਸੀਟਾਂ ਲਈ ਵੋਟਿੰਗ ਇਕ ਜੂਨ ਨੂੰ ਹੋਣੀ ਹੈ।



# ਪੰਜਾਬ ’ਚ ਹਥਿਆਰ ਰੱਖਣ ਦੇ ਸ਼ੌਕੀਨਾਂ ਲਈ ਜਰੂਰੀ ਖਬਰ, ਹਾਈਕੋਰਟ ਨੇ ਕੀਤੀ ਸਖਤੀ

ਚੰਡੀਗੜ੍ਹ 10 ਮਈ। ਪੰਜਾਬ ’ਚ ਵਿਆਹਾਂ ਜਾਂ ਹੋਰ ਸਮਾਗਮਾਂ ’ਚ ਗੋਲੀਬਾਰੀ ਜਾਂ ਹਥਿਆਰਾਂ ਦੀ ਪ੍ਰਦਰਸ਼ਨੀ ਦਾ ਮਾਮਲਾ ਫਿਰ ਤੋਂ ਹਾਈਕੋਰਟ ’ਚ ਸੁਣਵਾਈ ਲਈ ਆਇਆ ਤਾਂ ਜਸਟਿਸ ਹਰਕੇਸ਼ ਮਨੂਜਾ ਨੇ ਪੰਜਾਬ ਸਰਕਾਰ ਨੂੰ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ ਹਥਿਆਰਾਂ ਦੀ ਵਡਿਆਈ ਕਰਨ ਵਾਲੇ ਵਿਅਕਤੀਆਂ ਖ਼ਿਲਾਫ ਦਰਜ ਹੋਈ ਐੱਫ਼. ਆਈ. ਆਰ. ਤੋਂ ਬਾਅਦ ਅਤੇ ਚਾਰਜਸ਼ੀਟ ਵਿਚ ਨਾਮਜ਼ਦ ਵਿਅਕਤੀਆਂ ਦੇ ਅਸਲਾ ਲਾਇਸੈਂਸ ਰੱਦ ਕਰਨ ਲਈ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਦਾਲਤ ਨੇ ਸਮਾਗਮ ’ਚ ਹਥਿਆਰਾਂ ਦੀ ਪ੍ਰਦਰਸ਼ਨੀ ਅਤੇ ਸੋਸ਼ਲ ਮੀਡੀਆ ’ਤੇ ਪ੍ਰਦਰਸ਼ਨ ਕਰਨ ਵਾਲਿਆਂ ਖ਼ਿਲਾਫ 5 ਸਾਲ ਦੀ ਕਾਰਵਾਈ ਦਾ ਵੇਰਵਾ ਹਲਫਨਾਮੇ ਰਾਹੀਂ ਅਦਾਲਤ ’ਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਮਨੂਜਾ ਨੇ ਪੁੱਛਿਆ ਹੈ ਕਿ ਪਿਛਲੇ 5 ਸਾਲਾਂ ਵਿੱਚ ਸੋਸ਼ਲ ਮੀਡੀਆ ਜਿਵੇਂ ਵਟਸਐਪ, ਫੇਸਬੁੱਕ ਅਤੇ ਇੰਸਟਾਗ੍ਰਾਮ ’ਤੇ ਹਥਿਆਰਾਂ ਦੀ ਵਡਿਆਈ ਕਰਦੇ ਆਪਣੀਆਂ ਤਸਵੀਰਾਂ ਅਪਲੋਡ ਕਰਨ ਵਾਲੇ ਵਿਅਕਤੀਆਂ ਖ਼ਿਲਾਫ ਕਿੰਨੀਆਂ ਐੱਫ. ਆਈ. ਆਰ. ਦਰਜ ਕੀਤੀਆਂ ਗਈਆਂ ਹਨ। ਅਦਾਲਤ ਵਿਚ ਪੇਸ਼ ਹੋਏ ਸਰਕਾਰੀ ਵਕੀਲ ਨੇ ਸਬੰਧਿਤ ਅਥਾਰਟੀ ਵੱਲੋਂ ਅਸਲਾ ਲਾਇਸੈਂਸਾਂ ’ਤੇ ਮੁੜ ਵਿਚਾਰ ਕਰਨ ਅਤੇ



ਸਬੰਧਿਤ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਸਪੱਸ਼ਟੀਕਰਨ ਦੇਣ ਲਈ ਵਾਧੂ ਸਮੇਂ ਦੀ ਮੰਗ ਕੀਤੀ, ਜਿਸ ’ਤੇ ਅਦਾਲਤ ਨੇ ਕਿਹਾ ਕਿ ਇਹ 1 ਅਕਤੂਬਰ 2019 ਤੋਂ 31 ਦਸੰਬਰ 2023 ਤੱਕ 34,768 ਹਥਿਆਰਾਂ ਦੇ ਲਾਇਸੈਂਸ ਜਾਰੀ ਕੀਤੇ ਗਏ ਹਨ। ਜਸਟਿਸ ਮਨੂਜਾ ਨੇ ਪਹਿਲਾਂ ਹੀ ਰਾਜ ਨੂੰ ਇੱਕ ਹਲਫ਼ਨਾਮੇ ਵਿਚ ਇਹ ਦੱਸਣ ਲਈ ਕਿਹਾ ਸੀ ਕਿ ਕੀ ਇਸ ਸਮੇਂ ਦੌਰਾਨ ਜਾਰੀ ਕੀਤੇ ਗਏ ਲਾਇਸੈਂਸਾਂ ਦੀ ਸਬੰਧਿਤ ਅਥਾਰਟੀ ਵਲੋਂ ਸਮੀਖਿਆ ਕੀਤੀ ਗਈ ਹੈ। ਸੂਬੇ ਦੇ ਪੁਲਸ ਡਾਇਰੈਕਟਰ ਜਨਰਲ ਨੂੰ ਵੀ ਰੱਦ ਕਰਨ ਲਈ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਦਾਲਤ ਨੇ ਸਮਾਗਮ ’ਚ ਹਥਿਆਰਾਂ ਦੀ ਪ੍ਰਦਰਸ਼ਨੀ ਅਤੇ ਸੋਸ਼ਲ ਮੀਡੀਆ ’ਤੇ ਪ੍ਰਦਰਸ਼ਨ ਕਰਨ ਵਾਲਿਆਂ ਖ਼ਿਲਾਫ 5 ਸਾਲ ਦੀ ਕਾਰਵਾਈ ਦਾ ਵੇਰਵਾ ਹਲਫਨਾਮੇ ਰਾਹੀਂ ਅਦਾਲਤ ’ਚ ਪੇਸ਼ ਕਰਨ ਦੇ ਹੁਕਮ ਪ੍ਰੋਟੋਕਾਲ ਦੀ ਮੌਜੂਦਗੀ ’ਤੇ ਆਪਣਾ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਗਿਆ ਹੈ। ਰਾਜ ਵਿਚ ‘ਆਰਮਜ਼ ਲਾਇਸੈਂਸ’ ਦੇਣ ਲਈ ਆਰਮਜ਼ ਐਕਟ 1959 ਤਹਿਤ ਦਿਸ਼ਾ-ਨਿਰਦੇਸ਼ ਜਾਂ ਮਾਪਦੰਡ ਪੂਰੇ ਕੀਤੇ ਗਏ ਹਨ ਪਰ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ, ਜਿਸ ’ਤੇ ਅਦਾਲਤ ਨੇ ਪੰਜਾਬ ਦੇ ਡੀ. ਜੀ. ਪੀ. ਨੂੰ ਹਰ ਜ਼ਿਲ੍ਹੇ ਵਿਚ ਕੀਤੇ ਗਏ ਅਚਨਚੇਤ ਦੌਰੇ ਦੀ ਗਿਣਤੀ ਅਤੇ ਨਵੰਬਰ 2022 ਤੋਂ ਜਨਤਕ ਤੌਰ ’ਤੇ ਹਥਿਆਰਾਂ ਦੀ ਪ੍ਰਦਰਸ਼ਨੀ ਨੂੰ ਰੋਕਣ ਲਈ ਕੀਤੀ ਗਈ ਕਾਰਵਾਈ ਦਾ ਵੇਰਵਾ ਅਦਾਲਤ ਸਾਹਮਣੇ ਪੇਸ਼ ਕਰਨ ਦਾ ਵੀ ਹੁਕਮ ਦਿੱਤਾ ਗਿਆ ਹੈ। ਅਦਾਲਤ ਨੂੰ ਇਹ ਯਕੀਨੀ ਬਣਾਉਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਵਿਆਖਿਆ ਕਰਨ ਲਈ ਕਿਹਾ ਗਿਆ ਸੀ ਕਿ ‘ਆਰਮਜ਼ ਐਕਟ, 1959 ਦੀ ਧਾਰਾ 13 (2) ਦੇ ਤਹਿਤ ਲੋੜੀਂਦੇ ਨਜ਼ਦੀਕੀ ਪੁਲਸ ਸਟੇਸ਼ਨ ਦੇ ਇੰਚਾਰਜ ਦੀ ਰਿਪੋਰਟ ਨਾਲ ਛੇੜਛਾੜ ਨਹੀਂ ਕੀਤੀ ਜਾ ਰਹੀ ਹੈ।’ ਅਦਾਲਤ ਨੇ ਕਿਹਾ ਕਿ ਅਦਾਲਤ ਨੂੰ ਸੂਚਿਤ ਕੀਤਾ ਗਿਆ ਸੀ ਕਿ ਪੰਜਾਬ ਸਰਕਾਰ ਨੇ 13 ਨਵੰਬਰ, 2022 ਨੂੰ ਜਨਤਕ ਥਾਵਾਂ ’ਤੇ ਅਤੇ ਸੋਸ਼ਲ ਮੀਡੀਆ ’ਤੇ ਹਥਿਆਰਾਂ ਦੀ ਵਰਤੋਂ ਅਤੇ ਪ੍ਰਦਰਸ਼ਨ ’ਤੇ ਪਾਬੰਦੀ ਲਗਾਉਣ ਦੇ ਹੁਕਮ/ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਮੀਡੀਆ ਵਿਚ ਵੀ ਇਸ ਦਾ ਕਾਫੀ ਪ੍ਰਚਾਰ ਕੀਤਾ ਗਿਆ। ਇਸ ਤਹਿਤ ਅਧਿਕਾਰੀਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਆਉਂਦੇ ਖੇਤਰਾਂ ਵਿਚ ਵਿਸ਼ੇਸ਼ ਅਤੇ ਅਚਨਚੇਤ ਨਿਰੀਖਣ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਬਾਵਜੂਦ ਜ਼ਮੀਨੀ ਪੱਧਰ ’ਤੇ ਕੋਈ ਬਦਲਾਅ ਨਜ਼ਰ ਨਹੀਂ ਆ ਰਿਹਾ ਅਤੇ ਇੱਕ ਪਾਸੇ ਵਿਆਹਾਂ ਅਤੇ ਜਨਤਕ ਸਮਾਗਮਾਂ ਵਿਚ ਹਥਿਆਰਾਂ ਦੀ ਵਰਤੋਂ ਵੱਡੇ ਪੱਧਰ ’ਤੇ ਹੋ ਰਹੀ ਹੈ। ਦੂਜੇ ਪਾਸੇ ਅਪਰਾਧ ਕਰਨ ਲਈ ਲਾਇਸੈਂਸੀ ਹਥਿਆਰਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।

## ਪੰਜਾਬ ’ਚ ਹਥਿਆਰਾਂ ਦੀ ਤਸਕਰੀ ਦਾ ਪਰਦਾਫਾਸ਼, 6 ਪਿਸਤੌਲਾਂ ਤੇ 7 ਮੈਗਜੀਨਾਂ ਸਮੇਤ 2 ਤਸਕਰ ਗ੍ਰਿਫਤਾਰ

ਜਲੰਧਰ 10 ਮਈ। ਪੰਜਾਬ ਪੁਲਸ ਵੱਲੋਂ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਹੈ। ਦਰਅਸਲ ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਖੁਫੀਆ ਜਾਣਕਾਰੀ ‘ਤੇ ਆਧਾਰਿਤ ਤੇਜੀ ਨਾਲ ਕਾਰਵਾਈ ਕਰਦੇ ਹੋਏ 2 ਤਸਕਰਾਂ ਨੂੰ 6 ਗੈਰ ਕਾਨੂੰਨੀ ਪਿਸਤੌਲਾਂ ਅਤੇ 7 ਮੈਗਜੀਨਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਦੀ ਜਾਣਕਾਰੀ ਡੀ. ਜੀ. ਪੀ. ਗੌਰਵ ਯਾਦਵ ਵੱਲੋਂ ਟਵਿੱਟਰ ਜਰੀਏ ਦਿੱਤੀ ਗਈ ਹੈ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਰੈਕੇਟ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਕੰਮ ਕਰ ਰਿਹਾ ਸੀ ਅਤੇ ਪਿਛਲੇ 6 ਮਹੀਨਿਆਂ ਵਿੱਚ ਇਸ ਰੈਕੇਟ ਨੇ ਹਥਿਆਰਾਂ ਦੀਆਂ 4 ਵੱਡੀਆਂ ਖੇਪਾਂ ਖਰੀਦੀਆਂ ਸਨ। ਗੈਂਗਸਟਰਾਂ ਨੂੰ ਹਥਿਆਰਾਂ ਦੀ ਸਪਲਾਈ ਕਰਨ ਲਈ ਨਾਮਜਦ ਕੀਤੇ ਗਏ ਦੋ ਅਹਿਮ ਮਾਡਿਊਲ ਮੈਂਬਰਾਂ ਦੀ ਗ੍ਰਿਫਤਾਰੀ ਹੋਣੀ ਬਾਕੀ ਹੈ। ਅਸਲਾ ਐਕਟ ਤਹਿਤ ਐੱਫ. ਆਈ. ਆਰ. ਅੰਮ੍ਰਿਤਸਰ ਵਿਖੇ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬ ਪੁਲਸ ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਵਿਚ ਸ਼ਾਮਲ ਸਾਰੇ ਲੋਕਾਂ ਖ਼ਿਲਾਫ ਸਖਤ ਕਾਰਵਾਈ ਕਰੇਗੀ।

## ਤਿੰਨ ਸਾਲ ਪਹਿਲਾਂ ਪੂਰੇ ਹੋ ਚੁੱਕੇ ਮੁਲਾਜਮ ਨੂੰ ਭੇਜ ਦਿੱਤਾ ਗੈਰਹਾਜਰੀ ਦਾ ਨੋਟਿਸ

ਅੰਮ੍ਰਿਤਸਰ 10 ਮਈ। ਜ਼ਿਲ੍ਹਾ ਪ੍ਰਸਾਸਨ ਚੋਣਾਂ ਵਿਚ ਕਈ ਵਾਰ ਇਸ ਤਰ੍ਹਾਂ ਦੀਆਂ ਕੁਤਾਹੀਆਂ ਕਰ ਦਿੰਦਾ ਹੈ ਕਿ ਬਿਨ੍ਹਾਂ ਦੇਖੇ ਕੰਮ ਕੀਤਾ ਜਾਂਦਾ ਹੈ ਜੋ ਮਨ ਵਿਚ ਆਏ ਜਿਸ ਦੀ ਮਰਜੀ ਡਿਊਟੀ ਲਗਾ ਦਿੱਤੀ ਜਾਂਦੀ ਹੈ। ਹੁਣ ਇੱਕ ਮਾਮਲਾ ਅਜਿਹਾ ਸਾਹਮਣੇ ਆਇਆ ਹੈ ਕਿ ਇਕ ਨਗਰ ਨਿਗਮ ਦੇ ਮੁਲਾਜਮ ਦੀ ਸਾਲ 2021 ਵਿਚ ਤਿੰਨ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ ਪਰ ਜ਼ਿਲ੍ਹਾ ਪ੍ਰਸਾਸਨ ਨੇ ਮੈਟ੍ਰਿਕ ਮੁਲਾਜਮ ਕੁਲਬੀਰ ਸਿੰਘ ਜੋ ਕਿ ਨਿਗਮ ਵਿੱਚ ਟਿਊਬਵੈੱਲ ਅਪਰੇਟਰ ਵਜੋਂ ਕੰਮ ਕਰਦਾ ਸੀ, ਦੀ ਡਿਊਟੀ ਲੋਕ ਸਭਾ ਚੋਣਾਂ ਦੌਰਾਨ ਲਗਾ ਦਿੱਤੀ ਪਰ ਵੱਡੀ ਗੱਲ ਇਹ ਹੈ ਕਿ ਉਸ ਦੇ ਪਰਿਵਾਰਿਕ ਮੈਂਬਰਾਂ ਨੇ ਜ਼ਿਲ੍ਹਾ ਪ੍ਰਸਾਸਨ ਦੇ ਦਫਤਰ ਵਿੱਚ ਇਹ ਕਹਿ ਕੇ ਉਸ ਦੀ ਡਿਊਟੀ ਕੱਟ ਦਿੱਤੀ ਕਿ ਉਸ ਦੀ ਮੌਤ ਹੋ ਗਈ ਹੈ, ਡਿਊਟੀ ਕਿਵੇਂ ਲਗਾਈ ਗਈ, ਜਿਸ ਬਾਰੇ ਉਥੇ ਮੌਜੂਦ ਅਧਿਕਾਰੀਆਂ ਨੇ ਕਿਹਾ ਕਿ ਇਹ ਗਲਤੀ ਸੀ ਅਤੇ ਡਿਊਟੀ ਕੱਟ ਦਿੱਤੀ ਜਾਵੇਗੀ। ਜ਼ਿਲ੍ਹਾ ਚੋਣ ਅਫਸਰ ਵੱਲੋਂ ਉਕਤ ਮ੍ਰਿਤਕ ਮੁਲਾਜਮ ਦੇ ਨਾਂ ’ਤੇ ਧਾਰਾ 134 ਤਹਿਤ ਗੈਰਹਾਜਰ ਰਹਿਣ ਦਾ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਵਿਚ ਲਿਖਿਆ ਗਿਆ ਹੈ ਕਿ ਉਸ ਨੇ ਆਪਣੀ ਡਿਊਟੀ ਤੋਂ ਗੈਰਹਾਜਰੀ ਦਿਖਾਈ ਹੈ, ਜਿਸ ਦਾ ਜਵਾਬ ਮੰਗਿਆ ਗਿਆ ਹੈ, ਜਦਕਿ ਉਸ ਨੂੰ ਚੋਣਾਂ ਵਿਚ ਡਿਊਟੀ ਕਰਨ ਲਈ ਕਿਹਾ ਗਿਆ ਹੈ ਅਤੇ ਜੇਕਰ ਉਹ ਡਿਊਟੀ ਨਹੀਂ ਕਰਦਾ ਤਾਂ ਲਿਖਤੀ ਰੂਪ ਵਿਚ ਕਿਹਾ ਗਿਆ ਹੈ ਕਿ ਉਸ ਦੇ ਖਿਲਾਫ ਐੱਫ. ਆਈ. ਆਰ ਦਰਜ ਕੀਤੀ ਜਾਵੇਗੀ। ਇਸ ਪੱਤਰ ਨੂੰ ਲੈ ਕੇ ਉਸ ਦਾ ਮੁੰਡਾ ਨਿਗਮ ਦੇ ਚੋਣ ਸੈੱਲ ਵਿੱਚ ਅਧਿਕਾਰੀਆਂ ਨੂੰ ਦਿਖਾ ਰਿਹਾ ਸੀ ਕਿ ਡਿਊਟੀ ਤੋਂ ਕੱਟੇ ਜਾਣ ਦੇ ਬਾਵਜੂਦ ਅਜਿਹੇ ਪੱਤਰ ਆ ਰਹੇ ਹਨ। ਚੋਣਾਂ ਵਿਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਡਿਊਟੀ ਲਗਾਉਣ ਵਾਲੇ ਅਧਿਕਾਰੀ, ਕਰਮਚਾਰੀ ਵੀ ਬਿਨ੍ਹਾਂ ਦੇਖੇ ਡਿਊਟੀਆਂ ਲਗਾ ਰਹੇ ਹਨ ਅਤੇ ਲੋਕ ਪ੍ਰੇਸਾਨ ਹੋ ਰਹੇ ਹਨ। ਮ੍ਰਿਤਕ ਮੁਲਾਜਮ ਦੀ ਡਿਊਟੀ ਲਗਾਉਣਾ ਵੱਡੀ ਗੱਲ ਹੈ। ਪਰਿਵਾਰਿਕ ਮੈਂਬਰਾਂ ਨੇ ਡਿਊਟੀ ਨੂੰ ਕਟਵਾਉਣਾ ਫਿਰ ਤੋਂ ਨੋਟਿਸ ਜਾਰੀ ਕਰ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

## ਕੇਂਦਰੀ ਜੇਲ੍ਹ ਫਿਰ ਤੋਂ ਸੁਰਖੀਆਂ ’ਚ, 11 ਮੋਬਾਈਲ ਫੋਨ ਸਣੇ ਬਰਾਮਦ ਹੋਇਆ ਇਹ ਸਾਮਾਨ

ਤਰਨਤਾਰਨ 10 ਮਈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਆਏ ਦਿਨ ਮੋਬਾਈਲ ਫੋਨ ਨਸ਼ੀਲੇ ਪਦਾਰਥ ਅਤੇ ਹੋਰ ਸਮੱਗਰੀ ਬਰਾਮਦ ਹੋਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਲਈ ਗਈ ਤਲਾਸ਼ੀ ਦੌਰਾਨ 11 ਮੋਬਾਈਲ ਫੋਨ, 9 ਸਿਮ ਕਾਰਡ, 2 ਚਾਰਜਰ ਬਰਾਮਦ ਕੀਤੇ ਗਏ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਇਕ ਹਵਾਲਾਤੀ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਸੁਸ਼ੀਲ ਕੁਮਾਰ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਵਾਰਡ ਨੰਬਰ ਦੋ ਦੀ ਬੈਰਕ ਨੰਬਰ ਪੰਜ ’ਚੋਂ 11 ਮੋਬਾਈਲ ਫੋਨ, 9 ਸਿਮ ਕਾਰਡ, 2 ਚਾਰਜ਼ਰ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਰਣਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਜਤਿਨ ਸੇਠੀ ਪੁੱਤਰ ਸੰਦੀਪ ਸੇਠੀ ਵਾਸੀ ਰਾਮਾ ਮੰਡੀ ਜਲੰਧਰ ਖ਼ਿਲਾਫ ਪਰਚਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੁਲਸ ਨੇ ਸੁਲਝਾਈ 1 ਸਾਲ ਪਹਿਲਾਂ ਹੋਏ ਅੰਨ੍ਹੇ ਕਤਲ ਦੀ ਗੁੱਥੀ, ਜਮੀਨ ਪਿੱਛੇ ਸੁਪਾਰੀ ਦੇ ਕੇ ਕਰਵਾਇਆ ਗਿਆ ਸੀ ਕਤਲ

ਭਿੰਡੀ ਸੈਦਾ/ਅਜਨਾਲਾ 10 ਮਈ। ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐੱਸ.ਐੱਸ.ਪੀ. ਆਈ.ਪੀ.ਐੱਸ. ਸਤਿੰਦਰ ਸਿੰਘ ਦੀ ਨਿਗਰਾਨੀ ਹੇਠ ਥਾਣਾ ਭਿੰਡੀ ਸੈਦਾ ਦੀ ਪੁਲਸ ਨੇ ਕਰੀਬ ਇਕ ਸਾਲ ਪਹਿਲਾ ਹੋਏ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦੀਆਂ ਤਿੰਨ ਵਿਅਕਤੀਆਂ ਨੂੰ ਕਾਬੂ ਕਰਨ ‘ਚ ਸਫਲਤਾ ਹਾਸਿਲ ਕੀਤੀ ਹੈ। ਇਸ ਸਬੰਧੀ ਜਾਣਕਰੀ ਦਿੰਦਿਆਂ ਥਾਣਾ ਭਿੰਡੀ ਸੈਦਾ ਦੇ ਮੁੱਖ ਤਫਤੀਸੀ ਅਧਿਕਾਰੀ ਆਗਿਆਪਾਲ ਸਿੰਘ ਨੇ ਦੱਸਿਆ ਕਿ ਬੀਤੀ 11 ਮਈ 2023 ਨੂੰ ਪਿੰਡ ਚੱਕ ਕਮਾਲ ਖਾਂ ਵਿਖੇ ਸਵੇਰੇ ਤੜਕਸਾਰ ਸੈਰ ਕਰਨ ਕਰਦਿਆਂ ਸੁਖਵਿੰਦਰ ਸਿੰਘ ਉਮਰ ਕਰੀਬ 55 ਸਾਲ ਦਾ ਕੁਝ ਅਣਪਛਾਤੇ ਵਿਅਕਤੀਆਂ ਵੱਲੋ ਕਤਲ ਕਰ ਦਿੱਤਾ ਗਿਆ ਸੀ। ਇਸ



ਸਬੰਧੀ ਪੁਲਸ ਵੱਲੋ ਬੀਤੇ ਸਮੇ ਦੌਰਾਨ ਬਰੀਕੀ ਨਾਲ ਤਫ਼ਸੀਸ਼ ਕਰਦਿਆਂ ਫੋਨ ਕਾਲਾਂ ਟਰੇਸ ਕਰਨ ਤੋਂ ਬਾਅਦ ਬਲਵਿੰਦਰ ਸਿੰਘ ਬਿੰਦੀ ਵਾਸੀ ਚੱਕ ਕਮਾਲ ਖਾਂ, ਅਰਜੁਨ ਸਿੰਘ ਅਤੇ ਬਲਵਿੰਦਰ ਸਿੰਘ ਵਾਸੀ ਭਿੰਡੀ ਔਲਖ ਖੁਰਦ ਨੂੰ ਕਾਬੂ ਕਰ ਲਿਆ ਗਿਆ ਹੈ, ਜਿਨ੍ਹਾਂ ਪਾਸੋ ਸਖਤੀ ਨਾਲ ਪੁੱਛਗਿੱਛ ਕਰਨ ‘ਤੇ ਪਤਾ ਲੱਗਿਆ ਕਿ ਬਲਵਿੰਦਰ ਸਿੰਘ ਬਿੰਦੀ ਵਾਸੀ ਚੱਕ ਕਮਾਲ ਖਾਂ ਜਮੀਨ ਦੇ ਲੈਣ ਦੇਣ ਨੂੰ ਲੈ ਕੇ ਸੁਖਵਿੰਦਰ ਸਿੰਘ ਨਾਲ ਰੰਜਿਸ਼ ਰੱਖਦਾ ਸੀ। ਇਸੇ ਰੰਜਿਸ਼ ਤਹਿਤ ਬਲਵਿੰਦਰ ਸਿੰਘ ਬਿੰਦੀ ਨੇ ਅਰਜੁਨ ਸਿੰਘ ਤੇ ਬਲਵਿੰਦਰ ਸਿੰਘ ਵਾਸੀ ਭਿੰਡੀ ਔਲਖ ਖੁਰਦ ਨਾਲ ਮਿਲ ਕੇ ਸੁਖਵਿੰਦਰ ਸਿੰਘ ਦੇ ਕਤਲ ਦੀ ਯੋਜਨਾ ਬਣਾਈ ਅਤੇ ਅਰਜੁਨ ਸਿੰਘ ਤੇ ਬਲਵਿੰਦਰ ਸਿੰਘ ਨੂੰ ਆਪਣੇ ਕੋਲੋਂ ਇਕ ਲੱਖ ਰੁਪਏ ਸੁਪਾਰੀ ਦੇ ਕੇ ਸੁਖਵਿੰਦਰ ਸਿੰਘ ਦਾ ਕਤਲ ਕਰਵਾਇਆ। ਉਨ੍ਹਾਂ ਕਿਹਾ ਕਿ ਪੁਲਸ ਵੱਲੋ ਇਨ੍ਹਾਂ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਅਗਲੀ ਕਰਵਾਈ ਸ਼ੁਰੂ ਕਰ ਦਿਤੀ ਗਈ ਹੈ।

# ਸਾਹਕੋਟ ’ਚ ਵੇਅਰਹਾਊਸ ਤੇ ਮਾਰਕਫੈੱਡ ਦੇ ਗੋਦਾਮਾਂ ’ਚ ਸਰੇਆਮ ਚੱਲ ਰਿਹੈ ਕਣਕ ਚੋਰੀ ਦਾ ਧੰਦਾ

ਸਾਹਕੋਟ 10 ਮਈ। ਕਈ ਸਰਕਾਰਾਂ ਗਈਆਂ ਅਤੇ ਕਈ ਆਈਆਂ ਪਰ ਹਰ ਸਰਕਾਰ ਦੇ ਮੰਤਰੀਆਂ ਅਤੇ ਲੀਡਰਾਂ ਦੀ ਅਧਿਕਾਰੀਆਂ ਨਾਲ ਮਿਲੀਭੁਗਤ ਕਾਰਨ ਵੱਖ-ਵੱਖ ਮਹਿਕਮਿਆਂ ’ਚ ਫੈਲੇ ਭ੍ਰਿਸਟਾਚਾਰ ਨੂੰ ਰੋਕਣ ’ਚ ਸਫਲ ਨਹੀਂ ਹੋ ਸਕੀਆਂ ‘ਆਪ’ਵੱਲੋਂ ਬਦਲਾਅ ਦੀ ਗੱਲ ਕਰਦਿਆਂ ਲੋਕਾਂ ਨੂੰ ਭ੍ਰਿਸਟਾਚਾਰ ਮੁਕਤ ਸਾਸਨ ਦੇਣ ਦੇ ਵੱਡੇ-ਵੱਡੇ ਦਾਅਵੇ ਕਰਕੇ ਪੰਜਾਬ ’ਚੋਂ ਵਿਧਾਨ ਸਭਾ ਦੀਆਂ 92 ਸੀਟਾਂ ਜਿੱਤ ਕੇ ਸੱਤਾ ’ਚ ਆਈ ‘ਆਪ’ਸਰਕਾਰ ਵੱਲੋਂ ਕੀਤੇ ਦਾਅਵੇ ਇਲਾਕਾ ਸਾਹਕੋਟ ’ਚ ਵਫ਼ਾ ਹੁੰਦੇ ਨਜਰ ਨਹੀਂ ਆ ਰਹੇ। ਕਣਕ ਦੇ ਚੱਲ ਰਹੇ ਸੀਜਨ ਦੌਰਾਨ ਇਲਾਕਾ ਸਾਹਕੋਟ ’ਚ ਕਣਕ ਦੀ ਸਟੋਰੇਜ ਮੌਕੇ ਵੇਅਰਹਾਊਸ ਅਤੇ ਮਾਰਕਫੈੱਡ ਦੇ ਅਧਿਕਾ ਰੀਆਂ ਵੱਲੋਂ ਗੋਦਾਮਾਂ ’ਚ ਲੱਗ ਰਹੇ ਕਣਕ ਦੇ ਚੱਕਿਆਂ ’ਚੋਂ ਵੱਡੇ ਪੱਧਰ ’ਤੇ ਸਰੇਆਮ ਕਣਕ ਚੋਰੀ ਕੀਤੀ ਜਾ ਰਹੀ ਹੈ। ਇਸ ਸਬੰਧੀ ਮਿਲੀ ਜਾਣਕਾਰੀ ਦੇ ਆਧਾਰ ’ਤੇ ‘ਜਗ ਬਾਣੀ’ਵੱਲੋਂ ਜਦ ਇਨ੍ਹਾਂ ਵੱਖ-ਵੱਖ ਗੋਦਾਮਾਂ ਦਾ ਦੌਰਾ ਕੀਤਾ ਗਿਆ ਤਾਂ ਵੇਖਣ ’ਚ ਆਇਆ ਕੀ ਇਨ੍ਹਾਂ ਮਹਿਕਮਿਆਂ ਦੇ ਅਧਿਕਾਰੀਆਂ ਦੇ ਕਰਿੰਦੇ ਸਰੇਆਮ ਟਰੱਕਾਂ ’ਚੋਂ ਕਣਕ ਦੀ ਅਨਲੋਡਿੰਗ ਸਮੇਂ ਕਣਕ ਦੀਆਂ ਬੋਰੀਆਂ ’ਚ ਬੰਬੂ ਮਾਰ ਕੇ ਪ੍ਰਤੀ ਬੋਰੀ ਕਰੀਬ ਡੇਢ ਤੋਂ 2 ਕਿਲੋ ਕਣਕ ਚੋਰੀ ਕਰ ਰਹੇ ਸਨ, ਜਿਸ ਜਗ੍ਹਾ ’ਤੇ ਟਰੱਕ ਨੂੰ ਖੜ੍ਹਾ ਕਰ ਕੇ ਕਣਕ ਚੋਰੀ ਕੀਤੀ ਜਾਂਦੀ ਹੈ, ਪਹਿਲਾਂ ਟਰੱਕ ਦੇ ਥੱਲੇ ਤਰਪਾਲ ਵਿਛਾ ਦਿੱਤੀ ਜਾਂਦੀ ਹੈ ਤਾਂ ਕਿ ਟਰੱਕ ’ਚੋਂ ਕਿਰ ਰਹੀ ਕਣਕ ਤਰਪਾਲ ਉਪਰ ਡਿੱਗ ਜਾਵੇ, ਜੋਕਿ ਅਧਿਕਾਰੀਆਂ ਵੱਲੋਂ ਲਾਈ ਲੇਬਰ ਵੱਲੋਂ ਨਾਲ ਦੀ ਨਾਲ ਚੋਰੀ ਕੀਤੀ ਕਣਕ ਦੀਆਂ ਬੋਰੀਆਂ ਭਰ ਦਿੱਤੀਆਂ ਜਾਂਦੀਆਂ ਹਨ। ਮੌਕੇ ’ਤੇ ਮੌਜੂਦ ਕੁਝ ਵਿਅਕਤੀਆਂ ਦੇ ਦੱਸਣ ਮੁਤਾਬਕ ਇਹ ਸਿਲਸਿਲਾ ਪਿਛਲੇ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ ਤੇ ਇਨ੍ਹਾਂ ਅਧਿਕਾਰੀਆਂ ਵੱਲੋਂ ਇਕ ਨਹੀਂ ਹੈ। ਇਕ ਜਾਣਕਾਰ ਨੇ ਦੱਸਿਆ ਕਿ ਵੇਅਰਹਾਊਸ ਅਤੇ ਮਾਰਕਫੈੱਡ ਦੇ ਅਧਿਕਾਰੀਆਂ ਵੱਲੋਂ ਜੋ ਕਣਕ ਗੋਦਾਮਾਂ ’ਚੋਂ ਚੋਰੀ ਕੀਤੀ ਜਾਂਦੀ ਹੈ, ਉਹ ਕੁਝ ਚਹੇਤੇ



ਟਰੱਕ ’ਚੋਂ 8 ਤੋਂ 10 (4 ਤੋਂ 5 ਕੁਇੰਟਲ) ਦੇ ਕਰੀਬ ਬੋਰੀਆਂ ਕਣਕ ਚੋਰੀ ਕੀਤੀ ਜਾਂਦੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਦ ਮੰਡੀ ’ਚੋਂ ਕਣਕ ਦੀ ਲੋਡਿੰਗ ਹੁੰਦੀ ਹੈ ਤਾਂ ਟਰੱਕ ਹੇਠਾਂ ਕੋਈ ਤਰਪਾਲ ਨਹੀਂ ਵਿਛਾਈ ਜਾਂਦੀ। ਫਿਰ ਨਵੀਂ ਬੋਰੀ ’ਚੋਂ ਮੰਡੀ ਤੋਂ ਕਰੀਬ 5 ਕਿਲੋਮੀਟਰ ਦਾ ਸਫਰ ਤੈਅ ਕਰਨ ’ਤੇ ਬੋਰੀ ਇਨੀ ਕਿਵੇਂ ਨੁਕਸਾਨੀ ਜਾਂਦੀ ਹੈ ਕਿ ਉਸ ’ਚੋਂ ਕਣਕ ਕਿਰਨੀ ਸੁਰੂ ਹੋ ਜਾਂਦੀ ਹੈ, ਇਹ ਸੋਚਣ ਵਾਲੀ ਗੱਲ ਹੈ। ਵੇਅਰਹਾਊਸ ਤੇ ਮਾਰਕਫੈੱਡ ਦੇ ਅਧਿਕਾਰੀਆਂ ਵੱਲੋਂ ਹਰ ਸਾਲ ਕੀਤੀ ਜਾ ਰਹੀ ਕਣਕ ਦੀ ਚੋਰੀ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ, ਜੋ ਕਿ ਉੱਚ ਅਫਸਰਾਂ ਦੀ ਮਿਲੀ ਭੁਗਤ ਤੋਂ ਬਿਨਾਂ ਸੰਭਵ ਆੜ੍ਹਤੀਆਂ ਦੀ ਮਿਲੀਭੁਗਤ ਨਾਲ ਦੁਬਾਰਾ ਸਰਕਾਰ ਨੂੰ ਹੀ ਵੇਚ ਦਿੱਤੀ ਜਾਂਦੀ ਹੈ। ਇੱਥੇ ਇਹ ਵੀ ਵਰਨਣ ਯੋਗ ਹੈ ਕਿ ਮਾਰਕਫੈੱਡ ਦਾ ਗੋਦਾਮ ਸਾਹਕੋਟ ਮੰਡੀ ਤੋਂ ਕਰੀਬ 100 ਮੀਟਰ ਦੀ ਦੂਰੀ ’ਤੇ ਸਥਿਤ ਹੈ, ਇੱਥੇ ਤੱਕ ਆਉਂਦਿਆਂ ਵੀ ਬੋਰੀਆਂ ’ਚੋਂ ਕਣਕ ਕਿਰਨਾ ਵੱਡੇ ਸਵਾਲ ਪੈਦਾ ਕਰਦਾ ਹੈ, ਜੇਕਰ ਗੋਦਾਮਾਂ ’ਚ ਲੱਗੀਆਂ ਬੋਰੀਆਂ ਦਾ ਦੋਬਾਰਾ ਵਜਨ ਕੀਤਾ ਜਾਏ ਤਾਂ ਸਾਰੀ ਅਸਲੀਅਤ ਸਾਹਮਣੇ ਆਵੇਗੀ। ਉਨ੍ਹਾਂ ਦੱਸਿਆ ਕਿ ਜੇ ਇਸ ਸਕੈਂਡਲ ਦੀ ਜਾਂਚ ਸੀ. ਬੀ. ਆਈ. ਜਾਂ ਹਾਈ ਕੋਰਟ ਦੇ ਜੱਜ ਵੱਲੋਂ ਕੀਤੀ ਜਾਵੇ ਤਾਂ ਅਧਿਕਾਰੀਆਂ ਵੱਲੋਂ ਕੀਤੇ ਜਾਂਦੇ ਕਰੋੜਾਂ ਰੁਪਏ ਦੇ ਘਪਲੇ ਸਾਹਮਣੇ ਆਉਣਗੇ।

# ਗੱਤਕੇ ਨੂੰ ਉਤਸ਼ਾਹਿਤ ਕਰਨ ਲਈ ਹਰਜੀਤ ਗਰੇਵਾਲ ’ਸਿੱਖ ਅਚੀਵਰਜ਼ ਐਵਾਰਡ’ ਨਾਲ ਸਨਮਾਨਿਤ

ਚੰਡੀਗੜ੍ਹ/ਭਵਾਨੀਗੜ੍ਹ 10 ਮਈ। ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ ਸੰਯੁਕਤ ਡਾਇਰੈਕਟਰ ਵਜੋਂ ਤਾਇਨਾਤ ਸਮਰਪਿਤ ਸਿੱਖ ਅਧਿਕਾਰੀ ਹਰਜੀਤ ਸਿੰਘ ਗਰੇਵਾਲ ਨੂੰ ਬੀਤੇ ਦਿਨ ਮੁੰਬਈ ਸਥਿਤ ਸ਼੍ਰੀ ਸ਼ਨਮੁਖਾਨੰਦ ਚੰਦਰਸ਼ੇਖਰੇਂਦਰ ਸਰਸਵਤੀ ਆਡੀਟੋਰੀਅਮ ਵਿਖੇ ਆਯੋਜਿਤ ਇੱਕ ਵੱਕਾਰੀ ਸਮਾਗਮ ਦੌਰਾਨ ‘ਸਿੱਖ ਅਚੀਵਰਜ਼ ਐਵਾਰਡ’ ਨਾਲ ਨਿਵਾਜਿਆ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਦੁਬਈ ਵਿਖੇ ‘ਸੇਵਾ ਐਵਾਰਡ’ ਅਤੇ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ‘ਸਤਿ ਸ੍ਰੀ ਅਕਾਲ’ ਚੈਰੀਟੇਬਲ ਟਰੱਸਟ ਮੁੰਬਈ ਦੁਆਰਾ ਆਯੋਜਿਤ ਇਸ ਸਾਲਾਨਾ ਸਮਾਗਮ ਵਿੱਚ ਉਨ੍ਹਾਂ ਸੱਤ ਉੱਘੇ ਸਿੱਖਾਂ ਨੂੰ ਬਿਹਤਰੀਨ ਸਮਾਜਿਕ ਯੋਗਦਾਨ ਪਾਉਣ ਬਦਲੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਸਮਾਜ ਨੂੰ ਮਹੱਤਵਪੂਰਨ ਦੇਣ ਦਿੱਤੀ ਹੈ। ਸਨਮਾਨ ਪ੍ਰਾਪਤ ਕਰਨ ਉਪਰੰਤ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਗਰੇਵਾਲ ਨੇ ਪ੍ਰਬੰਧਕਾਂ ਅਤੇ ਟਰੱਸਟ ਦੇ ਚੇਅਰਮੈਨ ਪੂਰਨ ਸਿੰਘ ਬਾਂਗਾ ਦਾ ਧੰਨਵਾਦ ਕਰਦਿਆਂ ਕਿਹਾ ਇਹ ਸਨਮਾਨ ਉਨ੍ਹਾਂ ਨੂੰ ਵਧ-ਚੜ੍ਹ ਕੇ ਸਮਾਜ ਸੇਵਾ ਕਰਨ ਲਈ ਪ੍ਰਤੀਬੱਧਤਾ, ਜ਼ਿੰਮੇਵਾਰੀ ਵਿੱਚ ਹੋਰ ਵਾਧਾ ਕਰਨ ਅਤੇ ਗੱਤਕੇ ਪ੍ਰਤੀ ਭਵਿੱਖੀ ਯਤਨਾਂ ਨੂੰ ਹੋਰ ਅੱਗੇ ਵਧਾਉਣ ਲਈ ਪ੍ਰੇਰਿਤ ਕਰਦਾ ਰਹੇਗਾ। ਇਸ ਸਮਾਗਮ ਦੌਰਾਨ ਪ੍ਰਸਿੱਧ ਗਾਇਕ ਸ਼ਮਸ਼ੇਰ ਲਹਿਰੀ ਅਤੇ ਬੀਰੇਂਦਰ ਢਿੱਲੋਂ ਦੇ ਸੂਫੀ ਗੀਤਾਂ ਅਤੇ ਉੱਘੀ ਸਟੇਜ ਕਲਾਕਾਰ ਸਤਿੰਦਰ ਕੌਰ ਸੱਤੀ ਦੀ ਬਾਖੂਬੀ ਪੇਸ਼ਕਾਰੀ ਨੇ ਸਮਾਰੋਹ ਦੀ ਰੌਣਕ ਵਿੱਚ ਹੋਰ ਵਾਧਾ ਕੀਤਾ। ਜ਼ਿਕਰਯੋਗ ਹੈ ਕਿ ਗੱਤਕਾ ਪ੍ਰਮੋਟਰ ਹਰਜੀਤ ਸਿੰਘ ਗਰੇਵਾਲ ਇਸ ਵਿਰਾਸਤੀ ਸਿੱਖ ਮਾਰਸ਼ਲ ਆਰਟ ਤੇ ਸੱਭਿਆਚਾਰਕ ਵਿਰਾਸਤ ਨੂੰ ਪ੍ਰਫੁੱਲਤ ਕਰਨ ਅਤੇ ਸੰਭਾਲਣ ਪ੍ਰਤੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵਜੋਂ ਉਨ੍ਹਾਂ ਦੀ ਅਗਵਾਈ ਹੇਠ ਗੱਤਕਾ ਖੇਡ ਨੂੰ ਨੈਸ਼ਨਲ ਸਕੂਲ ਗੇਮਜ਼, ਆਲ ਇੰਡੀਆ ਇੰਟਰ-ਯੂਨੀਵਰਸਿਟੀ ਗੱਤਕਾ ਟੂਰਨਾਮੈਂਟ, ਖੇਲੋ ਇੰਡੀਆ ਯੂਥ ਗੇਮਜ਼ ਅਤੇ ਨੈਸ਼ਨਲ ਖੇਡਾਂ ਸਮੇਤ ਵੱਖ-ਵੱਖ ਖੇਡਾਂ ਵਿੱਚ ਇੱਕ ਮੁਕਾਬਲੇ ਵਾਲੀ ਖੇਡ ਵਜੋਂ ਮਾਨਤਾ ਦਿਵਾਈ ਗਈ ਹੈ। ਹਰਜੀਤ ਗਰੇਵਾਲ ਦੀਆਂ ਪਹਿਲਕਦਮੀਆਂ ਨੇ ਗੱਤਕੇ ਨੂੰ ਪੰਜਾਬ ਖੇਡ ਵਿਭਾਗ ਦੀ ਗ੍ਰੇਡੇਸ਼ਨ ਸੂਚੀ ਵਿੱਚ ਸ਼ਾਮਲ ਕਰਵਾਇਆ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਵਿੱਚ ਗੱਤਕੇ ਬਾਰੇ ਇੱਕ ਪਾਠ ਸ਼ਾਮਲ ਕਰਵਾਇਆ। ਭਵਿੱਖ ਬਾਰੇ ਗੱਲਬਾਤ ਕਰਦਿਆਂ ਪੰਜਾਬ ਰਾਜ ਪੁਰਸਕਾਰ ਜੇਤੂ ਗਰੇਵਾਲ ਗੱਤਕਾ ਖੇਡ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਦ੍ਰਿੜ ਹਨ ਅਤੇ ਗੱਤਕੇ ਨੂੰ ਪੜਾਅਵਾਰ ਏਸ਼ੀਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਬਾਅਦ ਵਿੱਚ ਓਲੰਪਿਕ ਖੇਡਾਂ ਵਿੱਚ ਸ਼ਾਮਲ ਕਰਾਉਣ ਦੀ ਯੋਜਨਾ ਹੈ।

## ਚੋਣ ਜਾਬਤੇ ਦੌਰਾਨ ਜਲੰਧਰ ‘ਚ ਚੱਲੀਆਂ ਸ਼ਰੇਆਮ ਗੋਲੀਆਂ

ਜਲੰਧਰ 10 ਮਈ। ਲੋਕ ਸਭਾ ਚੋਣਾਂ ਨੂੰ ਲੈ ਕੇ ਜਾਰੀ ਚੋਣ ਜਾਬਤੇ ਦਰਮਿਆਨ ਜਲੰਧਰ ‘ਚ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਬੀਤੀ ਦੇਰ ਰਾਤ ਇਕਹਰੀ ਪੁਲ ਨੇੜੇ ਦੇਰ ਰਾਤ ਗੋਲੀਆਂ ਚੱਲਣ ਦੀ ਖਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਕਾਰ ‘ਚ ਸਵਾਰ ਤਿੰਨ ਨੌਜਵਾਨਾਂ ਨੇ ਹਵਾ ‘ਚ ਗੋਲੀਆਂ ਚਲਾਈਆਂ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕਹਰੀ ਪੁਲੀ ਚੌਂਕ ‘ਤੇ ਦੋ ਧਿਰਾਂ ‘ਚ ਝਗੜਾ ਹੋ ਗਿਆ ਅਤੇ ਇਸ ਦੌਰਾਨ ਕਾਰ ਚਾਲਕ ਨੇ ਗੋਲੀਆਂ ਚਲਾ ਦਿੱਤੀਆਂ। ਪੁਲਸ ਨੇ ਮੌਕੇ ਤੋਂ ਕੋਈ ਖੋਲ ਬਰਾਮਦ ਨਹੀਂ ਕੀਤਾ ਹੈ। ਪੁਲਸ ਨੇ ਪੀੜਤਾ ਦੀ ਸ਼ਿਕਾਇਤ ‘ਤੇ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਸਬੰਧੀ ਪੀੜਤ ਧਿਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਇਸ ਦੌਰਾਨ ਦੂਜੀ ਧਿਰ ਨੇ ਗੋਲੀਆਂ ਚਲਾ ਦਿੱਤੀਆਂ ਅਤੇ ਉਨ੍ਹਾਂ ਨੇ ਆਪਣੀ ਕਾਰ ਭਜਾ ਕੇ ਆਪਣੀ ਜਾਨ ਬਚਾਈ।

# ਕੈਨੇਡਾ ‘ਚ ਮਾਰੇ ਗਏ ਨਿੱਝਰ ਦੇ ਕਾਤਲਾਂ ਦੇ ਜਲੰਧਰ ਤੇ ਕੋਟਕਪੂਰਾ ਨਾਲ ਸਬੰਧ

ਇੰਟਰਨੈਸ਼ਨਲ ਡੈਸਕ 10 ਮਈ। ਕੈਨੇਡਾ ਦੇ ਸਰੀ ‘ਚ 18 ਜੂਨ 2023 ਨੂੰ ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੋਈ ਹੱਤਿਆ ਦੇ ਮਾਮਲੇ ‘ਚ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਬਾਰੇ ਵੱਡਾ ਖੁਲਾਸਾ ਹੋਇਆ ਹੈ। ਖੁਲਾਸੇ ਮੁਤਾਬਕ ਦੋਸ਼ੀਆਂ ‘ਚੋਂ ਇਕ ਦੋਸੀ ਕਮਲਪ੍ਰੀਤ ਸਿੰਘ ਜਲੰਧਰ ਦੇ ਕਸਬਾ ਨਕੋਦਰ ਦੇ ਪਿੰਡ ਚੱਕ ਕਲਾਂ ਦਾ ਰਹਿਣ ਵਾਲਾ ਹੈ ਅਤੇ ਦੂਜਾ ਕਰਨ ਬਰਾੜ ਫਰੀਦਕੋਟ ਦੇ ਕਸਬਾ ਕੋਟਕਪੂਰਾ ਦਾ ਵਸਨੀਕ ਹੈ। ਕੈਨੇਡੀਅਨ ਪੁਲਸ ਵੱਲੋਂ ਜਾਰੀ ਕੀਤੇ ਗਏ ਮੁਲਜਮਾਂ ਬਾਰੇ ਜਾਣਕਾਰੀ ਵਿੱਚ ਸਪੱਸਟ ਕੀਤਾ ਗਿਆ ਹੈ ਕਿ ਗ੍ਰਿਫਤਾਰ ਕਰਨ ਬਰਾੜ ਕੋਟਕਪੂਰਾ ਦੇ ਚੌਕ ਕਾਜੀਆਂ ਦਾ ਰਹਿਣ ਵਾਲਾ ਹੈ। ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਕਰਨ ਅਪ੍ਰੈਲ 2020 ਵਿਚ ਸਟੱਡੀ ਵੀਜੇ ‘ਤੇ ਕੈਨੇਡਾ ਗਿਆ ਸੀ ਅਤੇ ਹੁਣ ਅਲਬਰਟਾ ਦੇ ਸ਼ਹਿਰ ਐਡਮਿੰਟਨ



ਵਿਚ ਰਹਿ ਰਿਹਾ ਸੀ। ਉਸ ਦੇ ਦਾਦਾ ਬਲਬੀਰ ਸਿੰਘ ਇੱਥੇ ਹਨ ਜਦੋਂਕਿ ਉਸ ਦੀ ਮਾਂ ਰਮਨ ਸਿੰਗਾਪੁਰ ਵਿੱਚ ਹੈ। ਪਿਤਾ ਮਨਦੀਪ ਸਿੰਘ ਦੀ 18 ਅਪ੍ਰੈਲ ਨੂੰ ਮੌਤ ਹੋ ਗਈ ਸੀ। ਗ੍ਰਿਫਤਾਰ ਕਮਲਪ੍ਰੀਤ, ਕਰਮਪ੍ਰੀਤ ਦੇ ਗੈਂਗਸਟਰ ਲਾਰੈਂਸ ਬਿਸਨੋਈ ਅਤੇ ਗੋਲਡੀ ਬਰਾੜ ਗੈਂਗ ਨਾਲ ਵੀ ਸਬੰਧ ਹਨ। ਕੈਨੇਡੀਅਨ ਪੁਲਸ ਵੱਲੋਂ ਅਦਾਲਤ ਵਿੱਚ ਦਾਇਰ ਕੀਤੀ ਚਾਰਜਸੀਟ ਅਨੁਸਾਰ ਕਤਲ ਦੇ ਮੁਲਜਮ ਕੈਨੇਡਾ ਵਿੱਚ ਵਾਪਰੀਆਂ ਤਿੰਨ ਹੋਰ ਘਟਨਾਵਾਂ ਵਿੱਚ ਵੀ ਸਾਮਲ ਹਨ। ਜਲੰਧਰ ਵਿਚ ਕਮਲਪ੍ਰੀਤ ਸਿੰਘ ਦੇ ਨਕੋਦਰ ਦੇ ਪਿੰਡ ਚੱਕ ਕਲਾਂ ਵਿਚ ਸੁਰੱਖਿਆ ਏਜੰਸੀਆਂ ਜਾਂਚ ਲਈ ਰਾਤ 10.30 ਵਜੇ ਪਹੁੰਚੀਆਂ। 23 ਸਾਲ ਕਮਲਪ੍ਰੀਤ ਤਿੰਨ ਸਾਲ ਸਟੱਡੀ ਵੀਜੇ ‘ਤੇ ਕੈਨੇਡਾ ਗਿਆ ਸੀ। ਉਸ ਦੀ ਭੈਣ ਵਿਆਹ ਕਰ ਕੇ 2 ਸਾਲ ਪਹਿਲਾਂ ਕੈਨੇਡਾ ਚਲੀ ਗਈ ਸੀ। ਉਸ ਦਾ ਪਿਤਾ ਸਤਨਾਮ ਸਿੰਘ ਪਿੰਡ ਦਾ ਪੰਚ ਹੈ ਤੇ ਸੰਕਰ ਕਸਬੇ ਵਿੱਚ ਉਸ ਦਾ ਆੜ੍ਹਤ ਦਾ ਕਾਰੋਬਾਰ ਹੈ। ਕਰੀਬ 25 ਏਕੜ ਵਿੱਚ ਖੇਤੀ ਹੈ। ਕਮਲਜੀਤ ਦੇ ਘਰ ਪਿਤਾ ਤੋਂ ਇਲਾਵਾ ਮਾਂ ਸੁਖਵਿੰਦਰ ਕੌਰ ਅਤੇ ਦਾਦੀ ਹੈ। ਸੁਰੱਖਿਆ ਏਜੰਸੀਆਂ ਨੇ ਪਰਿਵਾਰ ਨਾਲ ਗੱਲ ਕੀਤੀ, ਪਰ ਪਰਿਵਾਰ ਨੇ ਕਿਹਾ-ਬੇਟਾ ਪੜ੍ਹਾਈ ਲਈ ਗਿਆ ਸੀ। ਉਹ ਲਾਰੈਂਸ ਗੈਂਗ ਨਾਲ ਕਿਵੇਂ ਜੁੜਿਆ।

## ਪਰਿਵਾਰ ਦੇ ਤਿੰਨ ਜੀਆਂ ਦਾ ਹੋਇਆ ਇਕੱਠਿਆਂ ਸਸਕਾਰ, ਨਹੀਂ ਦੇਖੇ ਜਾਂਦੇ ਸੀ ਵੈਣ

ਘੁਮਾਣ 10 ਮਈ। ਪਿੰਡ ਕੋਟਲੀ ਸੂਬਾ ਸਿੰਘ ਦੇ ਇਕੋ ਪਰਿਵਾਰ ਦੇ ਤਿੰਨ ਜੀਆਂ ਦੀ ਖੇਤਾਂ ਨੂੰ ਲਾਈ ਅੱਗ ਕਾਰਨ ਹੋਏ ਹਾਦਸੇ ਦੌਰਾਨ ਮੌਤ ਹੋ ਗਈ ਸੀ। ਬੀਤੇ ਦਿਨ ਪਰਿਵਾਰ ਦੇ ਤਿੰਨੇ ਮੈਂਬਰਾਂ ਦਾ ਸਸਕਾਰ ਪਿੰਡ ਦੇ ਸਮਸਾਨਘਾਟ ’ਚ ਕਰ ਦਿੱਤਾ। ਜਾਣਕਾਰੀ ਅਨੁਸਾਰ ਅਮਰਜੋਤ ਸਿੰਘ ਪੁੱਤਰ ਸੂਬੇ ਨਿਰਮਲ ਸਿੰਘ ਅਤੇ ਉਸਦੀ ਮਾਤਾ ਬਲਬੀਰ ਕੌਰ ਅਤੇ ਉਸਦਾ ਤਿੰਨ ਸਾਲ ਦਾ ਬੱਚਾ ਅਰਮਾਨਦੀਪ ਸਿੰਘ ਮਹਿਤਾ ਤੋਂ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਪਣੇ ਪਿੰਡ ਆ ਰਹੇ ਸੀ ਕਿ ਰਸਤੇ ਵਿਚ ਕਿਸੇ ਜ਼ਿਮੀਂਦਾਰ ਵੱਲੋਂ ਨਾੜ ਨੂੰ ਲਾਈ ਅੱਗ ਦੌਰਾਨ ਹੋਏ ਧੂੰਏਂ ਕਾਰਨ ਕਿਸੇ ਵਾਹਨ ਦੀ ਲਪੇਟ ਵਿਚ ਆਉਣ ਕਾਰਨ ਤਿੰਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਿਨ੍ਹਾਂ ਦਾ ਬੀਤੇ ਦਿਨ ਸਸਕਾਰ ਕਰ ਦਿੱਤਾ ਗਿਆ ਹੈ। ਮ੍ਰਿਤਕ ਅਮਰਜੋਤ ਸਿੰਘ ਅਤੇ ਉਸਦੇ ਪੁੱਤਰ ਅਰਮਾਨਦੀਪ ਸਿੰਘ ਦਾ ਇਕ ਹੀ ਚਿੱਖਾ ਵਿਚ ਅੰਤਿਮ ਕੀਤਾ, ਜਦ ਕਿ ਉਸਦੀ ਮਾਤਾ ਬਲਬੀਰ ਕੌਰ ਦਾ ਵੱਖਰੀ ਚਿੱਖਾ ਵਿਚ ਸਸਕਾਰ ਕੀਤਾ। ਪਰਿਵਾਰ ’ਚ ਇਕੱਲੀ ਬਚੀ ਮ੍ਰਿਤਕ ਦੀ ਪਤਨੀ ਦਾ ਰੋ ਰੋ ਬੁਰਾ ਹਾਲ ਸੀ। ਅੰਤਿਮ ਸੰਸਕਾਰ ਵੇਲੇ ਵੱਡੀ ਗਿਣਤੀ ਵਿਚ ਪਹੁੰਚੇ ਪਿੰਡ ਵਾਲੇ ਦੀਆਂ ਅੱਖਾਂ ਵੀ ਨਮ ਸਨ।

## ਵਿਦੇਸ਼ ਭੇਜਣ ਦੇ ਨਾਂ ’ਤੇ 12 ਲੱਖ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਖਿਲਾਫ ਮਾਮਲਾ ਦਰਜ

ਧਾਰੀਵਾਲ 10 ਮਈ। ਵਿਦੇਸ਼ ਭੇਜਣ ਦੇ ਨਾਂ ’ਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਖ਼ਿਲਾਫ ਥਾਣਾ ਧਾਰੀਵਾਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਗੁਰਪਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਇੰਦਰਾਵਾਲ ਨੇ ਦੱਸਿਆ ਕਿ ਬਲਬੀਰ ਸਿੰਘ ਪੁੱਤਰ ਮਲਕੀਤ ਸਿੰਘ ਅਤੇ ਉਸ ਦੀ ਪਤਨੀ ਜਸਵੀਰ ਕੌਰ ਵਾਸੀ ਮੁਹੱਲਾ ਗੁਰੂ ਨਾਨਕਪੁਰਾ ਰਾਏਕੋਟ ਲੁਧਿਆਨਾ ਨੇ ਉਸ ਦੇ ਲੜਕੇ ਜੋਬਨਪ੍ਰੀਤ ਸਿੰਘ ਨੂੰ ਵਿਦੇਸ਼ ਨਿਊਜੀਲੈਂਡ ਭੇਜਣ ਦੇ ਨਾਂ ’ਤੇ 12 ਲੱਖ ਰੁਪਏ ਦੀ ਠੱਗੀ ਮਾਰੀ ਹੈ। ਉੱਚ ਪੁਲਸ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਪੁਲਸ ਨੇ ਗੁਰਪਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਉਕਤ ਪਤੀ-ਪਤਨੀ ਖਿਲਾਫ ਕੇਸ ਦਰਜ ਕਰ ਲਿਆ ਹੈ।

# ਬੇਗੋਵਾਲ ਵਿਖੇ ਨਾੜ ਦੀ ਅੱਗ ਨਾਲ ਸੜ ਕੇ ਮਰੇ ਨੌਜਵਾਨ ਦੀ ਮੌਤ ਮਾਮਲੇ ‘ਚ ਪੁਲਸ ਦੀ ਵੱਡੀ ਕਾਰਵਾਈ

ਬੇਗੋਵਾਲ 10 ਮਈ। ਬੇਗੋਵਾਲ ਤੋਂ ਭੁਲੱਥ ਰੋਡ ‘ਤੇ ਪਿੰਡ ਭਦਾਸ ਨੇੜੇ ਬੀਤੇ ਦਿਨ ਨਾੜ ਦੀ ਅੱਗ ਦੀ ਲਪੇਟ ਵਿਚ ਆ



ਕੇ ਸੜ ਕੇ ਮਰੇ ਮੋਟਰਸਾਈਕਲ ਸਵਾਰ ਰਾਹਗੀਰ ਦੀ ਮੌਤ ਦੇ ਮਾਮਲੇ ਵਿਚ ਬੇਗੋਵਾਲ ਪੁਲਸ ਨੇ ਕੇਸ ਦਰਜ ਕਰ ਦਿੱਤਾ ਹੈ। ਮ੍ਰਿਤਕ ਨੌਜਵਾਨ ਰਵਿੰਦਰਜੀਤ ਸਿੰਘ ਉਰਫ ਗੋਰੀ ਪੁੱਤਰ ਬਲਵਿੰਦਰਜੀਤ ਸਿੰਘ ਵਾਸੀ ਵਾਰਡ ਨੰਬਰ 3 ਬੇਗੋਵਾਲ ਜੋ ਸਿਵਲ ਹਸਪਤਾਲ ਭੁਲੱਥ ਵਿਖੇ ਦਾਖਲ ਪਿਤਾ ਕੋਲੋਂ ਬੇਗੋਵਾਲ ਨੂੰ ਜਦੋਂ ਘਰ ਵਾਪਸ ਜਾ ਰਿਹਾ ਸੀ ਤਾਂ ਉਸ ਵੇਲੇ ਇਹ ਦਰਦਨਾਕ ਘਟਨਾ ਵਾਪਰੀ। ਇਕੱਤਰ ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਬੇਗੋਵਾਲ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮ੍ਰਿਤਕ ਨੌਜਵਾਨ ਦੀ ਭੈਣ ਰਾਜਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਰਾਮਗੜ੍ਹ ਥਾਣਾ ਭੁਲੱਥ ਨੇ ਦੱਸਿਆ ਕਿ ਉਸ ਦਾ ਪਿਤਾ ਬਲਵਿੰਦਰਜੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਵਾਰਡ ਨੰਬਰ 3 ਬੇਗੋਵਾਲ ਜੋ ਸਿਵਲ ਹਸਪਤਾਲ ਭੁਲੱਥ ਵਿਖੇ ਦਾਖਲ ਹੈ। ਉਹ ਅਤੇ ਉਸ ਦਾ ਭਰਾ ਰਵਿੰਦਰਜੀਤ ਸਿੰਘ ਉਰਫ ਗੋਰੀ ਵਾਸੀ ਵਾਰਡ ਨੰਬਰ 3 ਬੇਗੋਵਾਲ, ਉਮਰ ਕਰੀਬ 25 ਸਾਲ ਆਪਣੇ ਪਿਤਾ ਦੀ ਦੇਖ ਰੇਖ ਲਈ ਸਿਵਲ ਹਸਪਤਾਲ ਭੁਲੱਥ ਰਹਿੰਦੇ ਸੀ। ਬੀਤੇ ਦਿਨ ਜਦੋਂ ਉਹ ਸਿਵਲ ਹਸਪਤਾਲ ਗਈ ਤਾਂ ਉਸ ਨੇ ਆਪਣੇ ਭਰਾ ਰਵਿੰਦਰਜੀਤ ਸਿੰਘ ਉਰਫ ਗੋਰੀ ਨੂੰ ਕਿਹਾ ਕਿ ਉਹ ਡੈਡੀ ਕੋਲ ਰਹਿੰਦੀ ਹਾਂ ਅਤੇ ਤੂੰ ਘਰ ਚਲਿਆ ਜਾ ਤਾਂ ਦੁਪਹਿਰ ਦੇ ਕਰੀਬ 12.45 ਵਜੇ ਉਸ ਦਾ ਭਰਾ ਆਪਣੇ ਸਪਲੈਂਡਰ ਮੋਟਰਸਾਈਕਲ ‘ਤੇ ਸਵਾਰ ਹੋ ਕੇ ਸਿਵਲ ਹਸਪਤਾਲ ਭੁਲੱਥ ਤੋਂ ਘਰ ਬੇਗੋਵਾਲ ਨੂੰ ਜਾ ਰਿਹਾ ਸੀ, ਪਿੰਡ ਭਦਾਸ ਤੋਂ ਪਿੱਛੇ ਸੜਕ ਕਿਨਾਰੇ ਖੇਤਾ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗ ਹੋਈ ਸੀ। ਜਿਸ ਕਰਕੇ ਸੜਕ ‘ਤੇ ਜ਼ਿਆਦਾ ਅੱਗ ਅਤੇ ਧੂੰਆਂ ਹੋਣ ਕਰਕੇ ਨਜਰ ਨਹੀ ਆ ਰਿਹਾ ਸੀ। ਉਸ ਦਾ ਭਰਾ ਸੜਕ ਤੋਂ ਗੁਜਰਦੇ ਸਮੇਂ ਸਮੇਤ ਮੋਟਰ ਸਾਈਕਲ ਅੱਗ ਦੀ ਲਪੇਟ ਵਿੱਚ ਆ ਕੇ ਸੜ੍ਹ ਗਿਆ ਅਤੇ ਜਿਸ ਦੀ ਮੌਕੇ ‘ਤੇ ਹੀ ਸੜ੍ਹਨ ਕਰਕੇ ਮੌਤ ਹੋ ਗਈ। ਜਿਸ ਬਾਰੇ ਪਤਾ ਲੱਗਣ ‘ਤੇ ਉਸ ਨੇ ਆਪਣੇ ਪਤੀ ਗੁਰਪ੍ਰੀਤ ਸਿੰਘ ਨਾਲ ਮੌਕੇ ‘ਤੇ ਪਹੁੰਚ ਕੇ ਆਪਣੇ ਭਰਾ ਜੋ ਸੜ ਚੁੱਕਾ ਸੀ, ਦੀ ਲਾਸ ਦੀ ਸਨਾਖਤ ਕੀਤੀ ਹੈ ਅਤੇ ਮੋਟਰ ਸਾਈਕਲ ਦੀ ਪਛਾਣ ਕੀਤੀ ਹੈ। ਉਸ ਦੇ ਭਰਾ ਰਵਿੰਦਰਜੀਤ ਸਿੰਘ ਦੀ ਮੌਤ ਕਿਸੇ ਨਾਮਲੂਮ ਵਿਅਕਤੀ ਵੱਲੋਂ ਕਣਕ ਦੇ ਨਾੜ ਨੂੰ ਅੱਗ ਲਗਾਉਣ ਕਰਕੇ ਹੀ ਹੋਈ। ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਇਸ ਸਬੰਧ ਵਿਚ ਬੇਗੋਵਾਲ ਪੁਲਸ ਵੱਲੋਂ ਕੀਤੀ ਕਾਰਵਾਈ ਵਿਚ ਲਿਖਿਆ ਗਿਆ ਕਿ ਨਾਮਲੂਮ ਵਿਅਕਤੀ ਵੱਲੋਂ ਕਣਕ ਦੇ ਨਾੜ ਨੂੰ ਅੱਗ ਲਗਾ ਕੇ ਮਾਨਯੋਗ ਡੀ. ਸੀ. ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ ਹੈ। ਇਸੇ ਸਬੰਧ ਵਿਚ ਥਾਣਾ ਬੇਗੋਵਾਲ ਵਿਖੇ ਨਾਮਲੂਮ ਵਿਅਕਤੀ ਦੇ ਖ਼ਿਲਾਫ ਧਾਰਾ 304-ਏ/188/427 ਦੇ ਤਹਿਤ ਕੇਸ ਦਰਜ ਕਰ ਦਿੱਤਾ ਗਿਆ ਹੈ।

### ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਢਾਈ ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਖਿਲਾਫ ਮਾਮਲਾ ਦਰਜ

ਦੀਨਾਨਗਰ 10 ਮਈ। ਦੀਨਾਨਗਰ ਪੁਲਸ ਵੱਲੋਂ ਇਕ ਨੌਜਵਾਨ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਢਾਈ ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਖ਼ਿਲਾਫ ਮਾਮਲਾ ਦਰਜ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਜਾਂਚ ਅਧਿਕਾਰੀ ਬਲਕਾਰ ਸਿੰਘ ਨੇ ਦੱਸਿਆ ਕਿ ਮੁੱਦਈ ਮਨਜਿੰਦਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਮੱਲੀਆਂ ਥਾਣਾ ਬਹਿਰਾਮਪੁਰ ਨੇ ਕਪਤਾਨ ਪੁਲਸ ਇੰਨਵੈਸਟੀਟੇਸਨ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ ਵਿੱਚ ਉਪਰੰਤ ਮੁਦਈ ਦੇ ਬਿਆਨਾਂ ਦੇ ਆਧਾਰ ‘ਤੇ ਨਗੇਸ ਕੁਮਾਰ ਪੁੱਤਰ ਮਨੋਹਰ ਲਾਲ ,ਨਿਸ਼ੂ ਪਤਨੀ ਨਗੇਸ ਕੁਮਾਰ ਵਾਸੀਆਂਨ ਵਾਰਡ ਨੰ: 16 ਅੱਪਰ ਸ਼ਿਵਾ ਨਗਰ ਕਠੂਆ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਘਰ 'ਚ ਗੈਰ-ਕਾਨੂੰਨੀ ਢੰਗ ਨਾਲ ਮਿੱਟੀ ਦੇ ਤੇਲ ਨਾਲ ਭਰੇ ਡਰੰਮਾਂ ਨੂੰ ਸਟੋਰ ਕਰਨ ਦੇ ਮਾਮਲੇ 'ਚ ਕੈਦ

ਜਲੰਧਰ 10 ਮਈ। । ਐਡੀਸ਼ਨਲ ਸੈਸ਼ਨ ਜੱਜ ਧਰਮਿੰਦਰ ਪਾਲ ਸਿੰਗਲਾ ਦੀ ਅਦਾਲਤ ਵੱਲੋਂ ਮਿੱਟੀ ਦੇ ਤੇਲ ਨਾਲ ਭਰੇ ਡਰੰਮਾਂ ਨੂੰ ਘਰ ਦੇ ਅੰਦਰ ਗੈਰ-ਕਾਨੂੰਨੀ ਢੰਗ ਨਾਲ ਸਟੋਰ ਕਰਨ ਦੇ ਮਾਮਲੇ 'ਚ ਦੋਸ਼ ਸਾਬਤ ਹੋਣ 'ਤੇ ਮਹੇਸ਼ ਕਪੂਰ ਉਰਫ ਬਿੱਟੂ ਨਿਵਾਸੀ ਨਿਊ ਕੈਲਾਸ਼ ਨਗਰ ਜਲੰਧਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ 5 ਸਾਲ ਦੀ ਕੈਦ ਤੇ ਵੱਖ-ਵੱਖ ਧਾਰਾਵਾਂ 'ਚ 23,500 ਰੁਪਏ ਜੁਰਮਾਨਾ, ਜੁਰਮਾਨਾ ਨਾ ਦੇਣ 'ਤੇ ਇਕ ਸਾਲ ਦੀ ਹੋਰ ਕੈਦ ਦੀ ਸਜਾ ਦਾ ਹੁਕਮ ਸੁਣਾਇਆ। ਇਸ ਮਾਮਲੇ 'ਚ 19 ਮਾਰਚ 2018 ਨੂੰ ਥਾਣਾ ਨੰ. 8 'ਚ ਏ. ਐੱਸ. ਆਈ. ਮਨਜੀਤ ਰਾਮ ਦੀ ਸ਼ਿਕਾਇਤ 'ਤੇ ਮਹੇਸ਼ ਕਪੂਰ ਉਰਫ ਬਿੱਟੂ ਵਿਰੁੱਧ ਉਸ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੇ ਆਪਣੇ ਘਰ 'ਚ ਗੈਰ-ਕਾਨੂੰਨੀ ਢੰਗ ਨਾਲ ਮਿੱਟੀ ਦੇ ਤੇਲ ਨਾਲ ਭਰੇ ਡਰੰਮਾਂ ਨੂੰ ਲੁਕੋਇਆ ਹੋਇਆ ਸੀ। ਅਚਾਨਕ ਲੁਕੋਏ ਹੋਏ ਤੇਲ ਨਾਲ ਭਰੇ ਡਰੰਮ ਨੂੰ ਅੱਗ ਲੱਗ ਗਈ ਅਤੇ ਜੋਰਦਾਰ ਧਮਾਕਾ ਹੋਇਆ ਤਾਂ ਫਾਇਰ ਬ੍ਰਿਗੇਡ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਉਨ੍ਹਾਂ ਵੇਖਿਆ ਕਿ ਘਰ ਦੇ ਅੰਦਰ ਮਿੱਟੀ ਦੇ ਤੇਲ ਦੇ ਡਰੰਮ ਨੂੰ ਅੱਗ ਲੱਗੀ ਹੋਈ ਸੀ, ਜਿਸ 'ਤੇ ਪੁਲਸ ਨੇ ਮਹੇਸ਼ ਕਪੂਰ 'ਤੇ ਕਾਰਵਾਈ ਕਰਦੇ ਹੋਏ ਮਾਮਲਾ ਦਰਜ ਕੀਤਾ ਸੀ।

# ਨਵੀਂ ਦਿੱਲੀ ਲੋਕ ਸਭਾ ਹਲਕੇ ਤੋਂ ਅਪੀਲ: 25 ਮਈ ਨੂੰ ਇੱਕਜੁੱਟ ਹੋ ਕੇ ਭਾਜਪਾ ਆਗੂ ਬੰਸੂਰੀ ਸਵਰਾਜ ਨੂੰ ਵੋਟ ਦਿਓ: ਚਰਨਜੀਵ ਮਲਹੋਤਰਾ

ਨਵੀਂ ਦਿੱਲੀ। ਉੱਘੇ ਸਮਾਜ ਸੇਵਕ ਅਤੇ ਗਊ ਰੱਖਿਆ ਅਤੇ ਕੋਰੋਨਾ ਯੋਧੇ ਚਰਨਜੀਵ ਮਲਹੋਤਰਾ ਨੇ ਕਿਹਾ ਕਿ ਲੋਕ ਸਭਾ ਚੋਣਾਂ 2024 ਲਈ ਭਾਜਪਾ ਨੇ ਸਾਬਕਾ ਵਿਦੇਸ ਮੰਤਰੀ ਸੁਸਮਾ ਸਵਰਾਜ ਦੀ ਧੀ ਬੰਸੂਰੀ ਸਵਰਾਜ ਨੂੰ ਨਵੀਂ ਦਿੱਲੀ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। ਬੰਸੂਰੀ ਪਹਿਲਾਂ ਹੀ ਭਾਜਪਾ ਦੀ ਦਿੱਲੀ ਇਕਾਈ ਦੇ ਸਕੱਤਰ ਵਜੋਂ ਕੰਮ ਕਰ ਰਹੇ ਸਨ। ਪਰ ਬਾਂਸੁਰੀ ਸਵਰਾਜ 2007 ਵਿੱਚ ਬਾਰ ਕੌਂਸਲ ਆਫ ਦਿੱਲੀ ਵਿੱਚ ਭਰਤੀ ਹੋਇਆ ਸੀ। ਉਹ ਪਿਛਲੇ ਕਈ ਸਾਲਾਂ ਤੋਂ ਕਾਨੂੰਨੀ ਪੇਸੇ ਵਿੱਚ ਹੈ ਅਤੇ ਇੱਕ ਅਪਰਾਧਿਕ ਵਕੀਲ ਹੈ। ਵਾਰਵਿਕ ਯੂਨੀਵਰਸਿਟੀ ਤੋਂ ਅੰਗਰੇਜੀ ਸਾਹਿਤ ਵਿੱਚ ਬੀ.ਏ. (ਆਨਰਜ), ਉਸਨੇ ਵੱਕਾਰੀ ਬੀਪੀਪੀ ਲਾਅ ਸਕੂਲ, ਲੰਡਨ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਫਿਰ ਉਸਨੇ ਕਾਨੂੰਨ ਵਿਚ ਬੈਰਿਸਟਰ ਵਜੋਂ ਯੋਗਤਾ ਪ੍ਰਾਪਤ ਕੀਤੀ। ਇਸ ਤੋਂ ਬਾਅਦ ਬੰਸੂਰੀ ਨੇ ਆਕਸਫੋਰਡ ਯੂਨੀਵਰਸਿਟੀ ਦੇ ਸੇਂਟ ਕੈਥਰੀਨ ਕਾਲਜ ਤੋਂ ਮਾਸਟਰ ਆਫ ਸਟੱਡੀਜ ਪੂਰੀ ਕੀਤੀ। ਬੰਸੂਰੀ ਸਵਰਾਜ ਨੇ ਲਲਿਤ ਮੋਦੀ ਦਾ ਕੇਸ ਲੜਿਆ- ਬਾਂਸੂਰੀ ਨੇ ਮੀਡੀਆ ਦਾ ਧਿਆਨ ਉਸ ਸਮੇਂ ਖਿੱਚਿਆ ਸੀ ਜਦੋਂ ਇਹ ਖੁਲਾਸਾ ਹੋਇਆ ਸੀ ਕਿ ਸੁਸਮਾ ਸਵਰਾਜ ਦੀ ਧੀ ਬੰਸੂਰੀ ਸਵਰਾਜ ਆਈਪੀਐੱਲ ਦੇ ਸਾਬਕਾ ਕਮਿਸਨਰ ਲਲਿਤ ਮੋਦੀ ਦੀ ਕਾਨੂੰਨੀ ਟੀਮ ਦਾ ਹਿੱਸਾ ਸੀ। ਤੁਹਾਨੂੰ ਦੱਸ ਦੇਈਏ ਕਿ ਲਲਿਤ ਮੋਦੀ ਨੇ ਇੱਕ ਟਵੀਟ ਕਰਕੇ ਆਪਣੀ ਕਾਨੂੰਨੀ ਟੀਮ ਨੂੰ ਵਧਾਈ ਦਿੱਤੀ ਸੀ। ਲਲਿਤ ਮੋਦੀ




ਨੇ ਆਪਣੇ ਟਵੀਟ 'ਚ ਜਿਨ੍ਹਾਂ ਕਾਨੂੰਨੀ ਟੀਮ ਦੇ ਮੈਂਬਰਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ 'ਚ ਸੁਸਮਾ ਸਵਰਾਜ ਦੀ ਬੇਟੀ ਬੰਸੂਰੀ ਸਮੇਤ 8 ਹੋਰ ਵਕੀਲ ਸਾਮਲ ਹਨ। ਦਿੱਲੀ ਵਿੱਚ 25 ਮਈ ਨੂੰ ਲੋਕ ਸਭਾ ਚੋਣਾਂ ਹਨ। ਬਾਂਸੂਰੀ: ਕਿਸੇ ਵੀ ਆਗੂ ਵਾਂਗ ਇਸ ਵਾਰ ਵੀ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਗੱਲਬਾਤ ਦਾ ਦੌਰ ਜੋਰਾਂ-ਸੋਰਾਂ ਨਾਲ ਚੱਲ ਰਿਹਾ ਹੈ। ਜਨਤਕ ਮੀਟਿੰਗਾਂ ਦਾ ਸਿਲਸਿਲਾ ਜੋਰ ਫੜਦਾ ਜਾ ਰਿਹਾ ਹੈ ਅਤੇ ਉਸ ਦੀਆਂ ਜਨ ਸਭਾਵਾਂ ਵਿੱਚ ਭਾਰੀ ਭੀੜ ਦੇਖਣ ਨੂੰ ਮਿਲ ਰਹੀ ਹੈ। ਚਰਨਜੀਵ ਮਲਹੋਤਰਾ ਨੇ ਕਿਹਾ ਕਿ ਨਵੀਂ ਦਿੱਲੀ ਸੰਸਦੀ ਹਲਕੇ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੀ ਭਾਜਪਾ ਨੇਤਾ ਸੁਸਮਾ ਸਵਰਾਜ ਦੀ ਬੇਟੀ ਬੰਸੁਰੀ ਸਵਰਾਜ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ। ਹੁਣ ਚੋਣ ਸਰਗਰਮੀਆਂ ਵਧਣ ਨਾਲ ਪ੍ਰਚਾਰ ਦਾ



ਤਰੀਕਾ ਵੀ ਬਦਲਣਾ ਪਵੇਗਾ। ਹੁਣ ਮੀਟਿੰਗਾਂ ਦੀ ਥਾਂ ਰੋਡ ਸੋਅਜ ਰਾਹੀਂ ਵੋਟਰਾਂ ਦੇ ਦਿਲਾਂ ਤੱਕ ਪਹੁੰਚਣ ਦੀ ਕੋਸ਼ਿਸ ਕੀਤੀ ਜਾਣੀ ਚਾਹੀਦੀ ਹੈ। ਲੋਕਾਂ ਵਿੱਚ ਆਪਣੀ ਪਛਾਣ ਅਤੇ ਭਰੋਸੇਯੋਗਤਾ ਬਣਾਉਣ ਦਾ ਰਾਹ ਆਸਾਨ ਨਹੀਂ ਹੈ। ਉਨ੍ਹਾਂ ਦੇ ਸਾਹਮਣੇ ਦਿੱਲੀ ਦੀ ਸੱਤਾਧਾਰੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਕਾਂਗਰਸ ਨਾਲ ਗਠਜੋੜ ਕਰਕੇ ਚੋਣ ਲੜ ਰਹੇ ਤਿੰਨ ਵਾਰ ਵਿਧਾਇਕ ਰਹੇ ਸੋਮਨਾਥ ਭਾਰਤੀ ਹਨ। ਹੁਣ ਤੱਕ ਤਿੰਨੋਂ ਪਾਰਟੀਆਂ ਆਪੋ-ਆਪਣੀਆਂ ਲੜਾਈਆਂ ਅਲੱਗ-ਅਲੱਗ ਲੜਦੀਆਂ ਸਨ, ਪਰ ਗਠਜੋੜ ਕਾਰਨ ਇਸ ਤੋਂ ਬਾਅਦ ਮੁਕਾਬਲਾ ਆਹਮੋ-ਸਾਹਮਣੇ ਹੈ, ਜਿਸ ਕਰਕੇ ਨਵੇਂ ਯੋਧੇ ਲਈ ਚੋਣ ਸਖਤ ਹੋਣ ਵਾਲੀ ਹੈ। ਨਵੀਂ ਦਿੱਲੀ ਲੋਕ ਸਭਾ ਹਲਕੇ ਦੇ ਵਾਸੀਆਂ ਨੂੰ 25 ਮਈ ਨੂੰ ਭਾਜਪਾ ਆਗੂ ਸੁਸਮਾ ਸਵਰਾਜ ਦੀ ਧੀ ਬੰਸੁਰੀ ਸਵਰਾਜ ਨੂੰ ਇੱਕਜੁੱਟ ਹੋ ਕੇ ਵੋਟ ਪਾਉਣ ਦੀ ਅਪੀਲ ਹੈ। ਅਤੇ ਸਾਰੇ ਦੇਸ ਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋਕਤੰਤਰ ਦੇ ਤਿਉਹਾਰ ਵਿੱਚ ਸਾਮਲ ਹੋਵੋ ਅਤੇ ਜਰੂਰ ਵੋਟ ਕਰੋ।

## ਜੇਲ੍ਹ ਕੈਦੀਆਂ ਨੇ ਡਿਪਟੀ ਸੁਪਰੀਡੈਂਟ ਸਕਿਓਰਿਟੀ 'ਤੇ ਕੀਤਾ ਹਮਲਾ

ਲੁਧਿਆਣਾ 10 ਮਈ। । ਤਾਜਪੁਰ ਰੋਡ ਦੀ ਸੈਂਟਰਲ ਜੇਲ੍ਹ 'ਚ ਤਾਇਨਾਤ ਡਿਪਟੀ ਸੁਪਰੀਡੈਂਟ ਸਕਿਓਰਿਟੀ 'ਤੇ 8 ਕੈਦੀਆਂ ਵਲੋਂ ਹਮਲਾ ਕਰ ਕੇ ਗਾਲਾਂ ਕੱਢਣ ਦੇ ਦੋਸ਼ 'ਚ ਥਾਣਾ ਡਵੀਜ਼ਨ ਨੰਬਰ-7 ਦੀ ਪੁਲਸ ਨੇ ਸਹਾਇਕ ਸੁਪਰੀਡੈਂਟ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਹਾਇਕ ਸੁਪਰੀਡੈਂਟ ਸੁਰਿੰਦਰਪਾਲ ਸਿੰਘ ਨੇ ਪੁਲਸ ਨੂੰ ਭੇਜੇ ਸ਼ਿਕਾਇਤ-ਪੱਤਰ 'ਚ ਦੱਸਿਆ ਕਿ ਬੀਤੇ ਦਿਨੀਂ ਸਾਢੇ 4 ਵਜੇ ਦੇ ਲਗਭਗ ਜੇਲ੍ਹ ਦੇ ਬੀ-ਕਲਾਸ ਵਾਰਡ 'ਚ ਡਿਪਟੀ ਸੁਪਰੀਡੈਂਟ ਸਕਿਓਰਿਟੀ ਅਤੇ ਜੇਲ੍ਹ ਮੈਡੀਕਲ ਅਧਿਕਾਰੀ ਕੈਦੀਆਂ ਨੂੰ ਜੇਲ੍ਹ 'ਚ ਮਿਲਣ ਵਾਲੀ ਮੈਡੀਕਲ ਸਮੱਸਿਆ ਦਾ ਹੱਲ ਕਰ ਰਹੇ ਸਨ। ਹਾਲ 'ਚ ਬੰਦ ਹਵਾਲਾਤੀ ਹਰਜਿੰਦਰ ਸਿੰਘ ਉਰਫ ਬੁੱਧੂ ਮੇਨ ਗੇਟ 'ਤੇ ਆ ਕੇ ਡਿਪਟੀ ਸੁਪਰੀਡੈਂਟ ਸਕਿਓਰਿਟੀ ਨੂੰ ਧਮਕੀਆਂ ਦੇ ਕੇ ਬੋਲਣ ਲੱਗਾ। ਡਿਪਟੀ ਸੁਪਰੀਡੈਂਟ ਸਕਿਓਰਿਟੀ ਨੇ ਇਸ ਦੀ ਸੂਚਨਾ ਹੋਰ ਅਧਿਕਾਰੀਆਂ ਨੂੰ ਦਿੱਤੀ। ਮੌਕੇ 'ਤੇ ਪੁੱਜੇ ਅਧਿਕਾਰੀਆਂ ਨੇ ਉਕਤ ਹਵਾਲਾਤੀ ਨੂੰ ਹਾਲ ਤੋਂ ਬਾਹਰ ਆਉਣ ਨੂੰ ਕਿਹਾ, ਮੁਲਜ਼ਮ




ਹਵਾਲਾਤੀ ਨੇ ਭੱਜ ਕੇ ਤੁਰੰਤ ਡਿਪਟੀ ਸੁਪਰੀਡੈਂਟ ਸਕਿਓਰਿਟੀ 'ਤੇ ਹਮਲਾ ਕਰ ਕੇ ਅੱਖ 'ਤੇ ਸੱਟ ਮਾਰ ਦਿੱਤੀ। ਜੇਲ੍ਹ ਗਾਰਦ ਨੇ ਮੁਸ਼ਕਲ ਨਾਲ ਹਵਾਲਾਤੀ ਨੂੰ ਕਾਬੂ ਕੀਤਾ। ਇਸ ਤੋਂ ਬਾਅਦ ਜਦ ਮੁਲਜ਼ਮ ਹਵਾਲਾਤੀ ਨੂੰ ਜਦ ਜੇਲ੍ਹ ਸੁਪਰੀਡੈਂਟ ਦੇ ਸਾਹਮਣੇ ਪੇਸ਼ ਕਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਅਹਾਤੇ ਤੋਂ ਬਾਹਰ ਉਸ ਨੇ ਹੋਰ ਸਾਥੀਆਂ ਨੂੰ ਬੁਲਾ ਕੇ ਜੇਲ੍ਹ ਪ੍ਰਸ਼ਾਸਨ ਖ਼ਿਲਾਫ ਭੜਕਾਉਣ ਦਾ ਯਤਨ ਕੀਤਾ। ਮਾਮਲੇ ਦੀ ਜਾਂਚ ਕਰ ਰਹੇ ਜਾਂਚ ਅਧਿਕਾਰੀ ਏ. ਐੱਸ. ਆਈ. ਗੁਰਦਿਆਲ ਸਿੰਘ ਨੇ ਦੱਸਿਆ ਕਿ ਜੇਲ ਦੇ ਸਹਾਇਕ ਸੁਪਰੀਡੈਂਟ ਸੁਰਿੰਦਰਪਾਲ ਸਿੰਘ ਵੱਲੋਂ ਭੇਜੇ ਗਏ ਸ਼ਿਕਾਇਤ-ਪੱਤਰ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਹਵਾਲਾਤੀ ਹਰਜਿੰਦਰ ਸਿੰਘ ਉਰਫ ਬੁੱਧੂ 'ਤੇ ਧਾਰਾ 186, 353 ਤਹਿਤ ਕੇਸ ਦਰਜ ਕੀਤਾ ਹੈ ਅਤੇ ਸਾਥੀ ਭੰਡਾਰੀ, ਗੁਰਜਿੰਦਰ ਸਿੰਘ ਉਰਫ ਗਿੰਦਾ ਮਨਪ੍ਰੀਤ ਸਿੰਘ ਉਰਫ ਮੋਨੂ ਉਰਫ ਜੱਟ, ਰਮਿੰਦਰ ਸਿੰਘ ਉਰਫ ਗਗਨਦੀਪ ਉਰਫ ਗੱਗੂ, ਕੈਦੀ ਅਜੇ ਕੁਮਾਰ ਉਰਫ ਮਨੀ, ਕੈਦੀ ਗੁਰਵਿੰਦਰ ਸਿੰਘ ਉਰਫ ਸ਼ੈਲੀ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

## ਪਤੀ ਨੇ ਗੈਸਟ ਹਾਊਸ 'ਚ ਪ੍ਰੇਮੀ ਨਾਲ ਰੰਗੇ ਹੱਥੀਂ ਫੜੀ ਪਤਨੀ

ਜਲੰਧਰ 10 ਮਈ। । ਜਲੰਧਰ 'ਚ ਆਏ ਦਿਨ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ, ਜਿਥੇ ਪਤੀ ਆਪਣੀ ਪਤਨੀ ਨੂੰ ਕਿਸੇ ਗੈਰ ਮਰਦ ਨਾਲ ਫੜ ਲੈਂਦਾ ਹੈ ਜਾਂ ਫਿਰ ਪਤਨੀ ਆਪਣੇ ਪਤੀ ਨੂੰ ਕਿਸੇ ਹੋਰ ਔਰਤ ਨਾਲ ਫੜ ਲੈਂਦੀ ਹੈ, ਜਿਸ ਤੋਂ ਬਾਅਦ ਖੂਬ ਹੰਗਾਮਾ ਹੁੰਦਾ ਹੈ। ਅਜਿਹਾ ਹੀ ਇਕ ਮਾਮਲਾ ਇਕ ਵਾਰ ਫਿਰ ਸਾਹਮਣੇ ਆਇਆ ਹੈ, ਜਿਥੇ ਇਕ ਪਤੀ ਨੇ ਆਪਣੀ ਪਤਨੀ ਨੂੰ ਗੈਰ ਮਰਦ ਨਾਲ ਗੈਸਟ ਹਾਊਸ 'ਚ ਰੰਗੇ ਹੱਥੀਂ ਫੜ ਲਿਆ, ਜਿਸ ਤੋਂ ਬਾਅਦ ਪਤੀ ਨੇ ਹੰਗਾਮਾ ਖੜ੍ਹਾ ਕਰ ਦਿੱਤਾ। ਜਾਣਕਾਰੀ ਮੁਤਾਬਕ ਜਲੰਧਰ 'ਚ ਰੇਲਵੇ ਸਟੇਸ਼ਨ ਕੋਲ ਇਕ ਗੈਸਟ ਹਾਊਸ 'ਚ ਇਕ ਸ਼ਖਸ ਨੇ ਆਪਣੀ ਪਤਨੀ ਨੂੰ ਕਿਸੇ ਹੋਰ ਵਿਅਕਤੀ ਨਾਲ ਰੰਗੇ ਹੱਥੀਂ ਫੜ ਲਿਆ, ਜਿਸ ਪਿੱਛੋਂ ਉਨ੍ਹਾਂ ਨੇ ਉਥੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਹੰਗਾਮੇ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪੁੱਜੀ ਤੇ ਮਾਮਲੇ ਨੂੰ ਸ਼ਾਂਤ ਕਰਵਾਇਆ। ਪੀੜਤ ਨੇ ਦੱਸਿਆ ਕਿ ਉਸ ਦਾ ਵਿਆਹ 15 ਸਾਲ ਪਹਿਲਾਂ ਹੋਇਆ ਸੀ। ਦੋਵਾਂ ਦੇ ਵਿਆਹ ਤੋਂ 2 ਬੱਚੇ ਹਨ। ਉਨ੍ਹਾਂ ਦਾ ਇਕ ਪੁੱਤਰ ਤੇ ਇਕ ਧੀ ਹੈ। ਉਸ ਦੀ ਪਤਨੀ ਸ਼ਰਾਬ ਪੀਣ ਦੀ ਆਦੀ ਸੀ। ਉਸ ਨੂੰ ਕਈ ਵਾਰ ਸਮਝਾਇਆ ਪਰ ਉਹ ਨਹੀਂ ਸਮਝੀ। ਕਿਸੇ ਨੇ ਉਸ ਨੂੰ ਦੱਸਿਆ ਕਿ ਉਸ ਦੀ ਪਤਨੀ ਕਿਸੇ ਨਾਲ ਰਹਿ ਰਹੀ ਹੈ, ਜਿਸ ਪਿੱਛੋਂ ਉਹ ਤੁਰੰਤ ਉਥੇ ਪੁੱਜਾ ਤੇ ਮੌਕੇ 'ਤੇ ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪੁੱਜੀ ਤੇ ਔਰਤ ਨੂੰ ਹੋਟਲ 'ਚੋਂ ਕੱਢ ਕੇ ਥਾਣੇ ਲੈ ਗਈ।

## ਆਬਕਾਰੀ ਵਿਭਾਗ ਵੱਲੋਂ ਪੁਲਸ ਵਿਭਾਗ ਦੇ ਸਹਿਯੋਗ ਨਾਲ ਮੰਡ ਇਲਾਕੇ 'ਚ ਸਰਚ ਆਪਰੇਸਨ

ਦਸੂਹਾ 10 ਮਈ। । ਆਬਕਾਰੀ ਵਿਭਾਗ ਵੱਲੋਂ ਅੱਜ ਤੜਕਸਾਰ ਮੰਡ ਇਲਾਕੇ ਵਿੱਚ ਨਾਜਾਇਜ ਸਰਾਬ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਅਤੇ ਆਉਣ ਵਾਲੀਆਂ ਲੋਕਸਭਾ ਚੋਣਾਂ ਦੇ ਮੱਦੇਨਜਰ ਸਾਡੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਸਥਾਨਕ ਪੁਲਸ ਦਸੂਹਾ ਨਾਲ ਮਿਲ ਕੇ ਲਗਾਤਾਰ ਪੰਜ ਘੰਟੇ ਸਰਚ ਆਪਰੇਸਨ ਚਲਾਇਆ ਗਿਆ। ਜਿਸ ਦੌਰਾਨ 3 ਵਰਕਿੰਗ ਸਟਿਲਸ, 8 ਤਿਰਪਾਲ, 2 ਡਰੱਮ, 1 ਪਲਾਸਟਿਕ ਦੇ ਡੱਬੇ, 4 ਲੋਹੇ ਦਾ ਟੀਨ ਇਸ ਕਾਰਵਾਈ ਦੌਰਾਨ 27400 ਕਿਲੋ ਲਾਹਣ ਅਤੇ 15 ਬੋਤਲਾਂ ਨਾਜਾਇਜ ਸਰਾਬ ਬਰਾਮਦ ਹੋਈ। ਇਸ ਮੌਕੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਲਾਹਣ ਅਤੇ ਨਾਜਾਇਜ ਸਰਾਬ ਨੂੰ ਮੌਕੇ 'ਤੇ ਹੀ ਨਸਟ ਕਰ ਦਿੱਤਾ ਗਿਆ। ਅੱਜ ਸਵੇਰੇ ਤੜਕਸਾਰ ਪਿੰਡ ਭੀਖੋਵਾਲ ਦੇ ਮੰਡ ਖੇਤਰ ਵਿੱਚ ਇੱਕ ਵਿਸਾਲ ਸਰਚ ਅਭਿਆਨ ਈ. ਟੀ. ਓ. ਸੁਖਵਿੰਦਰ ਸਿੰਘ ਦੀ



ਅਗਵਾਈ ਹੇਠ ਚਲਾਇਆ ਗਿਆ। ਇਸ ਮੌਕੇ ਲਵਪ੍ਰੀਤ ਸਿੰਘ, ਕੁਲਵੰਤ ਸਿੰਘ, ਅਜੇ ਸਰਮਾ, ਅਮਿਤ ਵਿਆਸ ਅਤੇ ਅਨਿਲ ਕੁਮਾਰ ਸਮੇਤ ਐਕਸਾਈਜ ਪੁਲਿਸ ਵੱਲੋਂ ਵਿਸਾਲ ਤਲਾਸੀ ਮੁਹਿੰਮ ਦੌਰਾਨ ਜੋਕਿ ਪਿੰਡ ਭੀਖੋਵਾਲ, ਟੇਰਕਿਆਣਾ ਦੇ ਬਿਆਸ ਦਰਿਆ ਨਾਲ ਲੱਗਦੇ ਮੰਡ ਖੇਤਰਾਂ ਵਿੱਚ ਪੰਜ ਘੰਟੇ ਚੱਲੇ ਅਤੇ ਤਲਾਸੀ ਲਈ ਗਈ।

## ਖੇਤਾਂ 'ਚੋਂ ਨੌਜਵਾਨ ਦੀ ਲਾਸ਼ ਮਿਲਣ ਦੇ ਮਾਮਲੇ 'ਚ ਨਵਾਂ ਮੋੜ, ਪੋਸਟਮਾਰਟਮ 'ਚ ਹੋਇਆ ਵੱਡਾ ਖੁਲਾਸਾ

ਫਰੀਦਕੋਟ 10 ਮਈ। । ਬੀਤੇ ਦਿਨੀਂ ਫਰੀਦਕੋਟ ਦੀ ਟੀਚਰ ਕਲੋਨੀ ਦੇ ਪਿੱਛੇ ਖੇਤਾਂ ਵਿਚ ਇਕ ਨੌਜਵਾਨ ਦੀ ਲਾਸ਼ ਭੇਦਭਰੀ ਹਾਲਤ ਵਿਚ ਮਿਲੀ ਸੀ। ਪਰਿਵਾਰ ਵੱਲੋਂ ਖਦਸ਼ਾ ਜਤਾਇਆ ਜਾ ਰਿਹਾ ਸੀ ਕਿ ਉਸ ਦਾ ਕਤਲ ਕਰ ਕੇ ਲਾਸ਼ ਸੁੱਟ ਦਿੱਤੀ ਗਈ ਹੈ। ਪਰ ਹੁਣ ਉਸ ਦਾ ਪੋਸਟਮਾਰਟਮ ਕਰਵਾਉਣ ਮਗਰੋਂ ਪੁਲਸ ਨੇ ਵੱਡੇ ਖੁਲਾਸੇ ਕੀਤੇ ਹਨ। ਪੁਲਸ ਮੁਤਾਬਕ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ ਕਾਰਨ ਹੋਈ ਹੈ। ਦੂਜੇ ਪਾਸੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਯੁਵਰਾਜ ਕਿਸੇ ਕਿਸਮ ਦਾ ਨਸ਼ਾ ਨਹੀਂ ਕਰਦਾ ਸੀ ਤੇ ਉਨ੍ਹਾਂ ਨੇ ਲਾਸ਼ ਨੂੰ ਸੜਕ 'ਤੇ ਰੱਖ ਕੇ ਮੁਲਜਮਾਂ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ ਹੈ। ਜਾਣਕਾਰੀ ਮੁਤਾਬਕ 3 ਮਈ ਨੂੰ ਸਵੇਰੇ ਟੀਚਰ ਕਲੋਨੀ ਦੇ ਪਿੱਛੇ ਖੇਤਾਂ 'ਚ ਇਕ ਨੌਜਵਾਨ ਦੀ ਭੇਦਭਰੇ ਹਲਾਤ 'ਚ ਲਾਸ਼ ਮਿਲੀ ਸੀ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਵੱਲੋਂ ਲਾਸ਼ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਲਾਸ਼ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਪੁਲਸ ਵੱਲੋਂ ਇਸ ਮਾਮਲੇ ਚ ਵੱਡੇ ਖੁਲਾਸੇ ਕੀਤੇ ਗਏ ਹਨ,



ਜਿਸ ਮੁਤਾਬਕ ਮ੍ਰਿਤਕ ਨੌਜਵਾਨ ਦੀ ਜਾਨ ਨਸ਼ੇ ਦੀ ਓਵਰਡੋਜ ਕਰ ਕੇ ਗਈ ਹੈ। ਦੂਜੇ ਪਾਸੇ ਮ੍ਰਿਤਕ ਦੇ ਪਰਿਵਾਰਕ ਮੈਂਬਰ ਲਗਾਤਾਰ ਹੱਤਿਆ ਦੇ ਇਲਜ਼ਾਮ ਲਗਾ ਰਹੇ ਹਨ। ਪਰਿਵਾਰ ਵੱਲੋਂ ਲਾਸ਼ ਨੂੰ ਸੜਕ 'ਤੇ ਰੱਖ ਕੇ ਮੁਲਜਮਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ ਹੈ। ਲਾਸ਼ ਨੂੰ ਸੜਕ 'ਤੇ ਰੱਖ ਕੇ ਧਰਨਾ ਦੇ ਰਹੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਯੁਵਰਾਜ ਸਿੰਘ ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਕਰਦਾ ਸੀ। ਜਰੂਰ ਉਸ ਨਾਲ ਰੰਜਿਸ਼ ਰੱਖਣ ਵਾਲੇ ਵਿਅਕਤੀਆਂ ਵੱਲੋਂ ਉਸ ਨੂੰ ਜਬਰਦਸਤੀ ਨਸ਼ਾ ਕਰਵਾ ਕੇ ਉਸ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਨੌਜਵਾਨ ਦੇ ਭਰਾ ਦੀ ਜਾਨ ਵੀ ਨਸ਼ਿਆਂ ਕਾਰਨ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਤਕ ਮੁਲਜਮਾਂ ਦੀ ਗ੍ਰਿਫਤਾਰੀ ਨਹੀਂ ਹੁੰਦੀ, ਉਹ ਲਾਸ਼ ਦਾ ਅੰਤਿਮ ਸਸਕਾਰ ਨਹੀਂ ਕਰਨਗੇ। ਇਸ ਸਬੰਧੀ ਜਾਂਚ ਅਧਿਕਾਰੀ ਏ. ਐੱਸ. ਆਈ. ਅਕਲਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਾ ਪੋਸਟਮਾਰਟਮ ਕਰਵਾਇਆ ਗਿਆ ਹੈ, ਜਿਸ ਤੋਂ ਬਾਅਦ ਪਤਾ ਲੱਗਿਆ ਹੈ ਕੇ ਉਸ ਦੀ ਜਾਨ ਨਸ਼ੇ ਦੀ ਓਵਰਡੋਜ ਕਾਰਨ ਗਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਮਾਂ ਦੇ ਬਿਆਨਾਂ 'ਤੇ ਦੋ ਲੋਕਾਂ ਖ਼ਿਲਾਫ ਬਾਇਨੇਮ ਅਤੇ ਕੁੱਝ ਅਣਪਛਾਤੇ ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੁੱਝ ਮੁਹੱਲਾ ਨਿਵਾਸੀਆਂ ਵੱਲੋਂ ਧਰਨਾ ਲਗਾਇਆ ਗਿਆ ਸੀ, ਜਿਨ੍ਹਾਂ ਨੂੰ ਸਮਝਾਉਣ ਤੋਂ ਬਾਅਦ ਮ੍ਰਿਤਕ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ।

## ਪੁਲਸ ਸਟੇਸਨ ਤੋਂ 500 ਮੀਟਰ ਦੂਰ ਸਮਸਾਨਘਾਟ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ

ਜਲੰਧਰ 10 ਮਈ। ਚੋਰਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਚੁੱਕੇ ਕਿ ਉਨ੍ਹਾਂ ਨੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਸ਼ਮਸ਼ਾਨਘਾਟ ਨੂੰ ਵੀ ਨਾ ਬਖਸ਼ਿਆ। ਬਿਆਸ ਪਿੰਡ ਰੋਡ 'ਤੇ ਸਥਿਤ ਸਮਸਾਨਘਾਟ ਤੋਂ ਚੋਰ 400 ਕਿਲੋ ਵਜਨ ਦਾ ਗੇਟ ਸ਼ਨੀਵਾਰ ਦੇਰ ਰਾਤ ਚੋਰੀ ਕਰਕੇ ਫਰਾਰ ਹੋ ਗਏ। ਚੋਰੀ ਦਾ ਉਦੋਂ ਪਤਾ ਲੱਗਾ ਜਦੋਂ ਐਤਵਾਰ ਸਵੇਰੇ ਕੁਝ ਨੌਜਵਾਨ ਸਮਸਾਨਘਾਟ ਦੀ ਸਫਾਈ ਕਰਨ ਆਏ। ਇਸ ਦੀ ਸੂਚਨਾ ਉਨ੍ਹਾਂ



ਕਮੇਟੀ ਮੈਂਬਰਾਂ ਨੂੰ ਦਿੱਤੀ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਗੇਟ 11 ਫੁੱਟ ਚੌੜਾ ਅਤੇ 6.5 ਫੁੱਟ ਉੱਚਾ ਸੀ। ਭਾਰ ਲਗਭਗ 400 ਕਿਲੋਗ੍ਰਾਮ ਸੀ। ਚੋਰਾਂ ਨੇ ਪਹਿਲਾਂ ਉੱਪਰ ਵਾਲੀਆਂ ਕਿੱਲੀਆਂ ਨੂੰ ਸੱਬਲ ਆਦਿ ਨਾਲ ਟੇਢਾ ਕੀਤਾ ਅਤੇ ਗੇਟ ਨੂੰ ਬਾਹਰ ਕੱਢ ਲਿਆ। ਕਮੇਟੀ ਮੈਂਬਰ ਸੁਭਾਸ ਚੰਦਰ ਅਗਰਵਾਲ, ਸੁਖਬੀਰ ਸਿੰਘ ਢਿੱਲੋਂ, ਸਾਬਕਾ ਕੌਂਸਲਰ ਵਿਨੋਦ ਕਸਯਪ, ਜੋਗਿੰਦਰ ਪਾਲ ਅਤੇ ਹੋਰਨਾਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਅਲਾਵਲਪੁਰ ਪੁਲਸ ਚੌਂਕੀ ਦੇ ਇੰਚਾਰਜ ਰਜਿੰਦਰ ਸਰਮਾ ਨੇ ਦੱਸਿਆ ਕਿ ਚੋਰੀ ਦੀ ਜਾਂਚ ਸੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸੜਕ 'ਤੇ ਸਮਸਾਨਘਾਟ ਬਣਿਆ ਹੋਇਆ ਹੈ ਅਤੇ ਕਣਕ ਦਾ ਸੀਜਨ ਹੋਣ ਕਾਰਨ ਇਥੇ ਰਾਤ ਭਰ ਆਵਾਜਾਈ ਰਹਿੰਦੀ ਹੈ। ਪੁਲਸ ਸਟੇਸਨ ਵੀ 500 ਮੀਟਰ ਦੀ ਦੂਰੀ 'ਤੇ ਹੈ। ਫਿਰ ਵੀ ਚੋਰੀ ਹੋ ਗਈ।



**NAME CHANGE**
It is for general information that I, SAFIYA BI D/o AHSAN ALI, residing at Village - Malahpur, Malahpur, Bareilly, Uttar Pradesh - 243503, declare that name of mine has been wrongly written as SAFIYA B in my 10th & 12th Class Educational Documents. The actual name of mine is SAFIYA BI which may be amended accordingly.

**NAME CHANGE**
I, RITIKA JAIN W/O PIYUSH JAIN residing at C-702, VVIP ADDRESSES, VVIP STYLE MALL RAJ NAGAR EXTN. GHAZIABAD, UTTARPRADESH-201017 have changed my minor DAUGHTER name from MAAHI JAIN to MAHI JAIN for all future purposes

**NAME CHANGE**
It is for general information that I, KUMAR BAHADUR S/o VISHNU, R/o S-991, Mangol Puri, Mangolpuri N Block, North West Delhi, Delhi - 110083, declare that name of my minor Son namely ROHAN KUSHWAHA aged 17 years has been wrongly written as ROHAN KHUSHWAHA in his 10th Class Mark sheet. The actual name of my minor Son is ROHAN KUSHWAHA, which may be amended accordingly.

**NAME CHANGE**
I hitherto known as Neha W/O JIJIL A K R/O WP- 139, Wazirpur village , Wazirpur ,Ashok Vihar ,North West Delhi, Delhi-110052 have changed my name and shall hereafter be known as Neha Jijil.

**NAME CHANGE**
I, Indu Arora D/o LAXMI NARAYAN BATRA W/O SURINDER KUMAR R/o 12/3 Block 12 Geeta Colony Delhi- 110031 have changed my name to Indu Permanently

**NAME CHANGE**
I, Shri prakash S/O Jay pal Singh Chauhan R/O C-88 1st floor panchsheel vihar malviya nagar delhi-110017 have changed my name from Shri prakash to Shri prakash Chauhan for all future purposes

**NAME CHANGE**
I,Naveen Jain, S/O PREM CHAND JAIN R/O 27/30,Gali No.9,Vishwash-Nagar, Shahdara, Delhi- 110032, have changed the name of my minor-son NAMELY PARV JAIN Age- 11 Year and he shall hereafter be known as Lavyansh Jain.

**NAME CHANGE**
I KOMAL W/O SANTOSH BASNET R/O KHASRA N0-10/2 GALI N0-7 ROOP VIHAR COLONY MUBARAK PUR DABAS DELHI-110081 HAVE CHANGE MY NAME TO KOMAL BASNET FOR ALL PURPOSE.

**NAME CHANGE**
I, Mohammad Nabeel ahmad s/o Nadim ahmad R/O 2860,kucha. Chalan darya ganj Delhi - 110002 i have changed my name to Mohd Nabeel for all future purposes

**NAME CHANGE**
I hitherto known as BUSHRA KHANAM alias BUSHRA KHAN D/O GULAM ALI KHAN W/O AZHAR AHMAD KHAN R/O F-12, NEW F-BLOCK, RAGHUBIR NAGAR, TAGORE GARDEN, WEST DELHI-110027 have changed my name and shall hereafter be known as BUSHRA KHAN.

**PUBLIC NOTICE**
My clients Rajesh Singh and his wife Satyawati both R/o 264, Gali No. 7/3/5, Shakti Vihar Meethapur Extension, Badarpur New Delhi 110044 has severed all relations and disowned their son Ankush Kumar and his wife Rashmi from their all movable and Immovable Properties due the their disobedience. My clients shall not be responsible for their any civil and criminal activities/ liabilities.
**Krishan Pal Chauhan (Advocate)**
Ch. No.533 Saket Court
New Delhi-17

**NAME CHANGE**
I, KRISHNA VENI mother of NO-16123252W Rank-NK Name-AMPOLU KESAVARAO, R/o DO-NO-11-398A, VILL-DESAAVANI PETA, PO-NARASANNAPETA, TEH-NARASANNAPETA, DIST-SRIKAKULAM, ANDHRA PRADESH-532421 have changed my name from KRISHNA VENI to AMPOLU KRISHNAVENI for all future purposes, in my son's service record my date of birth wrongly mentioned as 01/07/1968 instead of my correct date of birth as 01/01/1967 Vide Affidavit dated 09/05/2024 before Notary Public Delhi.

**NAME CHANGE**
I, Durga shumsher S/O Jhalak Shumser R/O 129 savitri nagar New Delhi - 110017 have changed my name from Durga shumsher to Durga shumser for all future purposes

**NAME CHANGE**
I, Awadhesh Kumar Mishra S/o Janardan Mishra R/o 1189, Parvatiya Colony, Vidhya Sagar School, Sector-22, Faridabad-121005, Haryana, have changed my name to Avadhesh Mishra for all future purposes.

**NAME CHANGE**
I,ZUBER S/O Raisuddin R/o 1676,gali Madarsa Mir Jumla Lal Kuan Delhi 110006 I have changed my name to MOHAMMAD ZUBAIR for all future purposes

**NAME CHANGE**
I, Moon Mandan s/o Naresh Kumar R/o H.No.559, Sector-14, Hisar, Haryana-125001 have changed my name to Madhav Mandan permanently

**NAME CHANGE**
It is for general information that I, ANIL KUMAR S/o PREM CHAND R/o WZ-258A, 80 (YDS) Near Police Chowki Tilak Vihar, Harijan Colony, Tilak Nagar, West Delhi-110018 declare that name of mine has been wrongly written as ANIL KUMAR DHINGAN in my minor daughter namely PRACHI DHINGAN aged 17 years in her 10th class educational documents. The actual name of mine is ANIL KUMAR which may be amended accordingly.

**NAME CHANGE**
I, Mohd Irfan R/o 1075, Shanta Public School, Sui Walan, Darya Ganj, New Delhi-110002, have changed my minor daughter's name from Zoya to Kulsum for all future purposes..

**NAME CHANGE**
I, Surinder Kumar Arora S/o Hari Chand R/o 12/3 Block 12 Geeta Colony Delhi- 110031 have changed my name to Surinder Kumar Permanently

**NAME CHANGE**
It is for general information that I, KULDEEP KAUR W/o GURPREET SINGH R/o 8313, Gali No.04, Multani Dhanda, Pahar Ganj, Delhi-110055 declare that name of mine has been wrongly written as KARAMJEET KAUR, in my AXIS Bank A/C No. 922010027040689. The Actual name of mine is KULDEEP KAUR respectively, which may be amended accordingly.

**DATE OF BIRTH CHANGE**
I, AMPOLU APPANNA father of NO-16123252W Rank- NK Name-AMPOLU KESAVARAO, R/o DO-NO-11-398A, VILL-DESAAVANI PETA, PO-NARASANNAPETA, TEH-NARASANNAPETA, DIST-SRIKAKULAM, ANDHRA PRADESH-532421, in my son's service record my date of birth wrongly mentioned as 01/07/1961 instead of my correct date of birth as 01/01/1957 vide affidavit dated 09/05/2024 before Notary Public Delhi.

**NAME CHANGE**
I GAGAN VASHISHT S/O SUBHASH SHARMA Permanent R/O 934, SECTOR-56, CHANDIGARH, PALSAURA, CHANDIGARH, 160055 and Present R/O PLOT NO-10, KHASRA NO-306, PANDAV NAGAR VILLAGE MEHRAULI, NEAR KRISHNA APPARTMENT, VTC GHAZIABAD, PO KAVI NAGAR, DISTT. GHAZIABAD, UP-201002 have changed the name of my minor son RAJAT SHARMA alias VARNEET VASHISHT aged 10 years and he shall hereafter be known as RAJAT SHARMA.

**Name Correction**
I, ASHISH DANIS ELYAS S/o ARUN ELYAS, MOTHER-SEEMA ELYAS R/ A-13, TOWER-15 TYPE-IV EAST KIDWAI NAGAR, NEW DELHI- 110023 declare that ASHISH ELYAS and ASHISH DANIS ELYAS is the same and one person for all future purpose.

**NAME CHANGE**
It is for general information that I, USHA RANI NANDWANI W/o HARISH KUMAR NANDWANI, R/o 2/77, SUBHASH NAGAR, NEW DELHI-110027 declare that name of mine has been wrongly written as USHA NANDWANI in my Service Record. The actual name of mine is USHA RANI NANDWANI, which may be amended accordingly

**PUBLIC NOTICE**
Information is given to general public at large that our client Mr. Joginder Pal Malhotra S/o Late Mr. Baldev Raj is the owner of Freehold Residential Plot No. 14, area measuring 100 sq. yds., Out of Khasra No. 37/1, 10/1, Situated in the layout plan of Gali no.4, West Laxmi Market near Aram Park in the area of village Khureji Khas Illaqa Shahdara Delhi. By Virtue, Relinquishment Deed dated 10.04.2024 as Doc no. 2024/5/1/2697, Vol no. 3269 Page no. 23-40 SR- VIII-A, In the Chain Document below mentioned Documents not available i.e. SMT of late Mrs. Asha Rani Mahendru died on 30.08.2022 now our client is declaring that that any other Person does not have any right over the said property, and Second Floor without roof rights sold too be Mohd Farhan and Third Floor with roof rights sold too be Mohammad Khursheed and same has been finance by Piramal Capital & Housing Finance Ltd. Branch: Jhendewalan, Delhi. If any person is having objection right of claim against the said property, contact to undersigned along with supporting documents within 07 days from the date of publication of this notice and or the same to the undersigned if found by anyone. Thereafter no claim shall be entertained.
**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432

**PUBLIC NOTICE**
Information is given to general public at large that our client Mr. Vishal purchasing Freehold Residential Built on Flat no. UG-3 & UG-4 Built-up Plot No. 290, area measuring 200 Sq. Yds., Colony Shyampark Main, Village Sahibabad, Tehsil & Distt. Ghaziabad, U.P from Sh. Lakshya Agrawal, initially Smt. Dhram Raji and
Sh. Jokhan Singh was the absolute owner by virtue of Sale deed dated 05.04.1972, thereafter Sh. Jokhan Singh died, after the Death Sh. Jokhan Singh there legal heirs executed Registered Collaboration Agreement dated 26.04.2023 from Sh. Lakshya Agrawal & Sh. Satendra Pal Singh, further Sh. Lakshya Agrawal execute Sale Deed in favour of Borrower Our client is declaring that any other Person does not have any right over the said property, which is to be financed by Piramal Capital & Housing Finance Ltd. (Formerly Piramal Housing Finance Limited) Branch: Rohini, Delhi. If any person(s) have any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432

**ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ**
**ਸਾਧਾਰਨ ਪ੍ਰਸ਼ਾਸਨ ਵਿਭਾਗ**
**(ਸਮਨਵਯ ਸ਼ਾਖਾ)**
**ਦਿੱਲੀ ਸਚਿਵਾਲਯ, ਆਈ. ਪੀ. ਏਸਟੇਟ, ਨਵੀਂ ਦਿੱਲੀ-110002**
**ਜਨਤੱਕ ਸੂਚਨਾ**

ਜਨਸਾਧਾਰਨ ਦੀ ਜਾਣਕਾਰੀ ਦੇ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਜਨਪ੍ਰਤਿਨਿਧੀਤਵ ਅਧਿਨਿਯਮ, 1951 ਦੀ ਧਾਰਾ 135-ਬੀ ਦੇ ਉਪਲਬਧ ਦੇ ਅਨੁਸਾਰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ 'ਚ ਕਿਸੀ ਵਪਾਰ, ਵਪਾਰਕ, ਉਦਯੋਗਿਕ ਉਪਕ੍ਰਮ ਜਾਂ ਕਿਸੀ ਹੋਰ ਪ੍ਰਤਿਸ਼ਠਾਨ/ਸੰਸਥਾਪਨਾ 'ਚ ਕਾਰਜ ਕਰਦੇ ਅਤੇ ਉੱਤਰ ਪ੍ਰਦੇਸ਼ ਦੇ ਹੇਠਲਿਖਿਤ ਨਿਰਵਾਚਨ ਖੇਤਰਾਂ 'ਚ ਮਤਦਾਨ ਦੇ ਪਾਤ੍ਰ ਹਰੇਕ ਵਿਅਕਤੀ ਨੂੰ, ਮਤਦਾਨ ਦੇ ਦਿਨ, ਛੁੱਟੀ ਦਿੱਤੀ ਜਾਵੇਗੀ ਤਾਂਕਿ ਉਹ ਲੋਕ ਸਭਾ ਆਮ ਚੋਣਾਂ-2024 'ਚ ਆਪਣੀ ਵੋਟ ਪਾਉਣ ਦਾ ਅਧਿਕਾਰ ਦਾ ਪ੍ਰਯੋਗ ਕਰ ਸਕੇ।

| ਉੱਤਰ ਪ੍ਰਦੇਸ਼ | ਨਿਰਵਾਚਨ ਖੇਤਰਾਂ ਦੇ ਨਾਮ | ਮਤਦਾਨ ਦੀ ਮਿਤੀ |
|---|---|---|
| ਲੋਕ ਸਭਾ ਆਮ ਚੋਣਾਂ- ਚਤੁਰਥ ਚਰਣ | ਲੋਕ ਸਭਾ ਨਿਰਵਾਚਨ ਖੇਤਰ-ਸ਼ਾਹਜਹਾਂਪੁਰ, ਖੀਰੀ, ਧੌਰਹਰਾ, ਸੀਤਾਪੁਰ, ਹਰਦੋਈ, ਮਿਸ਼੍ਰੀਖ, ਉਨਾਵ, ਫਰੁਖਾਬਾਦ, ਇਟਾਵਾ, ਕੰਨੋਜ਼, ਕਾਨਪੁਰ, ਅਕਬਰਪੁਰ ਅਤੇ ਬਹਿਰਾਈਚ। | 13 ਮਈ, 2024 (ਸੋਮਵਾਰ) |
| | | |
| ਵਿਧਾਨ ਸਭਾ ਨਿਰਵਾਚਨ ਖੇਤਰ ਦਾ ਉਪ-ਨਿਰਵਾਚਨ | ਵਿਧਾਨ ਸਭਾ ਨਿਰਵਾਚਨ ਖੇਤਰ - ਦਦਰੋਲ (136) | 13 ਮਈ, 2024 (ਸੋਮਵਾਰ) |

ਉਕਤ ਛੁੱਟੀ ਦੇ ਕਾਰਣ ਕੋਈ ਵੀ ਵੇਤਨ ਕੱਟਿਆ ਜਾਂ ਰੋਕਿਆ ਨਹੀਂ ਜਾਵੇਗਾ ਅਤੇ ਅਗਰ ਕੋਈ ਵਿਅਕਤੀ ਇਵੇਂ ਆਧਾਰ 'ਤੇ ਨਿਯੁਕਤ ਹੈ ਕਿ ਉਸ ਨੂੰ ਉਸ ਦਿਨ ਦੇ ਲਈ ਸਾਧਾਰਨ : ਕੋਈਹ ਵੇਤਨ ਪ੍ਰਾਪਤ ਨਹੀਂ ਹੋਵੇਗਾ, ਤਾਂ ਵੀ ਉਹਨੂੰ ਉਨ੍ਹਾਂ ਹੀ ਵੇਤਨ ਪ੍ਰਾਪਤ ਹੋਵੇਗਾ ਜਿਵੇਂ ਉਸ ਦਿਨ ਉਸ ਨੇ ਕੋਈ ਛੁੱਟੀ ਨਹੀਂ ਦਿੱਤੀ ਗਈ ਸੀ। ਦੈਨਿਕ ਵੇਤਨ/ਆਕਸਮਿਕ ਕਾਮਗਾਰ ਵੀ ਜਨਪ੍ਰਤਿਨਿਧੀਤਵ ਅਧਿਨਿਯਮ, 1951 ਦੀ ਧਾਰਾ 135-ਬੀ ਦੇ ਅਨੁਸਾਰ ਮਤਦਾਨ ਦੇ ਦਿਨ ਸਵੈਤਨਿਕ ਛੁੱਟੀ ਦੇ ਪਾਤ੍ਰ ਹੋਣਗੇ। ਅਗਰ, ਜਨਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135ਬੀ ਦੇ ਅਨੁਸਾਰ ਇਹ ਧਾਰਾ ਉਨ੍ਹਾਂ ਮਤਦਾਤਾਵਾਂ 'ਤੇ ਲਾਗੂ ਨਹੀਂ ਹੋਵੇਗੀ ਜਿਸਦੀ ਅਨੁਉਪਸਥਿਤੀ ਦੇ ਕਾਰਨ ਉਸਨੂੰ ਰੋਜ਼ਗਾਰ ਨੂੰ ਸੰਕਟ ਜਾਂ ਭਾਰੀ ਨੁਕਸਾਨ ਹੋ ਸਕਦੀ ਹੈ, ਜਿਸ 'ਚ ਉਹ ਕੰਮ ਕਰਦਾ ਹੈ।

ਉਕਤ ਉਪਬੰਧਾਂ ਦਾ ਕਿਸੀ ਵੀ ਪ੍ਰਕਾਰ ਤੋਂ ਉਲੰਘਣ ਲੋਕ ਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135-ਖ (3) ਦੇ ਉਪਬੰਧਾਂ ਦੇ ਅਨੁਸਾਰ ਦੰਡਨੀਯ ਹੈ।

(ਪ੍ਰਦੀਪ ਤਾਯਲ)
ਉਪ-ਸਚਿਵ (ਸਾ.ਪ੍ਰ.ਵਿ./ਸਮਨਵਯ)

DIP/Shabdarth/Classified/0053/24-25

**ਉਤਰ ਰੇਲਵੇ**
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
**ਖੁਲ੍ਹੀ ਈ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਉਤਰ ਰੇਲਵੇ, ਨਵੀਂ ਦਿੱਲੀ ਦੁਆਰਾ ਨਿਮਨ ਕੰਮ ਦੇ ਲਈ ਈ-ਟੈਂਡਰ ਦੇ ਮਾਧਿਅਮ ਨਾਲ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1. | 1. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਜੀਂਦ ਦੇ ਤਹਿਤ ਦਿੱਲੀ ਬਠਿੰਡਾ ਅਨੁਭਾਗ ਲੇਵਲ ਕ੍ਰਾਸਿੰਗ ਨੰਬਰ 'ਤੇ 87 ਅਤੇ 88 ਐਲ.ਐਚ.ਐਸ. ਦੇ ਜਲ ਜਮਾਵ ਨੂੰ ਰੋਕਣ ਦੇ ਲਈ ਮਾਰਗਾਂ ਨੂੰ ਕਵਰ ਲਈ ਕੰਮ। (ਨਿਵਿਦਾ ਸੰਖਿਆ 02-W-IV-24-25)<br>2. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਦਿੱਲੀ ਬਠਿੰਡਾ ਅਨੁਭਾਗ ਲੇਵਲ ਕ੍ਰਾਸਿੰਗ ਸੰਖਿਆ ਤੇ 83 ਅਤੇ 84 ਐਲ.ਐਚ.ਐਸ ਕੇ ਜਲ ਜਮਾਵ ਨੂੰ ਰੋਕਣ ਦੇ ਲਈ ਮਾਰਗਾਂ ਨੂੰ ਕਵਰ ਲਈ ਕੰਮ ਨਿਰਮਾਣ ਲਈ ਕੰਮ। (ਨਿਵਿਦਾ ਸੰਖਿਆ 16-W-IV-24-25)<br>3. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਜਾਖਲ ਦੇ ਤਹਿਤ ਐਲ.ਐਚ.ਐਸ. ਨੰਬਰ 203, 216, 226, 228, 233, 235, 145, 147, 149, 153, 161, 170 ਅਤੇ 200 ਦੇ ਬਚੇ ਕੰਮ ਅਤੇ ਸੋਕ ਵੇਲ, ਅਪ੍ਰੋਚ ਦੀ ਸਤਹਾ, ਵਧਦੀ ਅਪ੍ਰੋਚ ਦੀਵਾਰਾਂ ਅਤੇ ਵਾਟਰ ਪਰੂਫਿੰਗ ਪ੍ਰਦਾਨ ਕਰਨ ਲਈ ਕੰਮ। (ਨਿਵਿਦਾ ਸੰਖਿਆ 17-W-IV-24-25)<br>4. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਜੀਂਦ ਦੇ ਤਹਿਤ ਐਲ.ਐਚ.ਐਸ. ਨੰਬਰ 93, 106, 118 ਅਤੇ 123 ਤੇ ਸੋਕ ਵੇਲ ਪ੍ਰਦਾਨ ਕਰਕੇ ਅਪ੍ਰੋਚ ਦੀ ਸਤਹਾ, ਅਪ੍ਰੋਚ ਦੀਵਾਰਾਂ ਨੂੰ ਉਪਰ ਚੁਕਣਾ ਅਤੇ ਵਾਟਰ ਪਰੂਫਿੰਗ ਅਤੇ ਐਲ.ਐਚ.ਐਸ. 142 ਦੀ ਅਪ੍ਰੋਚ ਦੀਵਾਰ ਦੇ ਨਿਰਮਾਣ ਦਾ ਸੰਤੁਲਨ ਕੰਮ ਅਤੇ ਐਲਐਚਐਸ ਦੀ ਵਾਟਰ ਪਰੂਫਿੰਗ ਦੁਆਰਾ ਵਿਭਿੰਨ ਐਲ.ਐਚ.ਐਸ ਵਿਚ ਸੁਧਾਰ ਲਈ ਕੰਮ। (ਨਿਵਿਦਾ ਸੰਖਿਆ 18-W-IV-24-25)<br>5. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਜਾਖਲ ਦੇ ਤਹਿਤ ਅਨੁਭਾਗ ਵਿਚ ਡਿਜਾਈਨ ਮੋਡ ਦੇ ਲਈ ਯਾਰਡ ਵਿਚ ਸੁਧਾਰ ਅਤੇ ਟ੍ਰੈਕ (ਲੰਬਕਾਰੀ ਅਤੇ ਪਾਸੇ ਦੇ) ਦਾ ਪੂਰਵ ਅਤੇ ਬਾਅਦ ਦਾ ਸਰਵੇਖਣ ਲਈ ਕੰਮ। (ਨਿਵਿਦਾ ਸੰਖਿਆ 20-W-IV-24-25)<br>6. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਜਾਖਲ ਦੇ ਤਹਿਤ ਐਲ.ਐਚ.ਐਸ. ਸੰਖਿਆ 93,106, 118 ਅਤੇ 12 ਐਲ.ਐਚ.ਐਸ. ਸੰਖਿਆ 23, 26 ਅਤੇ 82 ਤੇ ਸੋਕ ਵੇਲ, ਅਪ੍ਰੋਚ ਦੀ ਸਤਹਾ, ਅਪ੍ਰੋਚ ਦੀਵਾਰਾਂ ਨੂੰ ਉਪਰ ਚੁਕਣ ਅਤੇ ਵਾਟਰ ਪਰੂਫਿੰਗ ਪ੍ਰਦਾਨ ਕਰਕੇ ਵਖ-ਵਖ ਐਲ.ਐਚ.ਐਸ. ਵਿਚ ਸੁਧਾਰ ਲਈ ਕੰਮ। (ਨਿਵਿਦਾ ਸੰਖਿਆ 22-W-IV-24-25)<br>7. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਰੋਹਤਕ ਦੇ ਤਹਿਤ ਰੋਹਤਕ-ਪਾਨੀਪਤ ਅਨੁਭਾਗ ਲੇਵਲ ਕ੍ਰਾਸਿੰਗ ਸੰਖਿਆ ਤੇ 10,15,17 ਅਤੇ 22 ਐਲ.ਐਚ.ਐਸ ਦੇ ਜਲ ਜਮਾਵ ਨੂੰ ਰੋਕਣ ਦੇ ਲਈ ਮਾਰਗਾਂ ਨੂੰ ਕਵਰ ਲਈ ਕੰਮ। (ਨਿਵਿਦਾ ਸੰਖਿਆ 23-W-IV-24-25)<br>8. ਕੰਮ ਦਾ ਨਾਮ : ਸਹਾਇਕ ਮੰਡਲ ਇੰਜੀਨੀਅਰ ਰੋਹਤਕ ਦੇ ਤਹਿਤ ਅਪ੍ਰੋਚ ਦੀ ਸਰਫੇਸਿੰਗ, ਅਪ੍ਰੋਚ ਦੀਆਂ ਦੀਵਾਰਾਂ ਨੂੰ ਉਪਰ ਚੁਕਣ ਅਤੇ ਵਾਟ੍ਰ ਪਰੂਫਿੰਗ ਪ੍ਰਦਾਨ ਕਰਕੇ ਵਖ-ਵਖ ਐਲਐਚਐਸ ਵਿਚ ਸੁਧਾਰ ਲਈ ਕੰਮ।। (ਨਿਵਿਦਾ ਸੰਖਿਆ 24-W-IV-24-25) | |
| 2. | ਅੰਦਾਜਨ ਲਾਗਤ | (1) Rs. 17028723.10 (2) Rs. 18108767.46 (3) Rs. 27278284.70 (4) Rs. 17611483.31 (5) Rs. 17899279.71 (6) Rs. 8805160.45 (7) Rs. 35787352.95 (8) Rs. 9208768.77 |
| 3. | ਬਿਆਨਾ ਰਾਸ਼ੀ | (1) Rs. 235200.00 (2) Rs. 240600.00 (3) Rs. 286400.00 (4) Rs. 238100.00 (5) Rs. 239500.00 (6) Rs. 176100.00 (7) Rs. 328900.00 (8) Rs. 184200.00 |
| 4. | ਈ-ਨਿਵਿਦਾ ਖੋਹਲਣ ਅਤੇ ਪੇਸ਼ ਕਰਨ ਦੇ ਲਈ ਮਿਤੀ ਅਤੇ ਸਮਾਂ | ਈ-ਨਿਵਿਦਾ ਭਰਨ ਦਾ ਸਮਾਂ ਕੰਮ 17.05.2024 ਨੂੰ 15.00 ਵਜੇ ਤਕ ਪੇਸ਼ ਕਰਨ ਅਤੇ ਨਿਵਿਦਾ ਖੁਲਣ ਦਾ ਸਮਾਂ ਮਿਤੀ 31.05.2024 ਨੂੰ 15:00 ਵਜੇ |
| 5. | ਨਿਵਿਦਾ ਦੀ ਵੈਬਸਾਈਟ ਜਿਥੇ ਨਿਵਿਦਾ ਫਾਰਮ ਖਰੀਦਿਆ ਜਾ ਸਕਦਾ ਹੈ। | www.ireps.gov.in 'ਤੇ ਉਪਲਬਧ ਹੈ |

ਪੱਤਰ ਨੰਬਰ: 128-ਡਬਲੂ/260/ਨਿਵਿਦਾ ਸੂਚਨਾ/NIT 02, 16,17,18,20,22,23&24-ਡਬਲੂ-4-24-25 ਮਿਤੀ: 08.05.2024 1420/24
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਦੁਨੀਆਂ ਦਾ ਅਨੋਖਾ ਯੂਰਪੀਅਨ ਦੇਸ਼ 'ਆਸਟਰੀਆ'

- ਹਰਦੀਪ ਸਿੰਘ ਮਾਨ

ਆਓ ਇਕ ਅਜਿਹੇ ਦੇਸ਼ ਦੀ ਕਲਪਨਾ ਕਰੀਏ ਜਿਸ ਵਿਚ ਧਰਮ-ਨਿਰਪੱਖਤਾ, ਇਨਸਾਨੀ-ਬਰਾਬਰੀ, ਕਾਨੂੰਨ ਦੀ ਪਾਲਣਾਂ, ਮਨੁੱਖੀ ਅਜ਼ਾਦੀ ਅਤੇ ਹਰ ਅਦਾਰੇ ਤੇ ਨਿਯੰਤਰਣ ਹੋਵੇ, ਜਿੱਥੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰੇ ਰੰਗ, ਨਸਲ, ਮਜ਼੍ਹਬ ਅਤੇ ਵੱਖਰੀ ਦਿੱਖ ਦੇ ਆਧਾਰ ਤੋਂ ਬਿਨਾਂ ਕੰਮ ਕਰਨ। ਜੇ ਦੂਜੇ ਸ਼ਬਦਾਂ ਵਿਚ ਕਹੀਏ, ਇਕ ਆਮ ਨਾਗਰਿਕ ਆਪਣੇ ਦੇਸ਼ ਜਾਂ ਸ਼ਹਿਰ ਤੋਂ ਸ਼ੁੱਧ ਹਵਾ-ਪਾਣੀ, ਸੁਰੱਖਿਅਤ-ਜੀਵਨ, ਰੋਜ਼ਗਾਰ, ਸਰਕਾਰੀ ਸਹੂਲਤਾਂ, ਬੁਨਿਆਦੀ ਹੱਕ, ਸ਼ਾਂਤੀ ਅਤੇ ਇਨਸਾਫ਼ ਦੀ ਉਮੀਦ ਰੱਖਦਾ ਹੈ। ਹੁਣ ਦੇਖਦੇ ਹਾਂ, ਕੀ ਇਹ ਸਾਰੀਆਂ ਖ਼ੂਬੀਆਂ ਆਸਟਰੀਆ ਦੇਸ਼ ਵਿਚ ਹਨ?

ਆਸਟਰੀਆ:ਆਸਟਰੀਆ, ਸੰਸਾਰ ਦੇ ਨਕਸ਼ੇ ਉੱਪਰ ਇਕ ਛੋਟਾ ਜਿਹਾ ਦਿਸਣ ਵਾਲਾ ਦੇਸ਼ ਅੱਜ ਤੋਂ 92 ਸਾਲ ਪਹਿਲਾਂ ਬਹੁਤ ਵੱਡਾ ਹੁੰਦਾ ਸੀ। ਪੂਰੇ ਦੇ ਪੂਰੇ ਦੇਸ਼ ਚੈਕੋ, ਸਲਾਵਾਕੀਆ, ਹੰਗਰੀ, ਸਲਵੇਨੀਆ, ਲਿਖਤਨਸਟਾਈਨ ਅਤੇ ਕੁਝ ਇਲਾਕੇ ਰੁਮਾਨੀਆ, ਇਟਲੀ, ਪੋਲੈਂਡ ਅਤੇ ਯੂਕਰੇਨ ਦੇ ਆਸਟਰੀਆ ਵਿਚ ਸ਼ਾਮਲ ਸਨ। ਆਸਟਰੀਆ ਵਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਾ ਹੋਣ ਕਰਕੇ ਉਹ ਇਸ ਨੂੰ ਆਸਟਰੇਲੀਆ ਨਾਂਵ ਤੇ ਬਦਲ ਦਿੰਦੇ ਹਨ। ਆਸਟਰੀਆ ਦਾ ਖ਼ੇਤਰਫਲ 83,858 ਵਰਗ ਕਿਲੋਮੀਟਰ ਹੈ, ਭਾਵ ਭਾਰਤ ਦਾ ਇਕ ਰਾਜ 'ਅਰੁਣਾਚਲ ਪ੍ਰਦੇਸ਼' ਪੂਰੇ ਆਸਟਰੀਆ ਦੇ ਬਰਾਬਰ ਹੈ। ਆਸਟਰੀਆ ਦੇ 9 ਰਾਜ ਹਨ। 'ਵਿਆਨਾ' ਆਸਟਰੀਆ ਦੀ ਰਾਜਧਾਨੀ ਹੈ। ਆਸਟਰੀਆ ਦੇ ਅੱਠ ਗੁਆਢੀ ਦੇਸ਼ਾਂ ਦੇ ਨਾਮ ਜਰਮਨੀ, ਸਵਿਟਜ਼ਰਲੈਂਡ, ਲਿਖਤਨਸਟਾਈਨ, ਇਟਲੀ, ਸਲਵੇਨੀਆ, ਹੰਗਰੀ, ਸਲਾਵਾਕੀਆ ਅਤੇ ਚੈਕੋ ਹਨ। ਇਸ ਦੇਸ਼ ਦਾ ਕਾਨੂੰਨੀ ਕੋਈ ਧਰਮ ਨਹੀਂ। ਵੈਸੇ, ਆਸਟਰੀਆ ਵਿਚ 78% ਕੈਥੋਲਿਕ, 5% ਪ੍ਰੋਟੈਸਟੈਂਟ, 2% ਮੁਸਲਮ ਧਰਮ ਦੇ ਲੋਕ ਰਹਿੰਦੇ ਹਨ। ਇੱਥੋਂ ਦੀ ਬੋਲੀ ਨੂੰ ਅੰਗ੍ਰੇਜ਼ੀ ਵਿਚ 'ਜਰਮਨ' ਅਤੇ ਜਰਮਨ ਵਿਚ 'ਡੁਚ' ਕਹਿੰਦੇ ਹਨ, ਭਾਵ ਇਸ ਦੇਸ਼ ਨੂੰ ਅੰਗ੍ਰੇਜ਼ੀ ਵਿਚ 'ਆਸਟਰੀਆ' ਅਤੇ ਜਰਮਨ ਜਾਂ ਡੁਚ ਵਿਚ 'ਉਸਟਰਾਹੀਖ਼' ਕਹਿੰਦੇ ਹਨ, ਇਸੇ ਤਰ੍ਹਾਂ ਹੀ ਰਾਜਧਾਨੀ ਨੂੰ ਅੰਗ੍ਰੇਜ਼ੀ ਵਿਚ 'ਵਿਆਨਾ' ਅਤੇ ਜਰਮਨ ਜਾਂ ਡੁਚ ਵਿਚ 'ਵੀਨ' ਕਹਿੰਦੇ ਹਨ।

ਸਰਵੇਖਣਾਂ ਅਨੁਸਾਰ ਆਸਟਰੀਆ ਵਿਚ ਜ਼ਿਆਦਾਤਰ ਮਰਦ 75 ਸਾਲ ਅਤੇ ਔਰਤਾਂ 81 ਸਾਲ ਤੱਕ ਉਮਰ ਭੋਗਦੀਆਂ ਹਨ। ਆਸਟਰੀਆ ਵਿਚ ਸਿਰਫ਼ ਚਾਰ ਰਾਜਨੀਤਿਕ ਪਾਰਟੀਆਂ ਤਾਕਤ ਵਿਚ ਹਨ। ਆਸਟਰੀਅਨ ਨਾਗਰਿਕ ਨੂੰ ਆਮ ਤੌਰ ਤੇ 20% ਟੈਕਸ ਦੇਣਾਂ ਪੈਂਦਾ ਹੈ। ਆਸਟਰੀਆ ਦੀ ਤਰੱਕੀ ਦਾ ਰਾਜ ਇੱਥੇ ਵੱਡੀ ਗਿਣਤੀ ਵਿਚ




ਸੈਲਾਨੀਆਂ ਦਾ ਆਉਣਾਂ ਹੈ। ਸਾਲ ਦੇ 1.5 ਮਿਲੀਅਨ ਸੈਲਾਨੀ ਇੱਕਲੇ ਵਿਆਨਾ ਨੂੰ ਦੇਖਣ ਆਉਂਦੇ ਹਨ ਅਤੇ ਇਹ ਗਿਣਤੀ ਹਰ ਸਾਲ ਵੱਧ ਵੀ ਜਾਂਦੀ ਹੈ। ਆਸਟਰੀਆ ਵੀ ਦੇਸ਼ ਬਾਰੇ ਮਸ਼ਹੂਰੀ ਅਤੇ ਸੈਲਾਨੀਆਂ ਦੀ ਮੰਗਾਂ ਨੂੰ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਇਸ ਦੇਸ਼ ਨੇ ਹਰ ਤਰ੍ਹਾਂ ਦੇ ਮਹਾਨ ਵਿਅਕਤੀ ਪੈਦਾ ਕੀਤੇ ਜਿਵੇਂ ਅਭਿਨੇਤਾ, ਖਿਡਾਰੀ, ਲੇਖਕ, ਸੰਗੀਤਕਾਰ ਵਗੈਰਾ ਵਗੈਰਾ, ਜਿਨ੍ਹਾਂ ਨੇ ਸੰਸਾਰ ਭਰ ਵਿਚ ਆਸਟਰੀਆ ਦਾ ਨਾਮ ਉੱਚਾ ਕੀਤਾ ਅਤੇ ਕਰ ਰਹੇ ਹਨ। ਮਸ਼ਹੂਰ ਅਭਿਨੇਤਾ 'ਆਰਨੋਲਡ ਸਵਾਰਚੇਨੀਗਰ', ਜਿਸ ਨੇ 'ਕਮਾਂਡੋ' ਅਤੇ 'ਦਾ ਟਰਮੀਨੇਟਰ' ਵਰਗੀਆਂ ਅੰਗ੍ਰੇਜ਼ੀ ਫਿਲਮਾਂ ਵਿਚ ਕੰਮ ਕੀਤਾ ਅਤੇ ਹੁਣ ਵੀ ਉਸ ਦੀਆਂ ਨਵੀਆਂ ਫਿਲਮਾਂ ਆ ਰਹੀਆਂ ਹਨ, ਉਸ ਦਾ ਜਨਮ ਆਸਟਰੀਆ ਦੇ ਇਕ ਸ਼ਹਿਰ 'ਗਰਾਸ' ਵਿਚ ਹੀ ਹੋਇਆ ਹੈ। ਆਸਟਰੀਆ ਦੇ ਇਕ ਸੰਸਾਰ ਪ੍ਰਸਿੱਧ ਖਿਡਾਰੀ ਦਾ ਨਾਮ 'ਹਰਮਨ ਮਾਅਰ' ਹੈ, ਜਿਸ ਨੇ ਸਰਦੀ-ਰੁੱਤ ਦੀਆਂ ਖੇਡਾਂ ਵਿਚ ਆਸਟਰੀਆ ਲਈ ਕਈ ਸੋਨੇ ਦੇ ਤਮਗੇ ਜਿੱਤੇ। ਜਿਸ ਤਰ੍ਹਾਂ ਆਰਨੋਲਡ ਨੂੰ ਲੋਕੀਂ ਪਿਆਰ ਨਾਲ 'ਟਰਮੀਨੇਟਰ' ਕਹਿੰਦੇ ਹਨ, ਉਸੇ ਤਰ੍ਹਾਂ ਹਰਮਨ ਨੂੰ 'ਹਰਮੀਨੇਟਰ' ਕਹਿੰਦੇ ਹਨ।

ਆਬਾਦੀ ਘੱਟ ਹੋਣ ਕਰਕੇ ਹਰ ਆਸਟਰੀਅਨ ਨਾਗਰਿਕਤਾ ਪ੍ਰਾਪਤ ਮਰਦ ਨੂੰ 18 ਤੋਂ 35 ਸਾਲ ਦੀ ਉਮਰ ਦੇ ਵਿਚ 8 ਮਹੀਨੇ ਫ਼ੌਜ ਦੀ ਸਿਖਲਾਈ ਲਈ ਜਾਣਾਂ ਪੈਂਦਾ ਹੈ, ਤਾਂਕਿ ਲੜਾਈ ਲੱਗਣ ਤੇ ਸਾਰੇ ਮਰਦ ਆਪਣੇ ਕੰਮ-ਕਾਰ ਛੱਡ ਕੇ ਦੇਸ਼ ਲਈ ਲੜਨ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ। ਔਰਤਾਂ ਫ਼ੌਜੀ ਸਿਖਲਾਈ ਜਾਂ ਫ਼ੌਜ ਵਿਚ ਭਰਤੀ ਹੋਣ ਲਈ ਸਵੈ-ਇਛੁਕ ਜਾ ਸਕਦੀਆਂ ਹਨ, ਪਰ ਸਰੀਰਕ ਅਤੇ ਮਾਨਸਿਕ ਤੌਰ ਤੇ ਸੰਪੂਰਨ ਮਰਦਾਂ ਨੂੰ ਕਾਨੂੰਨੀ ਜਾਣਾਂ ਪੈਂਦਾ ਹੈ। ਫ਼ੌਜੀ ਸਿਖਲਾਈ ਦੌਰਾਨ ਸਰਕਾਰੀ ਬਿੱਲ ਮਾਫ਼ ਕਰ ਦਿੱਤੇ ਜਾਂਦੇ ਹਨ ਅਤੇ ਫ਼ੌਜੀ ਦੇ ਖਰਚਿਆਂ ਅਨੁਸਾਰ ਮਾਲੀ ਮਦਦ ਵੀ ਦਿੱਤੀ ਜਾਂਦੀ ਹੈ। ਆਸਟਰੀਆ ਵਿਚ 6 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਦਾ ਸਕੂਲੇ ਜਾਣਾਂ ਜ਼ਰੂਰੀ ਹੈ। ਇੱਥੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਮੁਫ਼ਤ ਹੈ, ਸਿਰਫ਼ ਕਿਤਾਬਾਂ ਦੀ 10% ਕੀਮਤ ਦੇਣੀ ਪੈਂਦੀ ਹੈ, ਪਰ ਉਨੀ ਕੁ ਸਰਕਾਰ ਵਲੋਂ ਵੀ ਮਾਲੀ ਮਦਦ ਮਿਲ ਜਾਂਦੀ ਹੈ। ਯੂਨੀਵਰਸਿਟੀ ਵਿਚ ਪੜ੍ਹਨਾਂ ਵੀ ਇਸੇ ਤਰ੍ਹਾਂ ਹੀ ਹੈ, ਸਰਕਾਰ ਪੜ੍ਹਾਈ ਦਾ ਖ਼ਰਚਾ ਇਕ ਹੱਥ ਦੇ ਕੇ ਦੂਜੇ ਹੱਥ ਲੈ ਲੈਂਦੀ ਹੈ। ਵਿਦਿਆਰਥੀਆਂ ਨੂੰ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲਦੀਆਂ ਹਨ, ਜਿਵੇਂ ਜਨਤਕ ਗੱਡੀਆਂ ਦੇ ਪਾਸ ਵਿਚ ਛੋਟ।

ਆਸਟਰੀਆ ਵਿਚ ਪਿਛਲੇ ਕੁਝ ਸਾਲਾਂ ਤੋਂ ਬਹੁਤ ਘੱਟ ਬੱਚੇ ਪੈਦਾ ਕੀਤੇ ਜਾ ਰਹੇ ਹਨ, ਸਾਲ 2001 ਵਿਚ ਪਿਛਲੇ ਸਾਲ ਨਾਲੋਂ 3000 ਬੱਚੇ ਘੱਟ ਪੈਦਾ ਹੋਏ, ਇਸ ਲਈ ਸਰਕਾਰ ਦੇਸ਼ ਦੇ ਭਵਿੱਖ ਲਈ ਬਹੁਤ ਚਿੰਤਕ ਹੈ। ਕਿਉਂਕਿ ਜੇ ਦੇਸ਼ ਦੀ ਆਬਾਦੀ ਵਿਚ ਵਾਧਾ ਨਹੀਂ ਹੁੰਦਾ ਜਾਂ ਬਹੁਤ ਹੌਲੀ ਹੁੰਦਾ ਹੈ ਤਾਂ ਪੈਨਸ਼ਨਾਂ ਕੌਣ ਭਰੇਗਾ? ਚਿੰਤਕਾਂ ਨੂੰ ਡਰ ਹੈ ਕਿ ਜੇ ਆਬਾਦੀ ਵਿਚ ਵਾਧਾ ਨਹੀਂ ਹੋਇਆ ਤਾਂ ਸਾਲ 2035 ਵਿਚ ਪੈਨਸ਼ਨਾਂ ਦੇਣੀਆਂ ਅਸੰਭਵ ਹੋ ਜਾਣਗੀਆਂ। ਇਸੇ ਕਰਕੇ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦਾ ਲਾਲਚ ਦਿੱਤਾ ਜਾ ਰਿਹਾ ਹੈ, ਜਿਵੇਂ ਸਰਕਾਰ ਵਲੋਂ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਲੀ ਮਦਦ ਦੇਣੀ, ਮਾਂ ਕੋਲੋਂ ਬੱਚੇ ਦੇ ਬਾਪ ਦਾ ਨਾਮ ਨਾ ਪੁੱਛਣਾਂ। ਹੋਰ ਵਿਕਸਿਤ ਦੇਸ਼ ਵਾਂਗ ਇੱਥੇ ਵੀ ਬੱਚਿਆਂ ਨੂੰ ਮਾਰਨਾ-ਕੁੱਟਣਾਂ ਕਾਨੂੰਨੀ ਜ਼ੁਲਮ ਹੈ। ਸਕੂਲਾਂ ਵਿਚ ਸਮੇਂ ਸਮੇਂ ਤੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਜਾਂਚ ਕੀਤੀ ਜਾਂਦੀ ਹੈ। ਮਾਂ-ਬਾਪ ਨੂੰ ਵੀ ਬੱਚੇ ਦੇ ਪਾਲਣ-ਪੋਸ਼ਣ ਲਈ ਸਰਕਾਰ ਵਲੋਂ ਵੀ ਮਾਲੀ ਮਦਦ ਦੇ ਨਾਲ ਨਾਲ ਸਖ਼ਤ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ। ਰਾਤਾਂ ਨੂੰ ਛੋਟੀ ਉਮਰ ਦੇ ਬੱਚਿਆਂ ਨੂੰ ਨਾਲ ਲੈ ਕੇ ਘੁੰਮਣਾਂ ਮਨ੍ਹਾਂ ਹੈ। ਹੋਰ ਜੋ ਸਭ ਕੁਝ ਬਾਕੀ ਵਿਕਸਿਤ ਦੇਸ਼ਾਂ ਵਿਚ ਹੁੰਦਾ ਹੈ, ਉਹ ਇੱਥੇ ਵੀ ਹੁੰਦਾ ਹੈ। ਇੱਥੇ ਵੀ ਜਵਾਨ ਮੁੰਡੇ-ਕੁੜੀਆਂ ਨੂੰ ਹੱਦੋਂ ਵੱਧ ਆਜ਼ਾਦੀ ਹੈ। ਸੜਕਾਂ ਤੇ ਨੰਗੇਜ਼ਵਾਦ ਅਤੇ ਮੁੰਡੇ-ਕੁੜੀਆਂ ਦੀਆਂ ਅਸ਼ਲੀਲ





ਹਰਕਤਾਂ ਆਮ ਦੇਖਣ 'ਚ ਆਉਂਦੀਆਂ ਹਨ। ਕੁੜੀਆਂ 22 ਸਾਲਾਂ ਦੀਆਂ ਹੋ ਕੇ ਪਰਿਵਾਰ ਨਾਲੋਂ ਵੱਖ ਹੋ ਕੇ ਰਹਿਣ ਲੱਗ ਪੈਂਦੀਆਂ ਹਨ ਅਤੇ ਮੁੰਡੇ 24 ਸਾਲ ਦੇ। ਵਿਆਨਾ ਵਿਚ 44.5% ਲੋਕ ਇੱਕਲੇ ਰਹਿ ਰਹੇ ਹਨ। ਇੱਥੇ ਵੀ ਬੰਦੇ ਬੰਦਿਆਂ ਨਾਲ ਵਿਆਹ ਕਰਵਾਈ ਜਾ ਰਹੇ ਹਨ ਅਤੇ ਔਰਤਾਂ ਔਰਤਾਂ ਨਾਲ। ਅਣ-ਵਿਆਹੇ ਇੱਕਠਿਆਂ ਰਹਿਣ ਦਾ ਰੁਝਾਨ ਵੱਧ ਰਿਹਾ ਹੈ। ਆਸਟਰੀਆ ਵਿਚ ਸਾਲ 2001 ਪੈਦਾ ਹੋਏ ਹਰ ਤੀਜੇ ਬੱਚੇ ਦੇ ਮਾਂ-ਬਾਪ ਅਣ-ਵਿਆਹੇ ਹਨ।ਆਬਾਦੀ: ਇਸ ਦੇਸ਼ ਦੀ ਜਨਸੰਖਿਆ ਸਾਲ 2001 ਦੇ ਸਰਕਾਰੀ ਅੰਕੜਿਆਂ ਅਨੁਸਾਰ 80,65,465 ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਦੇ ਸਾਰੇ ਹੀ ਰਾਜਾਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਇਕੱਲੇ ਵਿਆਨਾ ਸ਼ਹਿਰ ਵਿਚ ਮਰਦਾਂ ਨਾਲੋਂ 86,000 ਜ਼ਿਆਦਾ ਔਰਤਾਂ ਰਹਿ ਰਹੀਆਂ ਹਨ, ਕੁਝ ਲੋਕਾਂ ਲਈ ਸ਼ਾਇਦ ਇਹ ਸਵਰਗ ਦੀ ਕਲਪਨਾ ਹੋਵੇਗੀ। ਮਰਦਾਂ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਇਹ ਅੰਤਰ ਸੰਸਾਰ ਯੁੱਧਾਂ ਵਿਚ ਬਹੁਤੇ ਮਰਦਾਂ ਦਾ ਮਾਰੇ ਜਾਣਾ ਅਤੇ ਵਿਕਸਿਤ ਸਮਾਜ ਵਿਚ ਧੀ-ਪੁੱਤਰ ਨੂੰ ਇਕ ਬਰਾਬਰ ਸਮਝਣਾਂ ਹੈ। ਪਿਛਲੇ ਦਸ ਸਾਲਾਂ ਵਿਚ ਆਸਟਰੀਆ ਦੀ ਆਬਾਦੀ 3.5% ਵਧੀ ਹੈ। ਸਾਰੇ ਆਸਟਰੀਆ ਵਿਚ 9.3% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ, ਜੋ ਕਿ ਯੂਰਪੀਅਨ ਯੂਨੀਅਨ ਦੇਸ਼ਾਂ ਨਾਲੋਂ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿਚ ਜ਼ਿਆਦਾ ਯੂਗੋ, ਸਲਾਵੀਅਨ, ਟੁਰਕੀ ਅਤੇ ਪੋਲੈਂਡੀਅਨ ਹਨ।

ਅਖ਼ਬਾਰਾਂ ਵੇਚਣ ਦੇ ਕੰਮ ਲਈ ਵਿਸ਼ੇਸ਼ ਵੀਜ਼ੇ ਖੁਲ੍ਹਣ ਕਰਕੇ ਸਾਲ 1980 ਵਿਚ ਭਾਰਤੀਆ ਨੇ ਆਸਟਰੀਆ ਆਉਣਾਂ ਸ਼ੁਰੂ ਕੀਤਾ। ਆਸਟਰੀਆ ਵਿਚ ਸਾਲ 2001 ਵਿਚ 5127 ਭਾਰਤੀ ਨਾਗਰਿਕਤਾ ਵਾਲੇ ਦਰਜ ਸਨ। ਪਿਛਲੇ ਸਾਲ 91 ਭਾਰਤੀ ਬੱਚਿਆਂ ਨੇ ਆਸਟਰੀਆ ਵਿਚ ਜਨਮ ਲਿਆ। 678 ਭਾਰਤੀਆਂ ਨੇ ਸਾਲ 2001 ਵਿਚ ਆਸਟਰੀਅਨ ਪਾਸਪੋਰਟ ਲਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਸਟਰੀਆ ਦੇ ਸਾਰੇ ਰਾਜਾਂ ਵਿਚ ਆਪਣੇ ਭਾਰਤੀ ਹਨ, ਪਰ ਵੱਡੀ ਗਿਣਤੀ, ਸਾਲ 2001 ਵਿਚ 3756 ਭਾਰਤੀ ਨਾਗਰਿਕਤਾ ਵਾਲੇ, ਵਿਆਨਾ ਵਿਚ ਹੀ ਹੈ। ਜੇ ਸਾਰੇ ਆਸਟਰੀਆ ਵਿਚ ਸਾਲ 1979 ਤੋਂ ਲੈ ਕੇ ਸਾਲ 2001 ਤੱਕ ਭਾਰਤੀ ਪਾਸਪੋਰਟਾਂ ਨੂੰ ਦੇ ਕੇ ਆਸਟਰੀਅਨ ਪਾਸਪੋਰਟ ਲੈਣ ਵਾਲਿਆਂ ਦੀ ਗਿਣਤੀ ਦਾ ਕੁਲ ਜੋੜ ਲਾਈਏ ਤਾਂ ਇਹ 5670 ਬਣਦੀ ਹੈ। ਜ਼ਿਆਦਾਤਰ ਪੰਜਾਬ ਅਤੇ ਕੇਰਲਾ ਤੋਂ ਭਾਰਤੀ ਆਸਟਰੀਆ ਵਿਚ ਹਨ। ਦੇਖਣ ਵਿਚ ਆਇਆ ਹੈ ਕਿ ਇੱਥੇ ਹੋਰ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਭਾਰਤੀਆਂ ਨੂੰ ਵੀਜ਼ੇ ਅਤੇ ਆਸਟਰੀਅਨ ਪਾਸਪੋਰਟ ਸੌਖੇ ਅਤੇ ਛੇਤੀ ਮਿਲ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਭਾਰਤੀਆਂ ਦੇ ਮਿਹਨਤੀ, ਅਮਨਪਸੰਦ ਅਤੇ ਖੁਲ੍ਹੇ ਸੁਭਾਅ ਵਾਰੇ ਪਤਾ ਹੈ। ਸਾਲ 2001 ਵਿਚ 429 ਭਾਰਤੀ ਆਸਟਰੀਆ ਛੱਡ ਕੇ ਚਲੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1978 ਵਿਚ ਪਹਿਲੀ ਬਾਰ 8 ਭਾਰਤੀਆਂ ਨੇ ਆਸਟਰੀਅਨ ਸਿਆਸੀ-ਪਨਾਹ ਲਈ ਸੀ, ਪਰ ਸਾਲ 2000 ਵਿਚ ਇਹ ਵਧ ਕੇ 2441 ਹੋ ਗਈ। ਸਾਲ 2001 ਵਿਚ 1804 ਭਾਰਤੀ ਸਿਆਸੀ ਪਨਾਹਗੀਰ ਸਨ। ਸਭ ਤੋਂ ਵੱਧ ਇੱਥੇ ਅਫ਼ਗਾਨਿਸਤਾਨ ਅਤੇ ਇਰਾਨ ਤੋਂ ਲੋਕ ਸਿਆਸੀ ਪਨਾਹ ਲਈ ਆਉਂਦੇ ਹਨ।

ਵਿਆਨਾ: ਕਿਉਂਕਿ ਹਰ ਦੇਸ਼ ਦੀ ਰਾਜਧਾਨੀ ਉਸ ਦੇਸ਼ ਦਾ ਕੇਂਦਰੀ ਧੁਰਾ ਹੁੰਦਾ ਹੈ, ਇਸ ਕਰਕੇ 'ਵਿਆਨਾ' ਬਾਰੇ ਵਿਸਥਾਰਪੂਰਕ ਦੱਸਦੇ ਹਾਂ। ਵਿਆਨਾ ਵਿਚ ਰੋਜ਼ਗਾਰ ਦੇ ਸਾਧਨ ਜ਼ਿਆਦਾ ਹੋਣ ਕਰਕੇ ਇੱਥੇ ਸੰਸਾਰ ਦੇ ਸਾਰੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਸਾਲ 2001 ਵਿਚ ਸਿਰਫ਼ 6.1% ਨਾਗਰਿਕ ਆਸਟਰੀਆ ਵਿਚ ਬੇਰੁਜ਼ਗਾਰ ਸਨ। ਭਾਵੇਂ ਵਿਆਨਾ ਆਸਟਰੀਆ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਛੋਟਾ ਹੈ, ਪਰ ਰਾਜਧਾਨੀ ਹੋਣ ਕਰਕੇ ਇਸ ਦੀ ਆਬਾਦੀ (15,62,482) ਬਾਕੀ ਰਾਜਾਂ ਨਾਲੋਂ ਜ਼ਿਆਦਾ ਹੈ, ਇਸੇ ਕਰਕੇ ਹੀ ਸਾਰੇ ਰਾਜਾਂ ਨਾਲੋਂ ਵੱਧ ਵਿਆਨਾ ਦੇ 17.7% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ।

ਵਿਆਨਾ ਵਿਚ ਜਗ੍ਹਾ ਥੋੜ੍ਹੀ ਅਤੇ ਆਬਾਦੀ ਜ਼ਿਆਦਾ ਹੋਣ ਕਰਕੇ ਜ਼ਿਆਦਾਤਰ ਲੋਕ ਫਲੈਟਾਂ (ਬਿਲਡਿੰਗਾਂ) ਵਿਚ ਰਹਿੰਦੇ ਹਨ, ਸਿਰਫ਼ 8.1% ਲੋਕ ਆਪਣੇ ਘਰਾਂ (ਹਾਊਸ) ਵਿਚ ਰਹਿੰਦੇ ਹਨ। ਵਿਆਨਾ ਦੇ ਫਲੈਟਾਂ ਦੀ ਕੀਮਤ ਲਗਪਗ ਇੰਗਲੈਂਡ ਦੇ ਘਰਾਂ ਜਿੰਨੀ ਹੈ। ਆਸਟਰੀਆ ਵਿਚ ਕੰਮ ਕਰਨ ਵਾਲਿਆਂ ਨੂੰ ਸਾਲ ਦੀਆਂ ਚੌਦਾਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਸਾਲ ਦੀਆਂ 15 ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਵਧੇਰੇ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਚ ਵੀ ਆਸਟਰੀਆ ਮੋਹਰੀ ਦੇਸ਼ਾਂ ਵਿਚ ਆਉਂਦਾ ਹੈ। ਇਸ ਤੋਂ ਇਲਾਵਾ ਕਾਮਾਂ ਤਨਖ਼ਾਹ ਤੇ ਸਾਲ ਵਿਚ ਪੰਜ ਹਫ਼ਤੇ ਦੀਆਂ ਛੁੱਟੀਆਂ ਲੈ ਸਕਦਾ ਹੈ। ਵਿਆਨਾ ਦੀ ਸਫ਼ਾਈ ਦੀ ਗੱਲ ਕਰੀਏ ਤਾਂ ਇੱਥੇ ਹਰ ਤਰ੍ਹਾਂ ਦੇ ਕੂੜੇ ਲਈ ਵੱਖਰਾ ਕੂੜੇਦਾਨ ਹੈ। ਜ਼ਿਆਦਾਤਰ ਬਹੁ-ਮੰਜ਼ਿਲੀ ਇਮਾਰਤਾਂ ਵਿਚ ਦੋ ਤਰ੍ਹਾਂ ਦੇ ਕੂੜੇਦਾਨ ਹੁੰਦੇ ਹਨ। ਇਕ ਵਿਚ ਕਾਗਜ਼ ਅਤੇ ਦੂਸਰੇ ਵਿਚ ਸਭ ਕੁਝ ਸੁੱਟ ਸਕਦੇ ਹੋ। ਬਿਲਡਿੰਗਾਂ ਤੋਂ ਕੁਝ ਦੂਰੀ ਤੇ ਛੇ ਤਰ੍ਹਾਂ ਦੇ ਕੂੜੇਦਾਨ ਰੱਖੇ ਹੁੰਦੇ ਹਨ, ਜਿਨ੍ਹਾਂ ਵਿਚ ਪਲਾਸਟਿਕ, ਫੁੱਲ-ਬੂਟੇ, ਰੰਗੀਨ ਕੱਚ, ਚਿੱਟਾ ਕੱਚ, ਲੋਹਾ ਅਤੇ ਕੱਪੜੇ ਸੁੱਟੇ ਜਾਂਦੇ ਹਨ।

---

ਕਥਾ ਪ੍ਰਵਾਹ

-ਬਲਦੇਵ ਸਿੰਘ ਸਿੱਧੂ

## ਤਿੰਨ ਬਹਾਦਰ ਯੋਧੇ

ਜੇ ਅਸੀਂ ਵਿਸ਼ਵ ਦੇ ਇਤਿਹਾਸ ਦੇ ਪੰਨੇ ਵੇਖੀਏ-ਪੜ੍ਹੀਏ ਤਾਂ ਹਰੇਕ ਦੇਸ਼ ਅਤੇ ਕੌਮ ਦਾ ਇਤਿਹਾਸ ਵੀਰਾਂ-ਬਹਾਦਰਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ। ਹਰ ਕਾਲ ਤੇ ਯੁੱਗ ਵਿੱਚ ਅਜਿਹੇ ਸੂਰਮੇ ਹੋਏ ਹਨ ਜਿਨ੍ਹਾਂ ਨੇ ਆਪਣੇ ਸਾਹਸ ਭਰੇ ਕਾਰਨਾਮਿਆਂ ਨਾਲ ਲੋਕਾਂ 'ਚ ਉਤਸ਼ਾਹ ਪੈਦਾ ਕਰ ਕੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ। ਇਹ ਕਹਾਣੀ ਹਜ਼ਾਰਾਂ ਸਾਲ ਪੁਰਾਣੀ ਹੈ। ਕਹਿੰਦੇ ਹਨ ਕਿ ਰੋਮ 'ਤੇ ਟਾਰਕਿਵਨ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹ ਬਹੁਤ ਹੀ ਜ਼ਾਲਮ ਪ੍ਰਵਿਰਤੀ ਦਾ ਸ਼ਾਸਕ ਸੀ ਜੋ ਜਨਤਾ ਤੋਂ ਭਾਰੀ ਟੈਕਸ ਵਸੂਲ ਕਰਦਾ ਅਤੇ ਉਸ ਆਮਦਨ ਆਮਦਨ ਨੂੰ ਆਪਣੀ ਐਸ਼ੋ-ਇਸ਼ਰਤ 'ਤੇ ਅੰਨ੍ਹੇਵਾਹ ਖਰਚ ਕਰਦਾ ਸੀ। ਲੋਕ ਭਲਾਈ ਨਾਲ ਉਸ ਦਾ ਦੂਰ ਨੇੜੇ ਦਾ ਵਾਸਤਾ ਨਹੀਂ ਸੀ। ਇਸ ਕਰਕੇ ਪਰਜਾ ਉਸ ਦੇ ਤਾਨਾਸ਼ਾਹੀ ਰਵੱਈਏ ਤੋਂ ਪੂਰੀ ਤਰ੍ਹਾਂ ਤੰਗ ਹੋ ਗਈ। ਅੰਤ ਲੋਕਾਂ ਨੇ ਰਾਜੇ ਵਿਰੁੱਧ ਬਗ਼ਾਵਤ ਕਰ ਦਿੱਤੀ। ਰਾਜ ਪਲਟੇ ਤੋਂ ਬਾਅਦ ਪਰਜਾ ਨੇ ਫ਼ੈਸਲਾ ਕੀਤਾ ਕਿ ਦੇਸ਼ ਦਾ ਸ਼ਾਸਨ ਕਿਸੇ ਬਾਦਸ਼ਾਹ ਦੇ ਅਧੀਨ ਨਹੀਂ ਸਗੋਂ ਵਿਦਵਾਨ ਅਤੇ ਬੁੱਧੀਮਾਨ ਲੋਕਾਂ ਦੀ ਇੱਕ ਸਭਾ ਰਾਜ ਦਾ ਪ੍ਰਬੰਧ ਕਰੇਗੀ। ਬਾਦਸ਼ਾਹ ਟਾਰਕਿਵਨ ਦੇ ਮਨ 'ਚ ਰਾਜ ਦੇ ਖੋਹੇ ਜਾਣ ਦਾ ਬਹੁਤ ਦੁੱਖ ਸੀ ਪਰ ਉਹ ਐਨੀ ਆਸਾਨੀ ਨਾਲ ਹਾਰ ਮੰਨਣ ਵਾਲਾ ਨਹੀਂ ਸੀ। ਉਹ ਰਾਜਗੱਦੀ ਦਾ ਬਹੁਤ ਭੁੱਖਾ ਸੀ ਤੇ ਉਸ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਸੀ। ਉਸ ਨੇ ਗੁਆਂਢੀ ਰਾਜੇ ਲਾਰਸ ਪ੍ਰੋਸੇਨ ਤੋਂ ਸਹਾਇਤਾ ਮੰਗੀ। ਟਾਰਕਿਵਨ ਨੇ ਉਸ ਨੂੰ ਭੜਕਾਇਆ ਕਿ ਜਿਵੇਂ ਅੱਜ ਮੇਰਾ ਰਾਜ ਖੋਹ ਲਿਆ ਗਿਆ ਹੈ, ਉਸ ਪ੍ਰਕਾਰ ਹੀ ਦੇਸ਼ ਦੀ ਜਨਤਾ ਕੱਲ੍ਹ ਨੂੰ ਤੈਨੂੰ ਵੀ ਗੱਦੀ ਤੋਂ ਲਾਹ ਸਕਦੀ ਹੈ। ਇਸ ਪ੍ਰਵਿਰਤੀ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਰੋਮ ਦੀ ਜਨਤਾ ਨੂੰ ਸਬਕ ਸਿਖਾਇਆ ਜਾਵੇ। ਲਾਰਸ ਪ੍ਰੋਸੇਨ ਇਸ ਗੱਲ ਤੋਂ ਬਹੁਤ ਡਰ ਗਿਆ ਅਤੇ ਉਸ ਨੇ ਟਾਰਕਿਵਨ ਦੀ ਸਹਾਇਤਾ ਲਈ ਵਿਸ਼ਾਲ ਸੈਨਾ ਭੇਜ ਦਿੱਤੀ। ਸੈਨਿਕਾਂ ਦੇ ਹੱਥਾਂ 'ਚ ਤਲਵਾਰਾਂ ਅਤੇ ਬਰਛੇ ਚਮਕ ਰਹੇ ਸਨ ਤੇ ਉਨ੍ਹਾਂ ਦੇ ਕਦਮਾਂ ਦੀ ਧੂੜ ਅਸਮਾਨ ਵੱਲ ਉੱਡਦੀ ਸਾਫ਼ ਵਿਖਾਈ ਦੇ ਰਹੀ ਸੀ। ਉਹ ਰਸਤੇ 'ਚ ਆਉਂਦੇ ਪਿੰਡ ਨੂੰ ਲੁੱਟਣ ਤੋਂ ਬਾਅਦ ਅੱਗ ਲਾ ਦਿੰਦੇ ਸਨ। ਇਸ ਤਰ੍ਹਾਂ ਪਿੰਡਾਂ ਦੇ ਲੋਕ ਡਰਦੇ ਹੋਏ ਜਿੰਨਾ ਵੀ ਸਾਮਾਨ ਲਿਜਾ ਸਕਦੇ ਸਨ, ਉਸ ਨੂੰ ਲੈ ਕੇ ਰੋਮ ਵੱਲ ਭੱਜਣ ਲੱਗੇ। ਸਭ ਦੀਆਂ ਅੱਖਾਂ 'ਚ ਡਰ ਸਾਫ਼ ਦਿਖਾਈ ਦੇ ਰਿਹਾ ਸੀ। ਉਹ ਡਿੱਗਦੇ-ਢਹਿੰਦੇ ਰੋਮ ਵੱਲ ਭੱਜ ਰਹੇ ਸਨ। ਰੋਮ ਦਾ ਸੁੰਦਰ ਸ਼ਹਿਰ ਟਾਈਬਰ, ਟਾਈਬਰ ਨਦੀ ਦੇ ਕਿਨਾਰੇ ਵਸਿਆ ਹੋਇਆ ਸੀ ਅਤੇ ਸ਼ਹਿਰ ਵਿੱਚ ਪ੍ਰਵੇਸ਼ ਹੋਣ ਲਈ ਨਦੀ 'ਤੇ ਇੱਕ ਲੱਕੜ ਦਾ ਜ਼ਬਰਦਸਤ ਪੁਲ਼ ਬਣਿਆ ਹੋਇਆ ਸੀ। ਉਹ ਪੁਲ਼ ਆਪਣੇ ਸਮੇਂ ਦਾ ਕਲਾ ਦਾ ਉੱਤਮ ਨਮੂਨਾ ਸੀ ਤੇ ਲੋਕ ਦੂਰੋਂ-ਦੂਰੋਂ ਉਸ ਨੂੰ ਵੇਖਣ ਲਈ ਆਉਂਦੇ ਸਨ। ਉਸ ਪੁਲ਼ ਦੀ ਇੱਕ ਖ਼ਾਸੀਅਤ ਇਹ ਸੀ ਕਿ ਉਹ ਐਨਾ ਤੰਗ ਸੀ ਕਿ ਉਸ ਉੱਤੇ ਇੱਕ ਵਾਰ ਜ਼ਿਆਦਾ ਤੋਂ ਜ਼ਿਆਦਾ ਤਿੰਨ ਆਦਮੀ 'ਕੱਠੇ ਖੜ੍ਹੇ ਹੋ ਸਕਦੇ ਸਨ। ਨਦੀ ਦੇ ਇੱਕ ਪਾਸੇ ਰੋਮ ਅਤੇ ਦੂਜੇ ਪਾਸੇ ਜੈਨਿਕੁਲਮ ਦਾ ਕਿਲ੍ਹਾ ਸੀ। ਉਹ ਕਿਲ੍ਹਾ ਵੈਰੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ। ਕਿਲ੍ਹੇ ਦੇ ਸੈਨਿਕਾਂ ਨੇ ਸ਼ੋਰ ਦੀ ਆਵਾਜ਼ ਸੁਣੀ ਤਾਂ ਉਹ ਬਾਹਰ ਆ ਗਏ। ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਰੋ-ਰੋ ਕੇ ਸਾਰਾ ਹਾਲ ਸੁਣਾਇਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਲੁੱਟਿਆ ਗਿਆ ਤੇ ਸੰਪਤੀ ਮਚਾ ਦਿੱਤੀ ਗਈ। ਉਨ੍ਹਾਂ ਨੇ ਸੈਨਿਕਾਂ ਤੋਂ ਸੁਰੱਖਿਆ ਲਈ ਬੇਨਤੀ ਕੀਤੀ। ਇਹ ਸਾਰਾ ਹਾਲ ਸੁਣ ਕੇ ਕਿਲ੍ਹੇ ਦੇ ਸੈਨਾਪਤੀ ਨੇ ਕਿਹਾ, "ਹੁਣ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਪੁਲ਼ ਨੂੰ ਪਾਰ ਕਰਦੇ ਹੋਏ ਸ਼ਹਿਰ 'ਚ ਚਲੇ ਜਾਓ। ਸ਼ਹਿਰ ਦੇ ਚਾਰੇ ਪਾਸੇ ਘੇਰਾਬੰਦੀ ਬਹੁਤ ਮਜ਼ਬੂਤ ਹੈ। ਤੁਸੀਂ ਲੋਕ ਅੰਦਰ ਜਾ ਕੇ ਪੂਰੀ ਤਰ੍ਹਾਂ ਸੁਰੱਖਿਅਤ ਰਹੋਗੇ। ਅਸੀਂ ਵੈਰੀਆਂ ਨਾਲ ਮੁਕਾਬਲਾ ਕਰਾਂਗੇ।"

ਇਸ ਤਰ੍ਹਾਂ ਪਿੰਡਾਂ ਦੇ ਲੋਕ ਬੇਫ਼ਿਕਰ ਹੋ ਕੇ ਪੁਅ ਰਾਹੀਂ ਰੋਮ ਦੀ ਮਜ਼ਬੂਤ ਬਣੀ ਹੋਈ ਚਾਰਦੀਵਾਰੀ 'ਚ ਪਹੁੰਚ ਗਏ ਤੇ ਉੱਥੋਂ ਦੇ ਲੋਕਾਂ ਨੂੰ ਹੱਡ-ਬੀਤੀ ਸੁਣਾਉਣ ਲੱਗੇ। ਇਸ ਦੇ ਦੂਜੇ ਪਾਸੇ ਜੈਨਿਕੁਲਮ ਕਿਲ੍ਹੇ ਦੇ ਸੈਨਿਕਾਂ ਨੇ ਜਦੋਂ ਦੁਸ਼ਮਣਾਂ ਦੇ ਕਦਮਾਂ ਨਾਲ ਆਸਮਾਨ ਵੱਲ ਉੱਡਦੀ ਹੋਈ ਧੂੜ ਵੇਖੀ ਤਾਂ ਖ਼ਤਰੇ ਦਾ ਅਲਾਰਮ ਵਜਾਉਂਦੇ ਹੋਏ ਸਭ ਨੂੰ ਸੁਚੇਤ ਰਹਿਣ ਦੇ ਨਿਰਦੇਸ਼ ਦੇ ਦਿੱਤੇ। ਰੋਮ ਦੇ ਨਿਵਾਸੀ ਆਪਣੀਆਂ ਛੱਤਾਂ ਉੱਪਰ ਖੜ੍ਹੇ ਹੋ ਕੇ ਦੁਸ਼ਮਣ ਦੀ ਸੈਨਾ ਨੂੰ ਵੇਖਣ ਲੱਗੇ। ਜ਼ਿਆਦਾਤਰ ਲੋਕਾਂ ਦੀਆਂ ਅੱਖਾਂ 'ਚ ਦਹਿਸ਼ਤ ਦੇ ਚਿੰਨ੍ਹ ਸਾਫ਼ ਦਿਖਾਈ ਦੇ ਰਹੇ ਸਨ ਤੇ ਕੁਝ ਕੁ ਪੂਰੇ ਜੋਸ਼ ਨਾਲ ਗੱਲਾਂ ਕਰਨ ਲੱਗੇ।

ਦੁਸ਼ਮਣ ਦੀ ਸੈਨਾ ਨਜ਼ਦੀਕ ਪਹੁੰਚਣ 'ਤੇ ਕਿਲ੍ਹੇ ਦੇ ਸੈਨਿਕਾਂ ਨੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਦੋਵਾਂ ਵਿਚਕਾਰ ਘਮਸਾਨ ਯੁੱਧ ਛਿੜ ਪਿਆ।

ਇਹ ਕਹਾਣੀ ਸੁਣ ਕੇ ਪ੍ਰਧਾਨ ਮੰਤਰੀ ਕੁਝ ਸਮਾਂ ਚਿੰਤਾ ਦੀ ਸਥਿਤੀ 'ਚ ਘੁੰਮਦੇ ਰਹੇ ਅਤੇ ਫਿਰ ਯਕਦਮ ਬੋਲ ਪਏ, "ਰੋਮ ਵਿੱਚ ਪ੍ਰਵੇਸ਼ ਹੋਣ ਲਈ ਇੱਕ ਹੀ ਰਸਤਾ ਹੈ ਤੇ ਉਹ ਲੱਕੜ ਦਾ ਪੁਲ਼ ਹੈ। ਜੇ ਉਸ ਪੁਲ਼ ਨੂੰ ਕਿਸੇ ਤਰੀਕੇ ਨਾਲ ਕੱਟ ਦਿੱਤਾ ਜਾਵੇ ਤਾਂ ਵੈਰੀ ਸ਼ਹਿਰ 'ਚ ਨਹੀਂ ਆ ਸਕਦਾ।" ਸਾਰੇ ਇਸ ਦਲੀਲ ਨਾਲ ਸਹਿਮਤ ਹੋ ਗਏ ਪਰ ਇਹ ਕੰਮ ਇੰਨਾ ਆਸਾਨ ਨਹੀਂ ਸੀ। ਸਿਰ 'ਤੇ ਕਫ਼ਨ ਬੰਨ੍ਹ ਕੇ ਹੀ ਇਹ ਕੰਮ ਹੋ ਸਕਦਾ ਸੀ। ਇਸ ਲਈ ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਪੁਲ਼ ਨੂੰ ਕੱਟਦੇ ਸਮੇਂ ਵੈਰੀ ਸੈਨਾ ਨੂੰ ਬਾਹਰ ਰੋਕਣਾ ਬਹੁਤ ਜ਼ਰੂਰੀ ਸੀ ਅਤੇ ਇਹ ਕੰਮ ਕਹਿਣ ਨਾਲੋਂ ਕਰਨਾ ਬਹੁਤ ਔਖਾ ਸੀ। ਵੈਰੀ ਦੀ ਵਿਸ਼ਾਲ ਸੈਨਾ ਨੂੰ ਪੁਲ਼ ਕੱਟਣ ਤਕ ਬਾਹਰ ਰੋਕ ਕੇ ਕਿਵੇਂ ਰੱਖਿਆ ਜਾ ਸਕਦਾ ਹੈ? ਇੱਕ ਤਰ੍ਹਾਂ ਇਹ ਸੂਲੀ ਦੀ ਉਹ ਛਾਲ ਸੀ ਜਿਸ ਨਾਲ ਕੁਰਬਾਨ ਹੋਣਾ ਬਿਲਕੁਲ ਤੈਅ ਸੀ।

ਉਸ ਸਮੇਂ ਹੀ ਅਚਾਨਕ ਸਭਾ 'ਚੋਂ ਇੱਕ ਸ਼ੇਰ ਵਾਂਗ ਗਰਜਵੀਂ ਆਵਾਜ਼ ਆਈ ਕਿ 'ਦੁਸ਼ਮਣਾਂ ਨੂੰ ਮੈਂ ਰੋਕਾਂਗਾ'। ਭੀੜ ਨੂੰ ਚੀਰ ਕੇ ਜੋ ਆਦਮੀ ਬਾਹਰ ਆਇਆ, ਉਸ ਦਾ ਨਾਂ ਹੋਰੇਸ਼ਸ ਸੀ। ਉਹ ਬਹੁਤ ਹੀ ਕੱਦਾਵਰ ਤੇ ਸੋਹਣਾ ਨੌਜਵਾਨ ਸੀ। ਉਸ ਨੇ ਕਈ ਲੜਾਈਆਂ ਵਿੱਚ ਬੜੀ ਬਹਾਦਰੀ ਵਿਖਾਈ ਸੀ ਤੇ ਭਾਰੀ ਤੋਂ ਭਾਰੀ ਆਫ਼ਤ ਆਉਣ 'ਤੇ ਵੀ ਨਹੀਂ ਸੀ ਘਬਰਾਉਂਦਾ। ਇਸ ਤਰ੍ਹਾਂ ਉਸ ਨੌਜਵਾਨ ਦਾ ਹੌਸਲਾ ਵੇਖਦੇ ਹੋਏ ਪ੍ਰਧਾਨ ਮੰਤਰੀ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਨੌਜਵਾਨ। ਤੁਸੀਂ ਇਹ ਕੰਮ ਇਕੱਲੇ ਕਿਵੇਂ ਕਰੋਗੇ?"

"ਮੈਨੂੰ ਦੋ ਹੋਰ ਅਜਿਹੇ ਬਹਾਦਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਜ਼ਿੰਦਗੀ ਦੀ ਪਰਵਾਹ ਨਾ ਹੋਵੇ। ਇਸ ਲਈ ਕਿਉਂਕਿ ਪੁਲ਼ 'ਤੇ ਇੱਕ ਬਰਾਬਰ ਸਿਰਫ਼ ਤਿੰਨ ਹੀ ਸੈਨਿਕ ਖੜ੍ਹੇ ਹੋ ਸਕਦੇ ਹਨ। ਅਸੀਂ ਤਿੰਨ ਪੁਲ਼ ਦੇ ਕਿਨਾਰੇ 'ਤੇ ਖੜ੍ਹੇ ਹੋਏ ਵੈਰੀਆਂ ਨੂੰ ਰੋਕਾਂਗੇ ਅਤੇ ਇਧਰ ਆਪ ਪੁਲ਼ ਨੂੰ ਕੱਟਣਾ ਸ਼ੁਰੂ ਕਰ ਦੇਣਾ।" ਉਸ ਨੌਜਵਾਨ ਨੇ ਬੜੀ ਵਜ਼ਨਦਾਰ ਦਲੀਲ ਦਿੱਤੀ।

ਇਸ ਤੋਂ ਕੁਝ ਸਮੇਂ ਬਾਅਦ ਹੀ ਜੈਨਿਕੁਲਮ ਦਾ ਕਿਲ੍ਹਾ ਢਹਿ-ਢੇਰੀ ਹੋ ਗਿਆ ਅਤੇ ਵੈਰੀ ਦੀ ਸੈਨਾ ਰੋਮ ਵਿੱਚ ਦਾਖ਼ਲ ਹੋਣ ਲਈ ਅੱਗੇ ਵਧਣ ਲੱਗੀ। ਦੁਸ਼ਮਣ ਦੇ ਸੈਨਾਪਤੀ ਨੂੰ ਉਸ ਸਮੇਂ ਬੜੀ ਹੈਰਾਨੀ ਹੋਈ, ਜਦੋਂ ਉਸ ਨੇ ਵੇਖਿਆ ਕਿ ਸਿਰਫ਼ ਤਿੰਨ ਸੈਨਿਕ ਐਨੀ ਵਿਸ਼ਾਲ ਸੈਨਾ ਨੂੰ ਰੋਕਣ ਲਈ ਖੜ੍ਹੇ ਹਨ। ਥੋੜ੍ਹਾ ਜਿਹਾ ਅੱਗੇ ਵਧਣ 'ਤੇ ਉਸ ਨੂੰ ਅਸਲੀ ਗੱਲ ਸਮਝ ਆਈ ਕਿ ਹਜ਼ਾਰਾਂ ਰੋਮ ਵਾਸੀ ਪੁਲ਼ ਨੂੰ ਕੱਟਣ ਲੱਗੇ ਹੋਏ ਹਨ। ਉਸ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦਿੱਤਾ ਕਿ ਪੁਲ 'ਤੇ ਖੜ੍ਹੇ ਤਿੰਨਾਂ ਸੈਨਿਕਾਂ ਨੂੰ ਛੇਤੀ ਤੋਂ ਛੇਤੀ ਮਾਰ ਕੇ ਪੁਲ਼ ਨੂੰ ਟੁੱਟਣ ਤੋਂ ਬਚਾਓ। ਉਨ੍ਹਾਂ ਦੇ ਤਿੰਨ ਸੈਨਿਕ ਅੱਗੇ ਵਧੇ। ਹੋਰੇਸ਼ਸ ਅਤੇ ਉਸ ਦੇ ਸਾਥੀਆਂ ਦੇ ਬਰਛੇ ਚਮਕੇ ਅਤੇ ਸੈਨਾ ਦੇ ਤਿੰਨ ਸੈਨਿਕ ਤੜਫਦੇ ਹੋਏ ਹੇਠਾਂ ਡਿੱਗ ਪਏ। ਲੋਕ ਛੱਤਾਂ 'ਤੇ ਦੂਰ ਖੜ੍ਹੇ ਸ਼ੋਰ ਮਚਾ-ਮਚਾ ਕੇ ਆਪਣੇ ਬਹਾਦਰਾਂ ਦਾ ਹੌਸਲਾ ਵਧਾ ਰਹੇ ਸਨ। ਇੱਕ ਵਾਰ ਫਿਰ ਵੈਰੀ ਦੀ ਸੈਨਾ ਦੇ ਤਿੰਨ ਸੈਨਿਕ ਅੱਗੇ ਆਏ ਅਤੇ ਹੋਰੇਸ਼ਸ ਨੇ ਜਾਨ ਦੀ ਬਾਜ਼ੀ ਲਾ ਕੇ ਇੱਕ ਨੂੰ ਨਦੀ ਵਿੱਚ ਸੁੱਟ ਦਿੱਤਾ ਅਤੇ ਬਾਕੀ ਦੋਵਾਂ ਨੂੰ ਮਾਰ ਮੁਕਾਇਆ। ਪੁਲ਼ ਦੇ ਕੱਟੇ ਜਾਣ ਕਾਰਨ ਪਿੱਛੇ ਭਾਰੀ ਸ਼ੋਰ ਸੁਣਾਈ ਦੇ ਰਿਹਾ ਸੀ। ਦੁਸ਼ਮਣ ਦੇ ਸੈਨਾਪਤੀ ਦੀ ਬੁਖਲਾਹਟ ਪਲ-ਪਲ ਵਧਦੀ ਜਾ ਰਹੀ ਸੀ ਕਿਉਂਕਿ ਤਦ ਤਕ ਪੁਲ਼ ਦਾ ਬਹੁਤ ਸਾਰਾ ਹਿੱਸਾ ਵੱਢਿਆ ਜਾ ਚੁੱਕਾ ਸੀ।

ਰੋਮ ਦੇ ਸੈਨਾਪਤੀ ਨੇ ਬਹਾਦਰ ਸੈਨਿਕਾਂ ਨੂੰ ਕਿਹਾ, "ਹੁਣ ਤੁਸੀਂ ਵਾਪਸ ਪਰਤ ਆਓ ਕਿਉਂਕਿ ਪੁਲ਼ ਟੁੱਟ ਕੇ ਡਿੱਗਣ ਵਾਲਾ ਹੈ।"

ਇਹ ਆਵਾਜ਼ ਸੁਣਦੇ ਹੀ ਹਰਮੀ ਨਿਯਸ ਅਤੇ ਸਪੂ ਰਿਯਸ ਦੌੜ ਕੇ ਪੁਲ਼ ਦੇ ਦੂਜੇ ਪਾਸੇ ਪਹੁੰਚ ਗਏ। ਹੋਰੇਸ਼ਸ 'ਕੱਲਾ ਰਹਿ ਗਿਆ ਸੀ। ਲੋਕਾਂ ਨੇ ਸ਼ੋਰ ਮਚਾਉਂਦੇ ਹੋਏ ਕਿਹਾ, "ਹੋਰੇਸ਼ਸ! ਤੁਸੀਂ ਵੀ ਵਾਪਸ ਆ ਜਾਓ। ਹੁਣ ਅਸੀਂ ਖਤਰੇ ਤੋਂ ਬਾਹਰ ਹੋ ਗਏ ਹਾਂ।" ਹੋਰੇਸ਼ਸ ਕਿੱਥੇ ਮੰਨਣ ਵਾਲਾ ਸੀ? ਉਸ ਨੇ ਜਵਾਬ ਦਿੰਦੇ ਹੋਏ ਕਿਹਾ, "ਜਦੋਂ ਤਕ ਪੁਲ਼ ਦਾ ਆਖ਼ਰੀ ਟੁੱਕੜਾ ਟੁੱਟ ਕੇ ਨਦੀ 'ਚ ਨਹੀਂ ਡਿੱਗਦਾ, ਤਦ ਤਕ ਮੈਂ ਪਿੱਛੇ ਨਹੀਂ ਹਟਾਂਗਾ।" ਹੁਣ ਉਹ ਇਕੱਲਾ ਹੀ ਤਿੰਨ-ਤਿੰਨ ਸੈਨਿਕਾਂ ਦਾ ਮੁਕਾਬਲਾ ਕਰ ਰਿਹਾ ਸੀ। ਦੁਸ਼ਮਣ ਦਾ ਸੈਨਾਪਤੀ ਹੋਰੇਸ਼ਸ ਦਾ ਇਹ ਬਹਾਦਰੀ ਭਰਿਆ ਕਾਰਨਾਮਾ ਵੇਖਦੇ ਹੋਏ ਦੰਦਾਂ ਹੇਠਾਂ ਉਂਗਲ ਦੇ ਕੇ ਖੜ੍ਹਾ ਸੀ। ਰੋਮ ਦੀ ਪਰਜਾ ਨਾਅਰੇ ਲਾ ਰਹੀ ਸੀ, "ਹੋਰੇਸ਼ਸ ਜ਼ਿੰਦਾਬਾਦ! ਹੋਰੇਸ਼ਸ ਜ਼ਿੰਦਾਬਾਦ!" ਤਦ ਉਸ ਸਮੇਂ ਭਾਰੀ ਹਿਲਜੁਲ ਨਾਲ ਪੁਲ਼ ਟੁੱਟ ਕੇ ਨਦੀ 'ਚ ਡਿੱਗ ਪਿਆ। ਇਹ ਵੇਖਦੇ ਹੋਏ ਹੋਰੇਸ਼ਸ ਨੇ ਨਦੀ ਵਿੱਚ ਛਾਲ ਮਾਰ ਦਿੱਤੀ।

ਰੋਮ ਦੇ ਨਿਵਾਸੀ ਅਸਮਾਨ ਵੱਲ ਨਜ਼ਰਾਂ ਕਰਕੇ ਹੋਰੇਸ਼ਸ ਦੀ ਜ਼ਿੰਦਗੀ ਦੀ ਸਲਾਮਤੀ ਲਈ ਪ੍ਰਾਰਥਨਾ ਕਰ ਰਹੇ ਸਨ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਤੇ ਸੈਨਾਪਤੀ ਨੇ ਵੀ ਉਸ ਬਹਾਦਰ ਦੇ ਪ੍ਰਾਣ ਰੱਖਿਆ ਲਈ ਪ੍ਰਾਰਥਨਾ ਕੀਤੀ। ਹੋਰੇਸ਼ਸ ਨੇ ਸਰੀਰ 'ਤੇ ਲੋਹੇ ਦਾ ਭਾਰੀ ਕਵਚ ਪਹਿਨਿਆ ਹੋਇਆ ਸੀ। ਉਸ ਨੂੰ ਤੈਰਨ 'ਚ ਤਕਲੀਫ਼ ਹੋ ਰਹੀ ਸੀ। ਅਚਾਨਕ ਉਹ ਪਾਣੀ 'ਚ ਗੁੰਮ ਹੋ ਗਿਆ।

ਰੋਮਨ ਚਿੰਤਾ 'ਚ ਡੁੱਬ ਗਏ। ਕੀ ਟਾਈਬਰ ਨਦੀ ਨੇ ਰੋਮ ਦੇ ਬਹਾਦਰ ਯੋਧੇ ਦੀ ਕੀਮਤ ਵਸੂਲ ਕਰ ਲਈ? ਕੀ ਦੇਸ਼ ਦੇ ਰੱਖਿਅਕ ਦੀ ਰੱਖਿਆ ਟਾਈਬਰ ਨਦੀ ਨਹੀਂ ਕਰੇਗੀ?

ਤਦ ਸਭ ਨੇ ਵੇਖਿਆ ਕਿ ਅਚਾਨਕ ਹੋਰੇਸ਼ਸ ਨਦੀ ਦੇ ਕਿਨਾਰੇ 'ਤੇ ਬਾਹਰ ਆ ਗਿਆ। ਲੋਕਾਂ ਦੀਆਂ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਨੇ ਹੋਰੇਸ਼ਸ ਨੂੰ ਮੋਢਿਆਂ ਉੱਤੇ ਚੁੱਕ ਲਿਆ ਅਤੇ ਉਸ ਦੀ ਜੈ, ਜੈਕਾਰ ਕਰਨ ਲੱਗੇ।

---

## ਤੁਹਾਡੀ ਰਸੋਈ

### ਸ਼ਕਰਕੰਦੀ ਦੇ ਗੁਲਾਬ ਜਾਮੁਨ



**ਸਮੱਗਰੀ**

- ਸ਼ਕਰਕੰਦੀ ਅੱਧਾ ਕਿੱਲੋ
- ਖੰਡ 500 ਗ੍ਰਾਮ
- ਮੈਦਾ ਅੱਧਾ ਕੱਪ
- ਸੋਡਾ ਬਾਈਕਾਰਬ ਅੱਧਾ ਛੋਟਾ ਚੱਮਚ
- ਦੇਸੀ ਘਿਓ 1 ਵੱਡਾ ਚੱਮਚ
- ਸੌਗੀ (ਕਿਸ਼ਮਿਸ਼) ਥੋੜ੍ਹੀ ਜਿਹੀ
- ਤੇਲ ਤਲਣ ਲਈ

**ਵਿਧੀ**

ਸ਼ਕਰਕੰਦੀ ਨੂੰ ਘੱਟ ਪਾਣੀ ਪਾ ਕੇ ਪ੍ਰੈਸ਼ਰ ਕੁੱਕਰ 'ਚ ਉਬਾਲ ਕੇ ਛਿੱਲ ਲਓ। ਕਿਸੇ ਭਾਂਡੇ 'ਚ ਪਾਣੀ ਤੇ ਖੰਡ ਮਿਲਾ ਕੇ ਇਕ ਤਾਰ ਦੀ ਚਾਸ਼ਨੀ ਬਣਾਓ। ਸੋਡੇ ਤੇ ਮੈਦੇ ਨੂੰ ਇਕੱਠਿਆਂ ਛਾਣ ਲਓ ਤੇ ਥੋੜ੍ਹਾ ਜਿਹਾ ਘਿਓ ਪਾ ਕੇ ਉਸ ਨੂੰ ਉੱਬਲੀ ਸ਼ਕਰਕੰਦੀ ਨਾਲ ਗੁੰਨ੍ਹ ਲਓ। ਹੁਣ ਇਸ ਦੇ ਛੋਟੇ-ਛੋਟੇ ਪੇੜੇ ਬਣਾਓ ਤੇ ਹਰ ਪੇੜੇ 'ਚ ਇਕ-ਇਕ ਸੌਗੀ (ਕਿਸ਼ਮਿਸ਼) ਰੱਖ ਦਿਓ। ਕੜਾਹੀ 'ਚ ਤੇਲ ਗਰਮ ਕੇ ਇਨ੍ਹਾਂ ਨੂੰ ਸੁਨਹਿਰਾ ਭੂਰਾ ਹੋਣ ਤਕ ਤਲ ਲਓ ਤੇ ਇਕ ਤਾਰ ਦੀ ਚਾਸ਼ਨੀ 'ਚ ਪਾਉਂਦੇ ਜਾਓ। ਸ਼ਕਰਕੰਦੀ ਦੇ ਗੁਲਾਬ ਜਾਮੁਨ ਤਿਆਰ ਹਨ, ਤੁਸੀਂ ਇਨ੍ਹਾਂ ਨੂੰ ਗਰਮ ਤੇ ਠੰਡਾ ਦੋਵੇਂ ਤਰੀਕੇ ਨਾਲ ਪਰੋਸ ਸਕਦੇ ਹੋ।

### ਅਦਰਕ ਅਤੇ ਗਾਜਰ ਦਾ ਸੂਪ

**ਸਮੱਗਰੀ**

- 5 ਗਾਜਰਾਂ
- 2 ਇੰਚ ਲੰਬਾ ਅਦਰਕ ਦਾ ਟੁਕੜਾ
- 2 ਪਿਆਜ਼
- 1 ਕੱਪ ਸਬਜ਼ੀਆਂ ਦਾ ਸ਼ੋਰਬਾ
- ਇਕ ਤਿਹਾਈ ਕੱਪ ਸੰਤਰੇ ਦਾ ਰਸ
- ਨਮਕ ਸਵਾਦ ਅਨੁਸਾਰ
- 2 ਚਮਚ ਪੀਸੀ ਕਾਲੀ ਮਿਰਚ
- 2 ਚਮਚ ਆਲਿਵ ਆਇਲ

**ਵਿਧੀ**

ਪੈਨ ਲਓ ਅਤੇ ਉਸ 'ਚ ਤੇਲ ਗਰਮ ਕਰੋ। ਇਸ 'ਚ ਕੱਟੇ ਹੋਏ ਪਿਆਜ਼ ਅਤੇ ਪੀਸਿਆ ਅਦਰਕ ਪਾ ਕੇ ਦੋ ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾ ਲਓ। ਇਸ 'ਚ ਸਬਜ਼ੀਆਂ ਦਾ ਸ਼ੋਰਬਾ ਪਾਓ ਅਤੇ ਅੱਗ ਨੂੰ ਮੱਧਮ ਕਰ ਦਿਓ, ਇਸ ਨੂੰ 25-30 ਮਿੰਟ ਦੇ ਲਈ ਪੱਕਣ ਦਿਓ ਤਾਂ ਕਿ ਸੂਪ ਗਾੜ੍ਹਾ ਹੋ ਜਾਏ। ਇਸ ਦੇ ਬਾਅਦ ਇਸ 'ਚ ਸੰਤਰੇ ਦਾ ਰਸ ਪਾਓ ਅਤੇ 2-3 ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾਓ ਅਤੇ ਫਿਰ ਗੈਸ ਬੰਦ ਕਰ ਦਿਓ। ਹੁਣ ਇਸ ਤਿਆਰ ਸੂਪ ਨੂੰ ਇਕ ਬਾਊਲ 'ਚ ਪਾਓ ਅਤੇ ਉਸ 'ਚ ਨਮਕ ਅਤੇ ਕਾਲੀ ਮਿਰਚ ਛਿੜਕ ਕੇ ਪਰੋਸੋ।



---

**ਘਰੇਲੂ ਟਿਪਸ**

ਮਾਹਵਾਰੀ ਤਕਲੀਫ ਤੇ ਦਰਦ ਨਾਲ ਆਉਣੀ : 2 ਚਮਚ ਅਜਵਾਇਣ 2 ਕੱਪ ਪਾਣੀ ਵਿਚ ਪਾ ਕੇ ਉਬਾਲੋ। ਇਕ ਕੱਪ ਬਾਕੀ ਰੱਖ ਲਵੋ। ਇਸ ਵਿਚ ਗੁੜ ਮਿਲਾ ਕੇ ਸਵੇਰੇ ਖਾਲੀ ਪੇਟ ਚਾਹ ਵਾਂਗ ਪੀਓ। ਇਹ ਨੁਸਖਾ ਰੋਜ਼ਾਨਾ ਸਵੇਰੇ-ਸ਼ਾਮ 3 ਦਿਨ ਕਰੋ। ਆਮ ਤੌਰ 'ਤੇ 3 ਮਾਹਵਾਰੀਆਂ ਤਕ ਇਹ ਤਜਰਬਾ ਕਰਨਾ ਠੀਕ ਰਹਿੰਦਾ ਹੈ। ਮਾਹਵਾਰੀ ਆਉਣ ਤੋਂ 3 ਦਿਨ ਪਹਿਲਾਂ ਇਹ ਤਜਰਬਾ ਕਰਨ ਨਾਲ ਮਾਹਵਾਰੀ ਸਮੇਂ 'ਤੇ ਖੁੱਲ੍ਹ ਕੇ ਆਉਂਦੀ ਹੈ।

ਪੇਟ 'ਚ ਗੈਸ : ਅਜਵਾਇਣ ਦੇ ਨਾਲ ਹਰੜ ਤੇ ਕਾਲਾ ਲੂਣ ਲੈਣ ਨਾਲ ਪੇਟ ਫੁੱਲਣ, ਪੇਟ ਦਰਦ, ਡਕਾਰਾਂ ਆਦਿ ਤੋਂ ਤੁਰੰਤ ਆਰਾਮ ਮਿਲਦਾ ਹੈ।

**ਘਰੇਲੂ ਟਿਪਸ**

ਸਿਰ ਦੇ ਵਾਲ ਝੜਨੇ : ਬੋਹੜ ਦੇ ਪੱਤਿਆਂ ਨੂੰ ਪੀਸ ਲਵੋ ਅਤੇ ਅਲਸੀ ਦੇ ਤੇਲ ਵਿਚ ਪਕਾਓ। ਪੱਤਿਆਂ ਦੇ ਸੜ ਜਾਣ 'ਤੇ ਤੇਲ ਛਾਣ ਕੇ ਰੱਖ ਲਵੋ। ਇਸ ਤੇਲ ਦੀ ਮਾਲਿਸ਼ ਕਰਨ ਨਾਲ ਕੁਝ ਹੀ ਦਿਨਾਂ ਵਿਚ ਵਾਲ ਝੜਨੇ ਰੁਕ ਜਾਣਗੇ ਅਤੇ ਝੜੇ ਹੋਏ ਵਾਲਾਂ ਦੀ ਥਾਂ 'ਤੇ ਨਵੇਂ ਵਾਲ ਉੱਗਣ ਲੱਗਣਗੇ। ਦੇਸੀ ਘਿਓ ਵਿਚ ਬਾਦਾਮ ਦੀਆਂ 4-5 ਗਿਰੀਆਂ ਪੀਸ ਕੇ ਪਾਓ ਅਤੇ ਇੰਨੀਆਂ ਉਬਾਲੋ ਕਿ ਗਿਰੀਆਂ ਦੇ ਟੁਕੜੇ ਸੜ ਜਾਣ। ਹੁਣ ਘਿਓ ਨੂੰ ਛਾਣ ਕੇ ਸ਼ੀਸ਼ੀ ਵਿਚ ਭਰ ਲਵੋ। ਇਸ ਘਿਓ ਨੂੰ ਕੋਸਾ ਕਰਕੇ ਸਿਰ 'ਤੇ ਮਾਲਿਸ਼ ਕਰਨ ਨਾਲ ਵਾਲਾਂ ਦਾ ਝੜਨਾ ਰੁਕਦਾ ਹੈ ਅਤੇ ਦਿਮਾਗੀ ਕਮਜ਼ੋਰੀ ਵੀ ਦੂਰ ਹੁੰਦੀ ਹੈ।

# ਅਨੰਤ ਵੱਲ ਜਾਣ ਦਾ ਰਾਹ ਹੈ ਕਲਾ

## ਭੁਪਿੰਦਰ ਕੌਰ ਪ੍ਰੀਤ



ਰੂਬਰੂ

ਭੁਪਿੰਦਰ ਕੌਰ ਪ੍ਰੀਤ ਸਾਹਿਤ ਦੀ ਉਹ ਧੀ ਹੈ ਜਿਸ ਨੇ ਆਪਣੀ ਕਵਿਤਾ ਰਾਹੀ ਹੀ ਆਪਣੀ ਪਿਆਸ ਬੁਝਾਈ ਹੈ। ਇਹ ਹੀ ਨਹੀ ਉਸ ਨੇ ਹਿੰਦੀ ਅਤੇ ਪੰਜਾਬੀ ਕਵਿਤਾ ਲਿਖਣ ਦੇ ਨਾਲ-ਨਾਲ ਹੋਰ ਭਾਸ਼ਾਵਾਂ ਨੂੰ ਵੀ ਪੰਜਾਬੀ ਸਾਹਿਤ ਦੇ ਮੱਥੇ ਦਾ ਟਿੱਕਾ ਬਣਾਇਆ ਹੈ। ਕਵਿਤਾ ਦੇ ਨਾਲ ਇਕਮਿਕ ਹੋ ਕੇ ਉਸ ਨੇ ਅਨੇਕ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ। ਪੰਜਾਬੀ ਪਾਠਕ ਜਦੋਂ ਪੰਜਾਬੀ ਕਵਿਤਾ ਤੋਂ ਨਿਰਾਸ਼ ਹੁੰਦਾ ਹੈ ਉਸ ਵੇਲੇ ਉਹ ਦੂਸਰੀਆਂ ਭਾਸ਼ਾਵਾਂ ਦੇ ਸਾਹਿਤ ਦੇ ਸੰਦੂਕ ਫਰੋਲਣ ਲੱਗ ਪੈਂਦੀ ਹੈ।ਰਾਤਾਂ ਦੇ ਜਗਰਾਤਿਆਂ ਤੋਂ ਬਾਅਦ ਕਦ 'ਨਗਾਰੇ ਵਾਂਗ ਵੱਜਦੇ ਸ਼ਬਦ' ਅਤੇ 'ਦੋ ਹੱਥ ਪਰ੍ਹਾਂ' ਵਰਗੀਆਂ ਕਿਤਾਬਾਂ ਦਾ ਤਰਜੁਮਾ ਕਰ ਪੰਜਾਬੀ ਭਾਸ਼ਾ ਰਾਹੀ ਪਾਠਕ ਦੀ ਰੂਹ ਵਿਚ ਉਤਾਰ ਦਿੰਦੀ ਹੈ ਇਸ ਦਾ ਪਤਾ ਹੀ ਨਹੀ ਲੱਗਦਾ। ਪੇਸ਼ ਹਨ ਉਨ੍ਹਾਂ ਨਾਲ ਗੱਲਬਾਤ ਦੇ ਕੁਝ ਅੰਸ਼

- **ਜਦੋਂ ਤੁਸੀਂ ਪਹਿਲੀ ਕਵਿਤਾ ਲਿਖੀ, ਉਸ ਸਮੇਂ ਤੁਹਾਡੀ ਕੀ ਸਥਿਤੀ ਸੀ ਚਾਨਣਾ ਪਾਓ?**

ਇਹ 1977-78 ਦਾ ਸਮਾਂ ਸੀ (ਸੈਨਿਕ ਸਕੂਲ ਕਰਨਾਲ) ਜਦੋਂ ਮੈਂ ਆਪਣੀ ਪਹਿਲੀ ਕਵਿਤਾ ਲਿਖੀ।ਉਦੋਂ ਮੇਰੀ ਉਮਰ 14-15 ਸਾਲ ਦੀ ਸੀ। ਇਕ ਕੁੜੀ ਦਾ ਜਵਾਨ ਹੋਣਾ, ਘਰ ਦੀਆਂ ਕੰਧਾਂ ਨੂੰ ਚਿੰਤਾ ਵਿਚ ਪਾ ਦਿੰਦਾ ਹੈ। ਘਰ ਵਿਚ ਘੁਟਨ ਦਾ ਮਾਹੌਲ ਸੀ, ਬਾਹਰ ਕੁਦਰਤ ਹੀ ਕੁਦਰਤ ਸੀ। ਦੂਰ-ਦੂਰ ਤਕ ਖਿੜੇ ਫੁੱਲ ਸਨ, ਫ਼ਲਾਂ ਨਾਲ ਲੱਦੇ ਦਰੱਖ਼ਤ ਸਨ, ਹਵਾ ਸੀ, ਖੁੱਲ੍ਹਾ ਅਸਮਾਨ ਸੀ। ਉਸ ਉਮਰ ਵਿਚ ਹਰ ਚੀਜ਼ ਤੁਹਾਨੂੰ ਅਚੰਭਿਤ ਕਰਦੀ ਹੈ, ਤੁਸੀ ਅਸਮਾਨ ਵਿਚ ਉਡਣਾ ਚਾਹੁੰਦੇ ਹੋ, ਹਵਾ ਨੂੰ ਆਪਣੀ ਬਾਹਾਂ ਵਿਚ ਭਰ ਲੈਣਾ ਚਾਹੁੰਦੇ ਹੋ ਪਰ ਪ੍ਰਕਿਰਤੀ ਤੋਂ ਬਿਨਾਂ ਤੁਹਾਨੂੰ ਹਰ ਚੀਜ਼ ਘੂਰ ਰਹੀ ਹੁੰਦੀ ਹੈ। ਹਰ ਚੀਜ਼ ਬਦਲੀ-ਬਦਲੀ ਲੱਗਦੀ ਹੈ। ਇਨ੍ਹਾਂ ਭਾਵਾਂ ਨੂੰ ਸ਼ਬਦਾਂ ਨੇ ਆਪਣਾ ਪਹਿਲਾ ਚੋਲਾ ਦਿੱਤਾ।

*ਕਿਉਂ ਹੈਰਾਨ ਹੈ ਜ਼ਿੰਦਗੀ ਕੀ ਰਾਹੋਂ ਕੋ*
*ਤਕ ਕਰ*
*ਯੇ ਰਾਸਤੇ ਤੇਰੀ ਪਹਿਚਾਨ ਕੀ ਇੰਤਜ਼ਾਰ*
*ਮੇਂ ਹੈਂ।*

- **ਤੁਹਾਡੀ ਕਿਤਾਬ 'ਬਰਸੈ ਮੇਘੁ ਸਖੀ' ਵਿੱਚੋਂ ਅਧਿਆਤਮ ਦੀ ਝਲਕ ਪੈਂਦੀ ਹੈ, ਕੀ ਇਹ ਸੱਚ ਹੈ?**

ਹਰ ਸਿਰਜਕ, ਹਰ ਚੇਤੰਨ ਮਨੁੱਖ ਇਕ ਯਾਤਰਾ 'ਤੇ ਹੁੰਦਾ ਹੈ ਪਰ ਤੌਂ ਨਿੱਜ ਦੀ ਯਾਤਰਾ ਹੀ ਆਤਮਾ ਦਾ ਅਧਿਆਤਮ ਹੈ। ਬਾਹਰ ਤੋਂ ਅੰਦਰ ਵੱਲ ਦੀ ਯਾਤਰਾ ਦਾ ਕੋਈ ਸੁਭਾਗਾ ਸਮਾਂ ਜ਼ਿੰਦਗੀ ਵਿਚ ਆਉਂਦਾ ਹੈ ਜਦੋਂ ਤੁਸੀਂ ਕੁਦਰਤ ਨਾਲ ਮੁਕੰਮਲ ਤੌਰ 'ਤੇ ਇਕਮਿਕ ਹੁੰਦੇ ਹੋ, ਆਪਣੇ ਕੇਂਦਰ 'ਤੇ ਹੁੰਦੇ ਹੋ, ਨਾ ਪੱਲੜੇ ਦੇ ਇਸ ਪਾਸੇ, ਨਾ ਉਸ ਪਾਸੇ। ਉਹੀ ਸਮਾਂ ਤੁਹਾਡੇ ਆਤਮ ਦਾ ਹੁੰਦਾ ਹੈ, 'ਬਰਸੈ ਮੇਘੁ ਸਖੀ' ਦਾ ਰਚਣ ਸਮਾਂ ਵੀ ਸੁਭਾਗਾ ਸੀ। 'ਬਰਸੈ ਮੇਘੁ ਸਖੀ' ਵਿਚ ਇਕ ਕਵਿਤਾ ਹੈ।

*ਤੂੰ ਹੀ ਮੈਨੂੰ ਦੱਸਿਆ*
*ਕਿ ਅੱਖਾਂ ਨੂੰ ਮੋੜੀਏ ਜੇ*
*ਆਪਣੇ ਵੱਲ ਤਾਂ*
*ਦਿੱਸਣ ਲੱਗ ਪੈਂਦੇ*
*ਧੁੱਪ ਦੇ ਸੱਤੇ ਰੰਗ*
*ਆਪਣੀ ਹੀ ਅੱਖ ਵਿੱਚੋਂ*
*ਟਿਕ ਜਾਂਦੀ ਅੱਖ ਜਦੋਂ*
*ਆਪਣੇ-ਆਪ 'ਤੇ ਤਾਂ*
*ਕਿਸੇ ਵਿਅਕਤੀ ਜਾਂ ਵਸਤ ਨਾਲ*
*ਜ਼ਰਬ ਜਾਂ ਤਕਸੀਮ ਨਹੀਂ ਹੁੰਦੀ*
*ਮੇਰੇ ਪਿਤਾ!*
*ਤੂੰ ਹੀ ਮੈਨੂੰ ਦੱਸਿਆ*
*ਸਰੀਰ ਦੇ ਬੁੱਢੇ ਹੋ ਜਾਣ 'ਤੇ ਵੀ*
*ਅੱਖ ਕਦੇ ਬੁੱਢੀ ਨਹੀਂ ਹੁੰਦੀ*
*ਵੇਖ ਸਕਦੇ ਹਾਂ ਇਸ ਵਿਚ*
*ਕੋਈ ਵੀ ਮੌਸਮ ਆਉਣ 'ਤੇ*
*ਧੁੱਪ ਦੇ ਸੱਤੇ ਰੰਗ।*

- **ਤੁਹਾਡਾ ਅਨੁਵਾਦ ਵਿਚ ਬਹੁਤ ਕੰਮ ਹੈ, ਕੀ ਅਨੁਵਾਦ ਨੇ ਕਦੀ ਤੁਹਾਡੀ ਮੌਲਿਕ ਸਿਰਜਣਾ 'ਤੇ ਪ੍ਰਭਾਵ ਪਾਇਆ ਹੈ?**

ਨਹੀਂ ਮੇਰੀ ਰਚਨਾ 'ਤੇ ਕਦੀ ਰਤੀ ਭਰ ਵੀ ਪ੍ਰਭਾਵ ਨਹੀ ਪਿਆ। ਉਸਦਾ ਕਾਰਨ, ਜਦੋਂ ਮੈਂ ਅਨੁਵਾਦ ਕਰਨ ਵਾਲੀ ਰਚਨਾ ਦੇ ਨਾਲ ਹੁੰਦੀ ਹਾਂ ਉਸ ਵਕਤ ਮੈਂ ਉਸ ਰਚਨਾ ਪ੍ਰਤੀ ਪੂਰਨ ਤੌਰ 'ਤੇ ਸਮਰਪਿਤ ਹੁੰਦੀ ਹਾਂ ਪਰ ਰਚਨਾ ਨੂੰ ਅਨੁਵਾਦ ਕਰਨ ਮਗਰੋਂ ਉਸ ਰਚਨਾ ਨਾਲ ਕਦੇ ਮੋਹ ਨਹੀਂ ਰੱਖਿਆ। ਕੰਮ ਮੁਕੰਮਲ ਹੋਣ ਮਗਰੋਂ ਮੈਂ ਸਾਹਿਤ ਦੇ ਅਗਲੇ ਸਫ਼ਰ 'ਤੇ ਹੁੰਦੀ ਹਾਂ। ਇੰਝ ਹੀ ਮੇਰੀ ਆਪਣੀ ਰਚਨਾ ਨਾਲ ਹੁੰਦਾ ਹੈ। ਰਚਨਾ ਮੁਕੰਮਲ ਕਰਨ ਮਗਰੋਂ ਉਸ ਨਾਲੋਂ ਮੋਹ ਟੁੱਟ ਜਾਂਦਾ ਹੈ, ਤੇ ਮੈਂ ਅਗਲੀ ਰਚਨਾ ਬਾਰੇ ਸੋਚ ਰਹੀ ਹੁੰਦੀ ਹਾਂ।

- **ਅਕਸਰ ਕਿਹਾ ਜਾਂਦਾ ਹੈ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਕੀ ਸਾਹਿਤ ਵਿਚ ਸਮਾਜ ਦਾ ਮੁੱਖੜਾ ਦੇਖਿਆ ਜਾ ਸਕਦਾ ਹੈ?**

ਇਕ ਸਾਹਿਤਕਾਰ ਸਮਾਜ ਦਾ ਜਾਗਿਆ ਹੋਇਆ, ਸੰਵੇਦਨਸ਼ੀਲ ਮਨੁੱਖ ਹੁੰਦਾ ਹੈ। ਜੋ ਕੁਝ ਸਮਾਜ ਵਿਚ ਵਾਪਰ ਰਿਹਾ ਹੈ, ਉਸ ਦੀ ਸਿਰਜਣਾ ਦਾ ਹਿੱਸਾ ਬਣਦਾ ਹੈ ਪਰ ਹਰ ਰਚਨਾ ਵਿਚ ਮੁੱਖੜਾ ਸਾਫ਼ ਨਹੀਂ ਦਿਖਾਈ ਦਿੰਦਾ, ਫ਼ਰਕ ਗੁਣਵੱਤਾ ਦਾ ਹੁੰਦਾ ਹੈ, ਸਮਰਪਣ ਭਾਵ ਦਾ ਹੁੰਦਾ ਹੈ, ਉਸ ਦਾ ਪਾਣੀ, ਉਸ ਦੀ ਨਜ਼ਰ ਸਾਫ਼ ਹੈ ਤਾਂ ਉਹ ਸਾਫ਼ ਵਿਖਾਵੇਗਾ ਨਹੀ ਤਾਂ ਧੁੰਦਲਾ ਵਿਖਾਈ ਦੇਵੇਗਾ।

- **ਕਵਿਤਾ ਸਮਾਜ ਵਿੱਚੋਂ ਜਾਂ ਕਵੀ ਦੇ ਅੰਦਰੋਂ ਜਨਮ ਲੈਂਦੀ ਹੈ?**

ਕਵਿਤਾ ਦਾ ਰਸਤਾ ਅੰਦਰੋਂ ਬਾਹਰ ਵੱਲ, ਬਾਹਰੋਂ ਅੰਦਰ ਵੱਲ ਜਾਂਦਾ ਹੈ, ਬਾਹਰ ਅੱਖ ਹੁੰਦੀ ਹੈ, ਦ੍ਰਿਸ਼ਟੀ ਹੁੰਦੀ ਹੈ, ਅੰਦਰ ਸੰਵੇਦਨਾ। ਸੰਵੇਦਨਾ ਦਾ ਪਾਣੀ ਕਿੰਨਾ ਗਹਿਰਾ ਹੈ, ਉਹ ਕਿੰਨੀ ਡੂੰਘੀ ਚੁੱਭੀ ਮਾਰ ਸਕਦਾ ਹੈ, ਰਚਨਾ ਨੂੰ ਕਿਸ ਤਰ੍ਹਾਂ ਦਾ ਜਾਮਾ ਪਹਿਨਾਉਂਦਾ ਹੈ ਇਹ ਉਸ ਦੇ ਅਭਿਆਸ 'ਤੇ ਵੀ ਨਿਰਭਰ ਹੈ।

- **ਜਦੋਂ ਕੋਈ ਕਵੀ ਕਵਿਤਾ ਲਿਖਦਾ ਹੈ ਕਿਸ ਨੂੰ ਸੰਬੋਧਨ ਹੋ ਕੇ ਲਿਖਦਾ ਹੈ?**

ਉਸਦਾ ਸੰਬੋਧਨ ਭਾਵੇਂ ਕਿਸੇ ਨੂੰ ਹੋਵੇ, ਮਾਂ ਨੂੰ, ਬੱਚੇ ਨੂੰ, ਆਪਣੇ ਗੁਰੂ ਨੂੰ, ਪ੍ਰਕਿਰਤੀ ਨੂੰ, ਨੀਤੀ ਨੂੰ, ਆਪਣੇ ਆਪ ਨੂੰ, ਮਸਲਾ ਉਸ ਦੀ ਗੱਲ ਦਾ ਹੈ ਉਹ ਕਹਿ ਕੀ ਰਿਹਾ ਹੈ। ਸੰਬੋਧਨ ਤਾਂ ਇਕ ਜ਼ਰੀਆ ਹੈ ਆਪਣੀ ਗੱਲ ਕਹਿਣ ਦਾ, ਉਸ ਦਾ ਫ਼ਿਕਰ ਗੱਲ ਅੱਗੇ ਪਹੁੰਚਾਉਣ ਦਾ ਹੈ।

**ਕੋਈ ਅਜਿਹੀ ਘਟਨਾ ਦੱਸੋ ਜੋ ਕਵਿਤਾ ਨਹੀਂ ਹਮੇਸ਼ਾ ਉਦਾਸੀ ਦਾ ਸਬੱਬ ਬਣਦੀ ਹੈ?**

ਅਜਿਹੀ ਕੋਈ ਘਟਨਾ ਨਹੀਂ ਜੋ ਮੇਰੀ ਸਿਰਜਣਾ ਦਾ ਹਿੱਸਾ ਨਾ ਬਣ ਸਕੇ, ਸਿਰਜਣਾ ਕਰ ਘਟਨਾਵਾਂ ਤੋਂ ਸੁਰਖ਼ਰੂ ਹੋ ਜਾਂਦੀ ਹਾਂ ਤੇ ਅਗਲੀ ਯਾਤਰਾ ਵੱਲ ਤੁਰ ਪੈਂਦੀ ਹਾਂ।

**ਮੈਂ ਅਨੁਵਾਦ ਦੇ ਕੰਮ ਨੂੰ ਦਸਵੰਧ ਵਾਂਗ ਲਿਆ ਹੈ। ਲੇਖਕ ਕੋਲ ਉਸ ਦਾ ਸਮਾਂ ਹੀ ਉਸ ਦੀ ਪੂੰਜੀ ਹੈ। ਇਸ ਪੂੰਜੀ ਵਿੱਚੋਂ ਮੈਂ ਆਪਣੀ ਸਿਰਜਣਾ ਦੇ ਨਾਲ-ਨਾਲ ਆਪਣੇ ਸਮੇਂ ਦਾ ਕੁਝ ਹਿੱਸਾ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਨੂੰ ਸਮਰਪਿਤ ਕਰਦੀ ਹਾਂ...**

- **ਜਦੋਂ ਤੁਸੀਂ ਅਨੁਵਾਦ ਕਰ ਰਹੇ ਹੁੰਦੇ ਹੋ, ਤੁਹਾਨੂੰ ਲੱਗਦਾ ਹੈ ਕਿ ਤੁਸੀਂ ਉਸ ਭਾਸ਼ਾ ਦੇ ਲੇਖਕ ਨਾਲ ਨਿਆਂ ਕਰ ਰਹੇ ਹੋ?**

ਹਾਂ ਬਿਲਕੁਲ। ਮੈਂ ਕਦੇ ਵੀ ਉਹ ਅਨੁਵਾਦ ਕਾਰਜ ਨਹੀਂ ਕੀਤਾ ਜਿਸ ਨਾਲ ਮੈਂ ਨਿਆਂ ਨਾ ਕਰ ਸਕਾਂ। ਜਦੋਂ ਤਕ ਮੈਂ ਅਨੁਵਾਦ ਕਰਨ ਵਾਲੀ ਰਚਨਾ ਨੂੰ ਆਪਣੇ ਵਿਚ ਆਤਮਸਾਤ ਨਹੀਂ ਕਰ ਲੈਂਦੀ ਉਹ ਰਚਨਾ ਮੇਰੇ ਨਾਲ ਨਹੀਂ ਤੁਰਦੀ, ਰਚਨਾ ਨੇ ਮੈਨੂੰ ਵਾਰ-ਵਾਰ 'ਵਾਜ਼ ਨਹੀਂ ਮਾਰੀ ਕਿ ਮੈਨੂੰ ਅਨੁਵਾਦ ਕਰ, ਮੈਂ ਅਨੁਵਾਦ ਹੀ ਨਹੀਂ ਕਰਦੀ, ਇਸ ਕਰਕੇ ਮੈਂ ਕਈ ਨਰਾਜ਼ਗੀਆਂ ਵੀ ਝੱਲੀਆਂ। ਅਨੁਵਾਦ ਦਾ ਕਾਰਜ ਪਰ-ਦੇਹੀ ਵਿਚ ਪ੍ਰਵੇਸ਼ ਕਰ ਕੇ ਹੀ ਹੁੰਦਾ। ਮੂਲ ਰਚਨਕਾਰ ਦਾ ਸਿਰ ਆਪਣੇ ਧੜ 'ਤੇ ਲਾ ਕੇ ਹੀ ਅਨੁਵਾਦ ਹੁੰਦਾ ਹੈ। ਰਚਨਾ ਦੀ ਰੂਹ ਦੂਜੀ ਭਾਸ਼ਾ ਵਿਚ ਜਿਉਂਦੀ ਰਹਿਣੀ ਚਾਹੀਦੀ ਹੈ। ਮੈਂ ਅਨੁਵਾਦ ਦੇ ਕੰਮ ਨੂੰ ਦਸਵੰਧ ਵਾਂਗ ਲਿਆ। ਲੇਖਕ ਕੋਲ ਉਸ ਦਾ ਸਮਾਂ ਹੀ ਉਸ ਦੀ ਪੂੰਜੀ ਹੈ। ਇਸ ਪੂੰਜੀ ਵਿੱਚੋਂ ਮੈਂ ਆਪਣੀ ਸਿਰਜਣਾ ਦੇ ਨਾਲ ਆਪਣੇ ਸਮੇਂ ਦਾ ਕੁਝ ਹਿੱਸਾ ਦੋਹਾਂ ਭਾਸ਼ਾਵਾਂ ਨੂੰ ਸਮਰਪਿਤ ਕਰਦੀ ਹਾਂ। ਇਸ ਵਿੱਚੋਂ ਮੈਨੂੰ ਸੰਤੁਸ਼ਟੀ ਮਿਲਦੀ ਹੈ।

- **ਇਨਾਮ ਸਨਮਾਨ ਲੇਖਕ ਦਾ ਕੱਦ ਉੱਚਾ ਕਰਦੇ ਜਾਂ ਰਚਨਾ?**

ਬੇਸ਼ਕ ਰਚਨਾ ਹੀ।

- **ਸਾਹਿਤਕ ਸਫ਼ਰ ਦਾ ਨਿੱਜੀ ਅਨੁਭਵ ਸਾਂਝਾ ਕਰੋ?**

ਇਸ ਸਫ਼ਰ ਵਿਚ ਅਨੇਕਾਂ ਕੌੜੇ-ਮਿੱਠੇ ਅਨੁਭਵ ਹੋਏ।ਕੌੜੇ ਅਨੁਭਵਾਂ ਨੇ ਸਿਖਾਇਆ ਹੈ ਤੇ ਮਿੱਠੇ ਅਨੁਭਵ ਜੋ ਤੁਹਾਡੇ ਖ਼ੂਨ ਦਾ ਹਿੱਸਾ ਬਣ ਜਾਂਦੇ ਹਨ, ਤੁਹਾਨੂੰ ਸਿਰਜਣਾ ਲਈ ਊਰਜਾ ਦਿੰਦੇ ਹਨ, ਹੁਲਾਰਾ ਦਿੰਦੇ ਹਨ।

- **ਪਾਠਕਾਂ ਅਤੇ ਨਵੇਂ ਲੇਖਕਾਂ ਲਈ ਸੁਨੇਹਾ?**

ਅੱਜ ਦਾ ਪਾਠਕ ਬਹੁਤ ਸਮਝਦਾਰ ਹੈ। ਅੱਜ ਦੇ ਸਮੇਂ ਵਿਚ ਮਨੁੱਖ ਕੋਲ ਸੋਸ਼ਲ ਮੀਡੀਆ ਹੈ, ਸੂਚਨਾ ਲਈ ਦੁਨੀਆ ਉਸ ਦੀ ਮੁੱਠੀ ਵਿਚ ਹੈ ਮਨੋਰੰਜਨ ਦੇ ਅਨੇਕਾਂ ਸਾਧਨ ਹਨ, ਇਸ ਸਾਰੀ ਚਕਾਚੌਂਧ ਤੋਂ ਬਚ ਕੇ ਜੋ ਪਾਠਕ ਪੁਸਤਕ ਨਾਲ ਜੁੜਦਾ ਹੈ, ਸ਼ਬਦ ਨਾਲ ਜੁੜਦਾ ਹੈ, ਉਸ ਪਾਠਕ ਨੂੰ ਅਸੀ ਸਾਧਾਰਣ ਨਹੀਂ ਕਹਿ ਸਕਦੇ। ਜਿੱਥੋਂ ਤਕ ਨਵੇਂ ਲੇਖਕਾਂ ਦਾ ਸਵਾਲ ਹੈ ਜਰਮਨ ਦਾ ਕਵੀ ਰਿਲਕੇ ਦਾ ਕਹਿਣਾ ਹੈ ਕਿ ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀ ਲਿਖੇ ਬਿਨਾ ਜਿਉਂਦੇ ਰਹਿ ਸਕਦੇ ਹੋ ਤਾਂ ਤੁਹਾਨੂੰ ਲਿਖਣਾ ਹੀ ਨਹੀਂ ਚਾਹੀਦਾ ਪਰ ਜੇ ਤੁਹਾਨੂੰ ਲੱਗੇ ਕਿ ਤੁਸੀ ਲਿਖੇ ਬਿਨਾ ਮਰ ਜਾਵੋਂਗੇ, ਜਿਉਂਦੇ ਨਹੀਂ ਰਹਿ ਸਕੋਂਗੇ ਤਾਂ ਹੀ ਤੁਹਾਨੂੰ ਇਸ ਰਾਹ 'ਤੇ ਜਾਣਾ ਚਾਹੀਦਾ ਹੈ।

ਨਵੇਂ ਲੇਖਕਾਂ ਨੂੰ ਜਲਦਬਾਜ਼ੀ ਵਿਚ ਆਪਣੀ ਊਰਜਾ ਦੀ ਵਰਤੋਂ ਇੱਧਰ-ਉੱਧਰ ਨਾ ਕਰ ਕੇ, ਨਿੱਕੇ ਤੋਂ ਨਿੱਕੇ ਪਲਾਂ ਦਾ ਦ੍ਰਿਸ਼ਟਾ ਬਣਨਾ ਚਾਹੀਦਾ ਹੈ। ਕੁਦਰਤ ਦੇ ਨੇੜੇ ਹੋ ਕੇ ਆਪਣੇ ਉਸ ਬਿੰਦੂ ਨੂੰ ਉਸ ਕੇਂਦਰ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ, ਜੋ ਸਿਰਜਣਾ ਕਰਵਾਉਂਦਾ ਹੈ। ਆਪਣੀ ਇਕੱਲ ਨੂੰ ਪਿਆਰ ਕਰਨਾ ਚਾਹੀਦਾ ਹੈ।

ਹਰ ਕਲਾਕਾਰ ਲਈ ਉਸ ਦੀ ਕਲਾ ਹੀ ਅਨੰਤ ਵੱਲ ਜਾਣ ਦਾ ਰਸਤਾ ਹੈ। ਉਸੇ ਵਿਚ ਉਸ ਦੀ ਮੁਕਤੀ ਹੈ, ਸੰਤੁਸ਼ਟੀ ਹੈ। ਨਵਾਂ ਲੇਖਕ ਗਿਣਤੀ ਦੀ ਦੌੜ ਤੋਂ ਪਾਸੇ ਹੋ ਕੇ ਰਚਨਾ ਨੂੰ ਸਮਾਂ ਦੇਵੇ, ਧੀਰਜ ਦਿਖਾਵੇ ਕਿਉਂਕਿ ਹਰ ਚੀਜ਼ ਜਨਮ ਤੋਂ ਪੱਕਣ ਲਈ ਸਮਾਂ ਲੈਂਦੀ ਹੈ।

• ਗੁਰਪ੍ਰੀਤ ਡੈਨੀ
97792-50653

# ਸਭ ਤੋਂ ਵੱਡੀ ਦੌਲਤ
# ਵਿਅਕਤੀ ਦਾ ਵਿਵਹਾਰ

• ਕੈਲਾਸ਼ ਚੰਦਰ ਸ਼ਰਮਾ
9877466607



**ਆਪਸੀ ਸਬੰਧਾਂ ਨੂੰ ਮਜ਼ਬੂਤ ਅਤੇ ਸਦਾ ਜਿਊਂਦੇ ਰੱਖਣ ਲਈ ਵਿਅਕਤੀ ਦਾ ਵਿਵਹਾਰ ਬਹੁਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਜਿੰਨਾ ਪ੍ਰਭਾਵਸ਼ਾਲੀ ਤੁਹਾਡਾ ਵਿਵਹਾਰ ਹੋਵੇਗਾ ਲੋਕ ਓਨਾ ਹੀ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰਨਗੇ। ਲੋਕ ਚਿਹਰੇ ਤਾਂ ਭੁੱਲ ਜਾਂਦੇ ਹਨ ਪਰ ਵਿਵਹਾਰ ਨੂੰ ਨਹੀਂ...**

ਸਮਾਜਿਕ ਜੀਵਨ ਵਿਚ ਸਬੰਧਾਂ ਦੀ ਬਹੁਤ ਮਹੱਤਤਾ ਹੈ। ਇਨ੍ਹਾਂ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ 'ਤੇ ਸਨੇਹ ਉਪਜਦਾ ਹੈ ਜਿਸ ਦੇ ਸਿੱਟੇ ਵਜੋਂ ਆਚਰਣ ਵਿਚ ਸਹਿਜਤਾ, ਸਹਿਣਸ਼ੀਲਤਾ, ਤਾਲਮੇਲ ਵਰਗੇ ਗੁਣ ਵਿਕਸਤ ਹੁੰਦੇ ਹਨ ਜੋ ਜੀਵਨ ਨੂੰ ਅਨੰਦ-ਦਾਇਕ ਬਣਾਉਣ ਵਿਚ ਸਹਾਇਕ ਹੁੰਦੇ ਹਨ। ਸਬੰਧਾਂ ਪ੍ਰਤੀ ਜ਼ਿੰਮੇਵਾਰੀ ਨੂੰ ਨਕਾਰਨ ਨਾਲ ਨਕਾਰਾਤਮਕ ਵਿਚਾਰ ਅਤੇ ਬੌਧਿਕ ਅਸ਼ਾਂਤੀ ਪੈਦਾ ਹੁੰਦੀ ਹੈ ਜੋ ਆਦਾਨ-ਪ੍ਰਦਾਨ, ਵਿਚਾਰ-ਵਟਾਂਦਰੇ ਅਤੇ ਸੇਵਾ-ਸਨਮਾਨ ਵਰਗੇ ਗੁਣਾਂ ਦੀ ਮਨੁੱਖ ਵਿੱਚੋਂ ਗ਼ੈਰ-ਮੌਜੂਦਗੀ ਦਾ ਕਾਰਨ ਬਣਦੀ ਹੈ। ਜੇਕਰ ਸ਼ਾਂਤ-ਮਨ ਨਾਲ ਵਿਚਾਰ ਕਰ ਕੇ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਕੁਝ ਬੁਨਿਆਦੀ ਸਿਧਾਂਤਾਂ ਨੂੰ ਅਪਣਾਉਂਦੇ ਹੋਏ ਜੀਵਨ ਵਿਚ ਵਿਚਰਿਆ ਜਾਵੇ ਤਾਂ ਜ਼ਿੰਦਗੀ ਵਿਚ ਕਦੇ ਵੀ ਅਸਫਲਤਾ, ਨਿਰਾਸ਼ਾ ਜਾਂ ਉਦਾਸੀ ਦਾ ਮੂੰਹ ਨਹੀ ਵੇਖਣਾ ਪੈਂਦਾ।

ਸਾਡੇ ਆਪਸੀ ਸਬੰਧਾਂ ਨੂੰ ਮਜ਼ਬੂਤ ਅਤੇ ਸਦਾ ਜਿਊਂਦੇ ਰੱਖਣ ਲਈ ਵਿਅਕਤੀ ਦਾ ਵਿਵਹਾਰ ਬਹੁਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਜਿੰਨਾ ਪ੍ਰਭਾਵਸ਼ਾਲੀ ਤੁਹਾਡਾ ਵਿਵਹਾਰ ਹੋਵੇਗਾ ਲੋਕ ਓਨਾ ਹੀ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰਨਗੇ। ਲੋਕ ਚਿਹਰੇ ਤਾਂ ਭੁੱਲ ਜਾਂਦੇ ਹਨ ਪਰ ਤੁਹਾਡੇ ਦੁਆਰਾ ਕੀਤੇ ਵਿਵਹਾਰ ਨੂੰ ਕਦੇ ਨਹੀਂ ਭੁੱਲਦੇ ਖ਼ਾਸ ਕਰ ਕੇ ਜਦੋਂ ਵਿਅਕਤੀ 'ਤੇ ਬੁਰਾ ਸਮਾਂ ਆਇਆ ਹੋਵੇ। ਜਿਸ ਤਰ੍ਹਾਂ ਮਾੜੀਆਂ ਨੀਂਹਾਂ 'ਤੇ ਉੱਚੇ ਮਹਿਲ ਨਹੀਂ ਉਸਾਰੇ ਜਾ ਸਕਦੇ ਉਸੇ ਤਰ੍ਹਾਂ ਮਾੜੇ ਵਿਵਹਾਰ ਨਾਲ ਸਬੰਧ ਸੁਖਾਵੇਂ ਨਹੀਂ ਬਣਾਏ ਜਾ ਸਕਦੇ ਅਤੇ ਨਾ ਹੀ ਜੀਵਨ ਵਿਚ ਕਿਸੇ ਤਰ੍ਹਾਂ ਦੀ ਪ੍ਰਸੰਨਤਾ ਦਾ ਪ੍ਰਵੇਸ਼ ਹੋ ਸਕਦਾ ਹੈ। ਸਾਡੇ ਵਿਵਹਾਰ ਨਾਲ ਸਾਡਾ ਇਕ ਅਕਸ ਬਣਦਾ ਹੈ ਅਤੇ ਸਮਾਜ ਇਸੇ ਅਕਸ ਨਾਲ ਸਾਨੂੰ ਜਾਣਦਾ ਪਛਾਣਦਾ ਹੈ। ਕੋਈ ਵਿਅਕਤੀ ਕਿੰਨਾ ਵੀ ਅਮੀਰ ਜਾਂ ਰੂਪਮਾਨ ਕਿਉਂ ਨਾ ਹੋਵੇ ਪਰ ਜੇ ਉਸ ਦਾ ਵਿਵਹਾਰ ਚੰਗਾ ਨਹੀਂ ਹੈ ਤਾਂ ਉਸ ਦੇ ਅਮੀਰ ਜਾਂ ਰੂਪਮਾਨ ਹੋਣ ਦੇ ਕੋਈ ਮਾਅਨੇ ਨਹੀਂ ਹਨ। ਸਾਡੇ ਚੰਗੇ ਵਿਵਹਾਰ ਨਾਲ ਜਿੱਥੇ ਸਾਹਮਣੇ ਵਾਲਾ ਪ੍ਰਭਾਵਿਤ ਹੁੰਦਾ ਹੈ, ਉੱਥੇ ਸਾਨੂੰ ਵੀ ਅੰਦਰੋਂ ਖ਼ੁਸ਼ੀ ਮਿਲਦੀ ਹੈ।

ਸਾਡਾ ਵਿਵਹਾਰ ਸਾਡਾ ਦੁਸ਼ਮਣ ਵੀ ਹੈ ਅਤੇ ਮਿੱਤਰ ਵੀ। ਜੇਕਰ ਤੁਸੀਂ ਵਿਸ਼ਵਪੱਧਰ ਦੇ ਹੋਣਾ ਚਾਹੁੰਦੇ ਹੋ, ਜਿੰਨੇ ਚੰਗੇ ਹੋ ਉਸ ਤੋਂ ਵੀ ਵੱਧ ਚੰਗੇ ਬਣਨਾ ਚਾਹੁੰਦੇ ਹੋ ਤਾਂ ਬਾਕੀ ਗੱਲਾਂ ਤੋਂ ਇਲਾਵਾ ਇਹ ਤੁਹਾਡੇ ਵਰਤਾਰੇ 'ਤੇ ਨਿਰਭਰ ਕਰਦਾ ਹੈ। ਜਿਸ ਤਰ੍ਹਾਂ ਮੋਮਬੱਤੀ ਕਦੇ ਨਹੀਂ ਬੋਲਦੀ, ਉਸ ਦੀ ਰੌਸ਼ਨੀ ਹੀ ਉਸ ਦੀ ਪਛਾਣ ਦੱਸ ਦਿੰਦੀ ਹੈ, ਉਸੇ ਤਰ੍ਹਾਂ ਤੁਹਾਡਾ ਵਿਵਹਾਰ ਤੁਹਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹੁੰਦਾ ਹੈ। ਕਿਸੇ ਪੜ੍ਹੇ-ਲਿਖੇ ਵਿਅਕਤੀ ਦੀ ਵਿਵਹਾਰ ਅਕੁਸ਼ਲਤਾ ਉਸ ਨੂੰ ਸ੍ਰੇਸ਼ਠ ਮਨੁੱਖ ਦੀ ਸ਼੍ਰੇਣੀ ਤੋਂ ਹੇਠਾਂ ਲੈ ਆਉਂਦੀ ਹੈ। ਤੁਹਾਡਾ ਚੰਗਾ ਵਿਵਹਾਰ ਤੁਹਾਡੀ ਕਮਾਈ ਹੋਈ ਸਭ ਤੋਂ ਮਹਿੰਗੀ ਦੌਲਤ ਹੈ। ਕਿੰਨਾ ਵੀ ਕਿਸੇ ਤੋਂ ਦੂਰ ਰਹੋ, ਤੁਹਾਡੇ ਚੰਗੇ ਵਿਵਹਾਰ ਕਾਰਨ ਅਕਸਰ ਤੁਸੀਂ ਕਿਸੇ ਨਾ ਕਿਸੇ ਪਲ ਯਾਦਾਂ ਵਿਚ ਆ ਹੀ ਜਾਂਦੇ ਹੋ। ਸਾਡਾ ਵਿਵਹਾਰ ਕਈ ਵਾਰ ਗਿਆਨ ਨਾਲੋਂ ਵੀ ਜ਼ਿਆਦਾ ਵਧੀਆ ਹੁੰਦਾ ਹੈ। ਜਦੋਂ ਕਦੇ ਜੀਵਨ ਵਿਚ ਬੁਰੀਆਂ ਸਥਿਤੀਆਂ ਆ ਜਾਂਦੀਆਂ ਹਨ ਤਾਂ ਗਿਆਨ ਹਾਰ ਜਾਂਦਾ ਹੈ ਪਰ ਵਧੀਆ ਵਿਵਹਾਰ ਦੇ ਸਦਾ ਜਿੱਤਣ ਦੀ ਸੰਭਾਵਨਾ ਰਹਿੰਦੀ ਹੈ।

ਬੁਰੇ ਵਿਵਹਾਰ ਨੇ ਤਾਂ ਦੁਨੀਆਂ ਵਿਚ ਪਤਾ ਨਹੀਂ ਕਿੰਨੇ ਝਗੜੇ ਪੈਦਾ ਕੀਤੇ ਹਨ। ਰਿਸ਼ਤਿਆਂ ਵਿਚ ਵੀ ਬਹੁਤੇ ਮਸਲੇ ਹਉਮੈ ਨੇ ਹੀ ਖੜੇ ਕੀਤੇ ਹਨ। ਆਪਣੇ-ਆਪ ਨੂੰ ਦੂਜਿਆਂ ਤੋਂ ਵੱਧ ਸਿਆਣਾ ਸਮਝਣਾ ਜਾਂ ਦੂਜੇ ਨੂੰ ਹੀਣਾ ਸਮਝਣਾ, ਉਸ ਦੀ ਨੁਕਤਾਚੀਨੀ ਕਰੀ ਜਾਣਾ ਤੇ ਆਪਣੀਆਂ ਸਿਫ਼ਤਾਂ ਦੇ ਆਪੇ ਹੀ ਪੁਲ ਬੰਨ੍ਹੀ ਜਾਣਾ, ਅਜਿਹੇ ਵਿਵਹਾਰ ਰਿਸ਼ਤਿਆਂ ਵਿਚ ਮਿਠਾਸ ਦੀ ਥਾਂ ਕੁੜੱਤਣ ਭਰ ਦਿੰਦੇ ਹਨ ਜਿਸ ਕਾਰਨ ਜੀਵਨ ਅਨੰਦਾਇਕ ਨਹੀਂ ਰਹਿੰਦਾ।

ਸਦਾ ਬਹਾਰ ਵਿਅਕਤੀ ਦਾ ਹਿਰਦਾ ਵਿਸ਼ਾਲ ਹੁੰਦਾ ਹੈ ਅਤੇ ਉਹ ਛੋਟੀਆਂ-ਛੋਟੀਆਂ ਅਤੇ ਘਟੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦਾ। ਦੂਜਿਆਂ ਦੀ ਸਫਲਤਾ ਵੇਖ ਕੇ ਸੜਦਾ ਨਹੀਂ, ਬਲਕਿ ਉਨ੍ਹਾਂ ਦੀ ਪ੍ਰਸ਼ੰਸਾ ਹੀ ਕਰਦਾ ਹੈ ਕਿਉਂਕਿ ਉਸ ਨੂੰ ਗਿਆਨ ਹੈ ਕਿ ਚੰਗੇ ਵਿਵਹਾਰ ਤੋਂ ਵੱਡੀ ਕੋਈ ਵਿਰਾਸਤ ਨਹੀਂ। ਨਾ ਗੁਆਚਣ ਦਾ ਡਰ, ਨਾ ਖ਼ਰਚ ਹੋਣ ਦਾ ਅਫ਼ਸੋਸ ਤੇ ਨਾ ਹੀ ਕਿਸੇ ਦੇ ਨਾਲ ਨਾ ਹੋਣ ਦਾ ਦੁੱਖ ਬਲਕਿ ਇਸ ਤੋਂ ਸਦਾ ਚੰਗਾ ਹੀ ਪ੍ਰਾਪਤ ਹੋਵੇਗਾ। ਇਕ-ਦੂਜੇ ਦੀਆਂ ਗ਼ਲਤੀਆਂ ਨੂੰ ਅਣਦੇਖੀਆਂ ਕਰ ਕੇ ਮੁਆਫ਼ ਕਰਨ ਤੇ ਅਡਜਸਟ ਕਰਨ ਦੀ ਆਦਤ ਸਬੰਧਾਂ ਨੂੰ ਹੋਰ ਪੀੜ੍ਹੀਆਂ ਕਰਨ ਵਿਚ ਸਹਾਈ ਹੁੰਦੀ ਹੈ। ਵੱਡੇ ਅਹੁਦੇ 'ਤੇ ਪਹੁੰਚ ਕੇ ਵਿਅਕਤੀ ਦਾ ਹੰਕਾਰਿਆ ਵਿਵਹਾਰ ਜਿੱਥੇ ਉਸ ਦੇ ਘਟੀਆ ਚਰਿੱਤਰ ਨੂੰ ਦਰਸਾਉਂਦਾ ਹੈ ਉੱਥੇ ਉਸ ਨੂੰ ਉਨ੍ਹਾਂ ਲੋਕਾਂ ਤੋਂ ਵੀ ਦੂਰ ਕਰਦਾ ਹੈ ਜਿਨ੍ਹਾਂ ਨਾਲ ਕਦੇ ਉਨ੍ਹਾਂ ਦੇ ਸੁਖਾਵੇਂ ਸਬੰਧ ਰਹੇ ਸਨ।

ਸਿਆਣੇ ਕਹਿੰਦੇ ਹਨ ਕਿ ਵਿਵਹਾਰ 'ਚ 70% ਪ੍ਰਭਾਵ ਮਾਹੌਲ ਦਾ ਪੈਂਦਾ ਹੈ। ਜੇ ਸਾਡੇ ਆਲੇ-ਦੁਆਲੇ ਅਜਿਹੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਜੋ ਸੌੜੀ ਸੋਚ ਰੱਖਦੇ ਹੋਏ ਮੇਲ-ਜੋਲ ਦੀ ਭਾਵਨਾ ਤੋਂ ਦੂਰ ਰਹਿੰਦੇ ਹਨ ਤਾਂ ਅਸੀਂ ਵੀ ਆਪਣੇ-ਆਪ ਵਿਚ ਸੀਮਿਤ ਹੋ ਜਾਵਾਂਗੇ ਅਤੇ ਜ਼ਿੰਦਗੀ ਦੀਆਂ ਖ਼ੁਸ਼ੀਆਂ ਤੋਂ ਵਾਂਝੇ ਹੋ ਜਾਵਾਂਗੇ। ਇਸ ਲਈ ਅਜਿਹੇ ਲੋਕਾਂ ਤੋਂ ਬਚਣ ਅਤੇ ਚੰਗੇ ਸੰਸਕਾਰਾਂ ਵਾਲੇ ਲੋਕਾਂ ਦੀ ਸੰਗਤ ਮਾਣਨ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਚੰਗਾ ਵਿਵਹਾਰ ਉਹ ਦੀਪਕ ਹੈ ਜੋ ਹਰ ਪਰੇਸ਼ਾਨੀ ਨੂੰ ਆਪਣੇ ਪ੍ਰਕਾਸ਼ ਨਾਲ ਦੂਰ ਕਰ ਦਿੰਦਾ ਹੈ। ਇਸ ਲਈ ਜ਼ਿੰਦਗੀ ਵਿਚ ਜੋ ਕੁਝ ਮਰਜ਼ੀ ਵਾਪਰ ਜਾਵੇ, ਕਦੇ ਵੀ ਚੰਗੇ ਵਿਵਹਾਰ ਦਾ ਪੱਲਾ ਨਾ ਛੱਡੋ।

ਮਾੜੇ ਵਿਅਕਤੀ ਵੀ ਆਪਣਾ ਵਿਵਹਾਰ ਬਦਲ ਕੇ ਸੱਭਿਅਕ ਬਣ ਜਾਂਦੇ ਹਨ। ਜੋ ਵਿਅਕਤੀ ਨਿਰੰਤਰ ਆਪਣਾ ਮੁਲੰਕਣ ਕਰਦਾ ਹੋਇਆ ਆਪਣੇ ਵਿਵਹਾਰ ਵਿਚ ਸੁਧਾਰ ਕਰਦਾ ਰਹਿੰਦਾ ਹੈ ਉਹ ਸਦਾ ਪ੍ਰਸੰਨ-ਚਿੱਤ ਰਹਿੰਦਾ ਹੈ ਤੇ ਕਾਮਯਾਬ ਵੀ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਵਿਅਕਤੀ ਆਪਣਾ ਨਸੀਬ ਤਾਂ ਨਹੀਂ ਬਦਲ ਸਕਦੇ ਪਰ ਆਪਣਾ ਵਿਵਹਾਰ ਬਦਲ ਕੇ ਖ਼ੁਸ਼ੀਆਂ ਨੂੰ ਤਾਂ ਆਪਣੇ ਵਿਹੜੇ ਬੁਲਾ ਸਕਦੇ ਹਨ। ਆਪਣੀ ਚੜ੍ਹਤ ਸਮੇਂ ਰਾਹ ਵਿਚ ਆਉਣ ਵਾਲੇ ਲੋਕਾਂ ਨਾਲ ਚੰਗਾ ਵਿਵਹਾਰ ਕਰੋ ਕਿਉਂਕਿ ਉਤਰਾਈ ਸਮੇਂ ਉਹ ਹੀ ਤੁਹਾਡੀ ਸਹਾਇਤਾ ਕਰਨਗੇ।

ਆਪਣੇ ਵਿਵਹਾਰ ਵਿਚ ਸੁਧਾਰ ਲਈ ਜ਼ਰੂਰੀ ਹੈ ਕਿ ਜਦੋਂ ਕੋਈ ਮਿੱਤਰ ਪਿਆਰਾ ਘਰ ਆਵੇ ਤਾਂ ਸਾਰਾ ਕੰਮ ਛੱਡ, ਦੌੜ ਕੇ ਉਸ ਦਾ ਸੁਆਗਤ ਕਰੋ। ਦੂਜਿਆਂ ਵੱਲੋਂ ਕੀਤੀ ਕੇਅਰ ਖੁੱਲ੍ਹ-ਦਿਲੀ ਨਾਲ ਪ੍ਰਵਾਨ ਕਰੋ ਅਤੇ ਉਨ੍ਹਾਂ ਵੱਲੋਂ ਪਿਆਰ, ਸਤਿਕਾਰ ਅਤੇ ਆਦਰ ਵਾਲੇ ਢੰਗ ਨੂੰ ਕਦੇ ਗ਼ਲਤ ਨਾ ਸਮਝੋ। ਵਿਅਕਤੀਆਂ ਨਾਲ ਗੱਲ ਕਰਦੇ ਸਮੇਂ ਉਨ੍ਹਾਂ ਵਿਚ ਰੁਚੀ ਲਓ ਅਤੇ ਕਦੇ ਵੀ ਬੇਰੁਖੀ ਨਾ ਦਿਖਾਓ। ਅਜਿਹਾ ਕਰਨ ਨਾਲ ਵਿਅਕਤੀ ਡੂੰਘਾਈ ਤੱਕ ਹਿਰਦੇ ਨਾਲ ਜੁੜ ਜਾਂਦੇ ਹਨ। ਵਿਅਕਤੀ ਨੂੰ ਉਸ ਦੇ ਕੁਦਰਤੀ ਸਰੂਪ ਵਿਚ ਸਵੀਕਾਰ ਕਰਦੇ ਹੋਏ ਉਸ ਨਾਲ ਸਬੰਧ ਬਣਾਉਣ ਦੀ ਕੋਸ਼ਿਸ਼ ਕਰੋ ਅਤੇ ਸਬੰਧਾਂ ਦੇ ਉੱਤਮ ਭਾਵਾਂ ਨੂੰ ਸਵੀਕਾਰ ਕਰਦੇ ਹੋਏ ਉਨ੍ਹਾਂ ਵਿਚਲਾ ਨਿੱਘ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ।

ਜ਼ਿੰਦਗੀ ਦਾ ਅਸਲੀ ਮਜ਼ਾ ਅਜਿਹੇ ਲੋਕ ਹੀ ਲੈ ਸਕਦੇ ਹਨ। ਜੇ ਕਿਸੇ ਮਾੜੇ ਵਿਅਕਤੀ ਦੇ ਕਾਰਨ ਸਾਡੇ ਵਿਵਹਾਰ ਵਿਚ ਰੁੱਖਾਪਣ ਆਉਂਦਾ ਹੈ ਤਾਂ ਇਹੋ ਜਿਹੇ ਵਿਅਕਤੀ ਦਾ ਸਾਥ ਛੱਡ ਦੇਣਾ ਚਾਹੀਦਾ ਹੈ। ਦੂਜਿਆਂ ਨਾਲ ਉਹੋ ਜਿਹਾ ਵਿਵਹਾਰ ਕਰੋ ਜਿਹੋ ਜਿਹਾ ਤੁਸੀ ਦੂਜਿਆਂ ਵੱਲੋਂ ਖ਼ੁਦ ਲਈ ਚਾਹੁੰਦੇ ਹੋ। ਜੇਕਰ ਤੁਸੀਂ ਦੂਜਿਆਂ ਵੱਲੋਂ ਝੂਠ ਬੋਲਣਾ ਪਸੰਦ ਨਹੀ ਕਰਦੇ ਤਾਂ ਤੁਹਾਨੂੰ ਵੀ ਕਿਸੇ ਨਾਲ ਝੂਠਾ ਵਿਵਹਾਰ ਨਹੀਂ ਕਰਨਾ ਚਾਹੀਦਾ। ਇਸ ਲਈ ਸਮੇਂ-ਸਮੇਂ 'ਤੇ ਆਤਮ-ਚਿੰਤਨ ਕਰਦੇ ਹੋਏ ਮਾੜੇ ਵਰਤਾਰੇ ਨੂੰ ਤਿਆਗਦੇ ਹੋਏ, ਵਿਵਹਾਰ ਦੇ ਚੰਗੇ ਗੁਣਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰੀਏ ਤਾਂ ਹੀ ਅਸੀਂ ਜ਼ਿੰਦਗੀ ਦੀਆਂ ਖ਼ੁਸ਼ੀਆਂ ਦਾ ਅਨੰਦ ਲੈ ਸਕਦੇ ਹਾਂ।•



# ਹਾਸ਼ੀਏ 'ਤੇ ਧੱਕੇ ਵਰਗ ਦੀ ਦਾਸਤਾਨ 'ਆਦਮ ਗ੍ਰਹਿਣ'

'ਆਦਮ ਗ੍ਰਹਿਣ' ਹਰਕੀਰਤ ਕੌਰ ਚਹਿਲ ਦਾ ਨਵਾਂ ਨਾਵਲ ਹੈ। ਇਹ ਨਾਵਲ ਸਮਾਜ ਵਿਚ ਵਿਚਰਦੇ ਹਾਸ਼ੀਆਗ੍ਰਸਤ ਲੋਕਾਂ ਦੀ ਸਮਾਜਿਕ ਅਤੇ ਮਨੋਵਿਗਿਆਨਕ ਸਥਿਤੀ ਨੂੰ ਬੜੇ ਕਰੁਣਾਮਈ ਤਰੀਕੇ ਨਾਲ ਪੇਸ਼ ਕਰਦਾ ਹੈ। ਇਹ ਹਾਸ਼ੀਆਗ੍ਰਸਤ ਉਹ ਲੋਕ ਹਨ ਜਿਨ੍ਹਾਂ ਨੂੰ ਅਸੀ ਸਮਾਜਿਕ ਤੌਰ 'ਤੇ ਸੱਭਿਅਕ ਭਾਸ਼ਾ ਵਿਚ 'ਥਰਡ ਜੈਂਡਰ' ਜਾਂ ਆਮ ਭਾਸ਼ਾ ਵਿਚ ਖੁਸਰੇ ਜਾਂ ਹੀਜੜੇ ਕਹਿ ਕੇ ਵੀ ਸੰਬੋਧਨ ਕਰਦੇ ਹਾਂ। ਇਹ ਲੋਕ ਸਮਾਜ ਵਿਚ ਖ਼ੁਸ਼ੀਆਂ ਵੰਡਦੇ ਅਤੇ ਖ਼ੁਸ਼ੀ ਦੇ ਮੌਕੇ 'ਤੇ ਹਰੇਕ ਘਰ ਪਰਿਵਾਰ ਵਿਚ ਵਧਾਈ ਲੈਣ ਲਈ ਪਹੁੰਚਦੇ ਹਨ ਪਰ ਇਨ੍ਹਾਂ ਦੀ ਆਪਣੀ ਜ਼ਿੰਦਗੀ ਕਸ਼ਟਦਾਇਕ ਹੋਣ ਦੇ ਬਾਵਜੂਦ ਇਹ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਊਣ ਦਾ ਗੁਰ ਸਿੱਖ ਲੈਂਦੇ ਹਨ।

ਨਾਵਲਕਾਰ ਨੇ ਇਸ ਨਾਵਲ ਵਿਚ ਇਕ ਵਿਸ਼ੇਸ਼ ਨੁਕਤਾ ਪਾਠਕਾਂ ਦੇ ਰੂਬਰੂ ਕਰਨ ਦਾ ਯਤਨ ਕੀਤਾ ਹੈ, ਉਹ ਇਹ ਹੈ ਕਿ ਜਿਹੜਾ ਬੱਚਾ ਕਿਸੇ ਵੀ ਪਰਿਵਾਰ ਵਿਚ ਜਨਮ ਲੈਂਦਾ ਹੈ ਤੇ ਜੇ ਉਹ 'ਥਰਡ ਜੈਂਡਰ' ਦੇ ਰੂਪ ਵਿਚ ਹੋਵੇ, ਇਸ ਵਿਚ ਉਸ ਦਾ ਤਾਂ ਕੋਈ ਕਸੂਰ ਨਹੀਂ। ਇਹ ਤਾਂ ਕੁਦਰਤੀ ਤੌਰ 'ਤੇ ਜੀਵ ਵਿਗਿਆਨਕ ਤਬਦੀਲੀ ਹੋ ਸਕਦੀ ਹੈ। ਪਰ ਸਮਾਜ ਵਿਚ ਕਿਸੇ ਵੀ ਘਰ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਪਰਿਵਾਰ ਨਾਲੋਂ ਵੱਧ ਸਮਾਜ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਕਿਤੇ ਭੁੱਲ-ਭੁਲੇਖੇ ਕੋਈ ਅਜਿਹਾ ਵਿਅਕਤੀ ਕਿਸੇ ਦੂਜੇ ਕਿੱਤੇ ਨੂੰ ਅਪਣਾਉਂਦਾ ਹੈ ਜਾਂ ਦੂਜੇ ਖੇਤਰ ਵਿਚ ਜਾਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਦਾ ਹਸ਼ਰ ਅਸੀ ਇਸ ਨਾਵਲ ਦੀ ਮੁੱਖ ਪਾਤਰ ਅਮੀਰਾਂ ਬਾਅਦ ਵਿਚ ਮਹੰਤ ਲੈਚੀ ਦੇ ਡੇਰੇ ਵਿਚ ਜਾ ਕੇ ਬਣੀ ਮੀਰਾਂ ਦੀ ਦਰਦ ਕਹਾਣੀ ਰਾਹੀ ਦੇਖ ਸਕਦੇ ਹਾਂ।

ਮਾਂ ਸਲਮਾ ਦੇ ਘਰ ਵਿਚ ਲਾਡਾਂ ਪਿਆਰਾਂ ਨਾਲ ਪਲੀ। ਅਮੀਰਾਂ ਨੂੰ ਸਮਾਜਿਕ ਰੂਪ ਵਿਚ ਤਾਂ ਨਮੋਸ਼ੀ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ ਪਰਿਵਾਰਕ ਰੂਪ ਵਿਚ ਵਿਸ਼ੇਸ਼ ਕਰ ਕੇ ਭੈਣਾਂ ਭਰਾਵਾਂ ਵੱਲੋਂ ਵੀ ਉਸ ਨਾਲ ਵਿਵਹਾਰ ਚੰਗਾ ਨਹੀ ਕੀਤਾ ਜਾਂਦਾ। ਇਸ ਕਰਕੇ ਉਹ ਖ਼ੁਦ ਹੀ ਮਹੰਤ ਲੈਚੀ ਦੇ ਟੋਲੇ ਵਿਚ ਜਾਣ ਲਈ ਮਜਬੂਰ ਹੋ ਜਾਂਦੀ ਹੈ ਅਤੇ ਫਿਰ ਮਹੰਤ ਬੁਲਬੁਲ ਦੀ ਗੱਦੀ ਕੋਠੀ ਅਤੇ ਵਿਰਾਸਤ ਨੂੰ ਵੀ ਅੱਗੇ ਵਧਾਉਂਦੀ ਹੈ। ਅੰਜੂ ਦੀ ਦਾਸਤਾਨ ਵੀ ਕੁਝ ਅਜਿਹੀ ਹੈ ਜਿਸ ਦਾ ਲਿੰਗ ਪਤਾ ਲੱਗਣ 'ਤੇ ਪਿਤਾ ਦੀ ਬੇਰੁਖੀ ਅਤੇ ਚਾਚੇ ਦੀ ਵਧੀਕੀ ਦਾ ਸ਼ਿਕਾਰ ਹੋ ਕੇ ਉਹ ਇਸ ਪਾਸੇ ਆ ਜਾਂਦੀ ਹੈ। ਲਾਲੀ ਦੇ ਦੋ ਵਿਆਹ ਹੋਣ ਤੋਂ ਬਾਅਦ ਅਤੇ ਸੰਪੂਰਨ ਔਰਤ ਹੋਣ ਦੇ ਬਾਵਜੂਦ ਸਮਾਜਿਕ ਤੌਰ 'ਤੇ ਤ੍ਰਿਸਕਾਰ ਦੀ ਭਾਗੀ ਬਣ ਕੇ ਉਹ ਮਹੰਤ ਬੁਲਬੁਲ ਦੀ ਸੇਵਾ ਵਿਚ ਹਾਜ਼ਰ ਹੁੰਦੀ ਹੈ ਅਤੇ ਡੇਰੇ ਵਿਚਲੇ ਖੁਸਰਿਆਂ ਦੀ ਰੋਟੀ ਪਾਣੀ ਦਾ ਆਹਰ ਕਰਦੀ ਹੈ। ਨਾਵਲ ਦੇ ਅਖੀਰ 'ਤੇ ਅਮੀਰਾਂ ਆਪਣੀ ਮਾਂ ਦੀ ਸੇਵਾ ਕਰਦੀ ਹੈ ਅਤੇ ਭਾਵੁਕ ਤੌਰ 'ਤੇ ਘਰ ਨਾਲ ਵੀ ਜੁੜੀ ਰਹਿੰਦੀ ਹੈ। ਨਾਵਲਕਾਰ ਦਾ ਇਹ ਮੱਤ ਹੈ ਕਿ ਜੇ ਕੁਦਰਤੀ ਤੌਰ 'ਤੇ ਅਨਿਆਂ ਦਾ ਸ਼ਿਕਾਰ ਇਨ੍ਹਾਂ ਬੱਚਿਆਂ ਨਾਲ ਬਰਾਬਰ ਦਾ ਵਿਵਹਾਰ ਕੀਤਾ ਜਾਵੇ ਤਾਂ ਇਹ ਸਨਮਾਨਯੋਗ ਸ਼ਹਿਰੀ ਬਣ ਕੇ ਸਮਾਜ ਵਿਚ ਵਿਚਰ ਸਕਦੇ ਹਨ। ਮੌਕਾ ਮੇਲ ਜੁਗਤ ਦੀ ਵਰਤੋਂ ਕਰ ਕੇ ਨਾਵਲਕਾਰਾ ਨੇ ਨਾਵਲ ਦੀਆਂ ਤੰਦਾਂ ਨੂੰ ਵੀ ਜੋੜਿਆ ਹੈ ਅਤੇ ਕਿਤੇ ਕਿਤੇ ਚੇਤਨਾ ਪ੍ਰਵਾਹ ਦੀ ਜੁਗਤ ਨੂੰ ਵੀ ਕਲਾਤਮਕ ਮੌਕੇ ਪੈਦਾ ਕਰਨ ਲਈ ਵਰਤਿਆ ਹੈ।





ਇਹ ਨਾਵਲ ਉਨ੍ਹਾਂ ਲੋਕਾਂ ਦੇ ਸੱਚ ਨੂੰ ਪੇਸ਼ ਕਰਦਾ ਪਾਠਕ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਹਮਦਰਦੀ ਭਰੀ ਜਾਗਰਤੀ ਪੈਦਾ ਕਰਦਾ ਹੈ ਜਿਨ੍ਹਾਂ ਨੂੰ ਅਸੀ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਦੇਖਦੇ ਹਾਂ। 142 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 250 ਰੁਪਏ ਹੈ ਅਤੇ ਇਸ ਨੂੰ ਰਹਾਓ ਪਬਲੀਕੇਸ਼ਨਜ਼, ਨਿਹਾਲਸਿੰਘ ਵਾਲਾ ਨੇ ਪ੍ਰਕਾਸ਼ਤ ਕੀਤਾ ਹੈ।

• ਐੱਸ. ਐੱਸ. ਔਜਲਾ

## ਪੁਸਤਕ ਚਰਚਾ

ਲਖਵਿੰਦਰ ਕੌਰ ਲੱਕੀ ਨੇ ਹੱਥਲੇ ਕਾਵਿ ਸੰਗ੍ਰਹਿ ਰਾਹੀ ਸਾਹਿਤ ਦੇ ਬਾਗ਼ 'ਚ ਪੈਰ ਧਰਿਆ ਹੈ। ਲੱਕੀ ਦੀਆਂ ਨਜ਼ਮਾਂ ਛੋਟੀਆਂ-ਛੋਟੀਆਂ ਕਲੀਆਂ ਹਨ, ਕਰੂੰਬਲਾਂ ਵਾਂਗ। ਉਸ ਦੀਆਂ ਨਜ਼ਮਾਂ ਨੁਕਤਾ ਪੈਦਾ ਕਰਦੀਆਂ ਹਨ, ਸੰਵਾਦ ਰਚਾਉਂਦੀਆਂ ਹਨ। ਹਰੇਕ ਨਜ਼ਮ ਇਕ ਲੰਮੇ ਸੰਵਾਦ ਨੂੰ ਜਨਮ ਦੇ ਰਹੀ ਹੈ, ਨਜ਼ਮ ਉਸ ਸੰਵਾਦ ਦੀਆਂ ਤਹਿਆਂ ਸਮੋਈ ਬੈਠੀ ਹੈ। ਵਰਤਮਾਨ ਸਮੇਂ ਪਿਆਰ ਦੇ ਬਰੀਕ ਅਰਥਾਂ 'ਚ ਝਾਤ ਮਾਰਦੇ ਹੋਏ ਉਹ ਲਿਖਦੀ ਹੈ-

*ਸਿਰਫ਼ ਲੋੜ ਜਾਪਦੀ*
*ਕਦੇ ਤਨ*
*ਕਦੇ ਧਨ*
*ਤੇ ਕਦੇ-ਕਦੇ ਮਨ ਦੀ*
*ਅਜੋਕਾ ਪਿਆਰ।*

ਉਹ ਇਸ ਰਿਸ਼ਤੇ ਦੀ ਸਚਾਈ ਨੂੰ ਜਾਣਦੀ ਹੋਈ ਵੀ ਨਿਰਾਸ਼ ਨਹੀ ਹੈ। ਉਹ ਭੱਖੜਿਆਂ ਦੇ ਜੰਗਲ 'ਚ ਵੀ ਇਕ ਕਰੂੰਬਲ ਨੂੰ ਉਭਾਰਦੀ ਹੈ। ਸਮੇਂ ਦੀਆਂ ਸਲਾਖਾਂ 'ਚੋਂ ਲੰਘਦਿਆਂ ਉਹ ਮੁਹੱਬਤ ਨੂੰ ਬਿਨਾਂ ਖੰਭਾਂ ਦੇ ਉਡਾ ਦਿੰਦੀ ਹੈ, ਜੋ ਯਾਦਾਂ ਦੇ ਆਸਮਾਨ 'ਚ ਤਾਉਮਰ ਦਿਸਦਾ ਹੈ। ਇਕ ਨਜ਼ਰ ਹੈ 'ਉਹ ਫੁੱਲ':

*ਸਾਂਭ ਰੱਖਿਐ ਅੱਜ ਵੀ*
*ਉਹ ਫੁੱਲ*
*ਦਿੱਤਾ ਸੀ ਜੋ ਅਰਸਾ ਪਹਿਲਾਂ*
*ਹਾਸੇ-ਹਾਸੇ 'ਚ।*
*ਸੁੱਕ ਚੁੱਕਾ ਹੈ ਬੇਸ਼ੱਕ*
*ਉੱਡ ਚੁੱਕਾ ਹੈ ਰੰਗ*
*ਪਰ*
*ਤਾਜ਼ਾ ਨੇ ਅਜੇ ਵੀ*
*ਮਹਿਕ ਤੇ ਤੇਰੀ ਯਾਦ।*

ਲਖਵਿੰਦਰ ਕੌਰ ਲੱਕੀ ਨਾਰੀ ਦੀ ਅਜੋਕੇ ਸਮਾਜ 'ਚ ਬਣੀ ਸਥਿਤੀ ਬਾਰੇ ਸੁਚੇਤ ਹੈ। ਉਹ ਖ਼ੁਦ ਇਸ ਬਣ ਰਹੇ ਜੰਗਲ 'ਚੋਂ ਗੁਜ਼ਰ ਰਹੀ ਹੈ।

ਉਹ ਮਰਦ-ਔਰਤ ਰਿਸ਼ਤੇ ਦੀ ਨਾਜ਼ੁਕਤਾ ਨੂੰ ਬਾਰੀਕੀ ਨਾਲ ਛੂੰਹਦੀ ਹੈ। ਉਸ ਦੀ ਕਵਿਤਾ ਇਨ੍ਹਾਂ ਰਿਸ਼ਤਿਆਂ ਨੂੰ ਖ਼ੁਦ 'ਚ ਸਮੋ ਰਹੀ ਹੈ। ਔਰਤ ਦੀ ਭਾਵੁਕਤਾ ਤੇ ਉਸ ਦੇ ਹਲਕੇ ਮਨ ਦੀਆਂ ਡੂੰਘੀਆਂ ਗਹਿਰਾਈਆਂ ਹਨ, ਜਿੱਥੋਂ ਉਹ ਰਿਸ਼ਤਿਆਂ ਦੀਆਂ ਬੰਦਸ਼ਾਂ ਨੂੰ ਖੋਲ੍ਹਦੀ ਹੈ। ਲਖਵਿੰਦਰ ਕੌਰ ਲੱਕੀ ਦੀ ਇਹ ਕਿਤਾਬ ਵਾਕਿਆ ਹੀ ਧੜਕਦੀ ਹੈ, ਇਹ ਧੜਕਣਾ ਸੰਵਾਦ ਦਾ ਧੜਕਣਾ ਵੀ ਹੈ, ਖ਼ੁਦ ਨੂੰ ਨਜ਼ਮਾਂ 'ਚ ਧੜਕਦੇ ਦੇਖਣਾ ਵੀ। ਕਿਤਾਬ ਪੜ੍ਹਨ ਯੋਗ ਹੈ।





ਮਲਕੀਅਤ ਮੀਤ ਪੰਜਾਬੀਆਂ ਲਈ ਕੋਈ ਨਵਾਂ ਨਾਂ ਨਹੀ ਹੈ। ਇਸ ਤੋਂ ਪਹਿਲਾਂ ਉਹ ਗੀਤਕਾਰੀ ਰਾਹੀ ਆਪਣੀ ਪਛਾਣ ਬਣਾ ਚੁੱਕਾ ਹੈ। ਵਾਰਤਕ ਵਿਧਾ 'ਚ ਹੱਥਲੀ ਪੁਸਤਕ 'ਚ ਲੇਖਕ ਦੇ 12 ਲੇਖ ਜਿਨ੍ਹਾਂ 'ਚ ਕੀ ਰੱਬ ਮਰ ਗਿਐ?, ਪਰਮਾਤਮਾ ਦੀ ਪ੍ਰਾਪਤੀ, ਸੋਚ ਦੀ ਭਾਲ ਤੇ ਕੌਣ ਹੈ, ਹਰ ਵਾਰ ਔਰਤ ਹੀ ਕਿਉਂ ਹਾਰਦੀ ਹੈ, ਫ਼ਕੀਰ ਬੇਫ਼ਿਕਰੇ ਹੁੰਦੇ ਹਨ, ਆਪਣੇ ਅੰਦਰ ਵੱਲ ਉਤਰੋ, ਬੇਹੋਸ਼ੀ ਤੋਂ ਬਾਹਰ ਆਉਣਾ ਹੀ ਪਰਮਾਤਮਾ ਹੈ, ਬਸ! ਅੰਦਰੋਂ ਚੁੱਪ ਹੋ ਜਾਓ, ਅੰਦਰਲੀ ਗੱਲ ਸਮਝ ਤੋਂ ਬਾਹਰ ਹੈ ਸ਼ਾਮਲ ਹਨ। ਇਹ ਲੇਖਕ ਦੇ ਅਨੁਭਵ ਹਨ ਤੇ ਉਸ ਦਾ ਇਕ ਆਪਣਾ ਨਜ਼ਰੀਆ ਹਨ। ਆਦਿ ਕਾਲ ਤੋਂ ਹੀ ਮਨੁੱਖ ਰੱਬ ਦਾ ਖੋਜੀ ਰਿਹਾ ਹੈ, ਜਿਸ ਦੇ ਚੱਲਦੇ ਉਹ ਰੱਬ ਨੂੰ ਹਾਸਲ ਕਰਨ ਲਈ ਵੱਖ-ਵੱਖ ਤਰੀਕੇ ਲੱਭਦਾ ਹੈ।

ਲੇਖਕ ਵੀ ਇਨ੍ਹਾਂ ਤਰੀਕਿਆਂ ਦੀ ਨਿਸ਼ਾਨਦੇਹੀ ਕਰਦਾ ਆਪਣੇ ਮਾਪਦੰਡਾਂ ਨਾਲ ਉਨ੍ਹਾਂ ਨੂੰ ਤੋਲਦਾ ਹੈ। ਉਹ ਰੱਬ ਦੇ ਨਾਂ 'ਤੇ ਕੀਤੇ ਜਾਂਦੇ ਅਖੌਤੀ ਕਰਮਕਾਂਡਾਂ 'ਤੇ ਸਵਾਲ ਕਰਦਾ ਹੈ। ਉਹ ਆਪਣਾ ਅਨੁਭਵ ਦੱਸਦਾ ਹੈ ਕਿ ਬੱਚੇ ਨੂੰ ਸ਼ੁਰੂ ਤੋਂ ਹੀ ਪਰਿਵਾਰ ਤੇ ਧਾਰਮਿਕ ਨੁਮਾਇੰਦਿਆਂ ਤੋਂ ਹਮੇਸ਼ਾ ਸਾਰਥਕ ਬਣਨ ਦੀ ਸਿੱਖਿਆ ਦਿੱਤੀ ਜਾਂਦੀ ਹੈ, ਉਸ ਨੂੰ ਸ਼ੁਰੂ ਤੋਂ ਹੀ ਇਸ ਤਰ੍ਹਾਂ ਦਾ ਆਕਾਰ ਦਿੱਤਾ ਜਾਂਦਾ ਕਿ ਉਹ ਲਕੀਰ ਲੰਘ ਨਾ ਸਕੇ। ਪੂਜਾ-ਪਾਠ ਸਬੰਧੀ ਉਸ ਦੇ ਸਵਾਲਾਂ 'ਤੇ ਵਿਰਾਮ ਲਗਾਇਆ ਜਾਂਦਾ ਹੈ। ਰੱਬ ਦੀ ਪ੍ਰਾਪਤੀ ਲਈ ਲੇਖਕ ਆਪਣੇ ਅਨੁਭਵ ਵੱਲ ਤੁਰਨ ਲਈ ਕਹਿੰਦਾ ਹੈ। ਬਾਹਰ ਦੀ ਬਜਾਏ ਅੰਦਰਲੇ ਸਫ਼ਰ ਦੀ ਗੱਲ ਕਰਦਾ ਹੈ। ਲੇਖਕ ਬੜੀਆਂ ਰੌਚਕ ਤੇ ਗਿਆਨਵਾਨ ਯਾਦਾਂ ਪਾਠਕ ਦੀ ਝੋਲੀ ਪਾਉਂਦਾ ਹੈ। ਕਈਆਂ ਘਟਨਾਵਾਂ ਅਜਿਹੀਆਂ ਹਨ ਜੋ ਪਾਠਕ ਦਾ ਨਜ਼ਰੀਆ ਬਦਲ ਸਕਦੀਆਂ ਹਨ। ਪਰ ਇਸ ਦੇ ਨਾਲ-ਨਾਲ ਹੀ ਲੇਖਕ ਦੇ ਇਕ ਵਿਕਸਿਤ ਦੇਸ਼ ਦਾ ਨਿਵਾਸੀ ਹੋਣ ਕਰਕੇ ਉਸ 'ਤੇ ਉੱਥੋਂ ਦੇ ਮੁੱਲਾਂ, ਸੱਭਿਆਚਾਰ ਤੇ ਨੀਤੀਆਂ ਦਾ ਪ੍ਰਭਾਵ ਸਾਫ਼ ਝਲਕਦਾ ਹੈ। ਉਹ ਆਪਣੇ ਦੇਸ਼ ਦੀ ਤੁਲਨਾ ਵੱਡੇ ਦੇਸ਼ਾਂ ਨਾਲ ਬਗ਼ੈਰ ਠੋਸ ਆਧਾਰ ਬਣਾਏ ਕਰਦਾ ਹੈ।





• ਅਕਾਸ਼ਦੀਪ

'ਸਮੇਂ ਦੇ ਸੰਗ-ਸੰਗ' ਸੰਤਵੀਰ ਦਾ ਨਵਾਂ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਆਪਣੀਆਂ 15 ਕਹਾਣੀਆਂ ਸ਼ਾਮਲ ਕੀਤੀਆਂ ਹਨ। ਜੇ ਇਨ੍ਹਾਂ ਕਹਾਣੀਆਂ ਦੇ ਵਿਸ਼ਾਗਤ ਪਹਿਲੂ ਨੂੰ ਵਿਚਾਰਿਆ ਜਾਵੇ ਤਾਂ ਇਨ੍ਹਾਂ ਵਿਚ ਸ਼ਾਹੂਕਾਰਾਂ ਦੀ ਗ਼ਰੀਬਾਂ ਉੱਤੇ ਪੈਂਦਾ ਹੋਈ ਧੌਂਸ ਅਤੇ ਲੁੱਟਵਾਦੀ ਬਿਰਤੀ ਵੀ ਹੈ, ਤਾਕਤ ਦੀ ਗ਼ਲਤ ਵਰਤੋਂ ਵੀ। ਇਸ ਕਹਾਣੀ ਸੰਗ੍ਰਹਿ ਵਿਚ ਮਨੁੱਖੀ ਮਨੋਵਿਗਿਆਨ ਦੀ ਥਹੁ ਲਾਉਂਦੀਆਂ ਕਹਾਣੀਆਂ ਸ਼ਾਮਲ ਹਨ ਜਿੱਥੇ ਵਿਅਕਤੀ ਕੇਵਲ ਨਿੱਜੀ ਸਵਾਰਥ ਲਈ ਹੀ ਜਿਉਂਦਾ ਹੈ।

ਅਲਫ਼ ਨੰਗਾ ਆਦਮੀ, 'ਜ਼ਮਾਨਾ ਬਦਲ ਗਿਆ' ਅਤੀਤ ਦੇ ਪਰਛਾਵੇਂ, ਥੋਹਰ, ਬੇਦਖ਼ਲਨਾਮਾ ਆਦਿ ਅਜਿਹੀਆਂ ਕਹਾਣੀਆਂ ਹਨ ਜਿੱਥੇ ਮਨੁੱਖੀ ਫ਼ਿਤਰਤ ਦੀ ਨਿੱਜਵਾਦੀ ਪਹੁੰਚ ਸਦਕਾ ਰਿਸ਼ਤਿਆਂ ਵਿਚ ਵੀ ਕੁੜੱਤਣ ਪੈਦਾ ਹੁੰਦੀ ਹੈ, ਜਿੱਥੇ ਈਮਾਨਦਾਰੀ, ਨੈਤਿਕਤਾ ਨੂੰ ਕੋਈ ਥਾਂ ਨਹੀਂ, ਜਿੱਥੇ ਮਿਹਰੂ ਵਰਗੇ ਵਿਅਕਤੀ 'ਥੋਹਰ' ਵਰਗਾ ਜੀਵਨ ਬਤੀਤ ਕਰਦੇ ਹਨ। ਪੰਡਿਤ ਕਿਸ਼ੋਰੀ ਲਾਲ ਵਰਗੇ ਇਮਾਨਦਾਰ ਵਿਅਕਤੀ ਮਜ਼ਾਕ ਦਾ ਪਾਤਰ ਬਣਦੇ ਹਨ ਪਰ ਦੂਜੇ ਪਾਸੇ 'ਅੰਦਰ ਦੀ ਗੱਲ' ਕਹਾਣੀ ਵਿਚਲੇ ਪਾਤਰ ਜ਼ੈਲਦਾਰ ਵਰਗੇ ਪਾਤਰ ਘਿਨੌਣੇ ਸੁਭਾਅ ਦੇ ਬਾਵਜੂਦ ਲੋਕਾਂ ਦੀਆਂ ਨਜ਼ਰਾਂ ਵਿਚ ਚੰਗੇ ਬਣੇ ਰਹਿੰਦੇ ਹਨ ਅਤੇ ਇੱਜ਼ਤ ਵਾਲਾ ਜੀਵਨ ਬਤੀਤ ਕਰਦੇ ਹਨ। 'ਜੇਰੇ ਵਾਲੇ' ਕਹਾਣੀ ਜਿੱਥੇ ਸੰਜਮ ਅਤੇ ਰਿਸ਼ਤਿਆਂ ਦੀ ਸੁੱਚਤਾ ਦੀ ਕਹਾਣੀ ਹੈ ਉੱਥੇ 'ਹਾਰ ਜਿਹੀ ਜਿੱਤ' ਕਹਾਣੀ ਰਿਸ਼ਤਿਆਂ ਵਿਚ ਆਈ ਗਿਰਾਵਟ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਇਸੇ ਤਰ੍ਹਾਂ 'ਚੁੱਪ ਦੇ ਬੋਲ' ਕਹਾਣੀ ਵੀ ਔਲਾਦ ਦੇ ਬੇਰੁਖੀ ਅਤੇ ਵੱਡੇ ਪਰਿਵਾਰਾਂ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। 'ਬਾਜ਼' ਕਹਾਣੀ ਜਿੱਥੇ ਜਾਨਵਰਾਂ ਪ੍ਰਤੀ ਸਨੇਹ ਅਤੇ ਸੰਵੇਦਨਾ ਨੂੰ ਪ੍ਰਗਟ ਕਰਦੀ ਹੈ ਉੱਥੇ 'ਵਾਲੀਆਂ' ਕਹਾਣੀ ਮਾਂ ਦੀ ਕੁਰਬਾਨੀ ਦੀ ਦਾਸਤਾਂ ਨੂੰ ਪੇਸ਼ ਕਰਦੀ ਹੈ। ਕਹਾਣੀਕਾਰ ਨੇ ਬਹੁਤੀਆਂ ਕਹਾਣੀਆਂ ਪਾਤਰ ਪ੍ਰਧਾਨ ਰਚੀਆਂ ਹਨ। ਜਿਨ੍ਹਾਂ ਦੇ ਪਾਤਰ ਆਮ ਜ਼ਿੰਦਗੀ 'ਚ ਵਿਚਰਦਿਆਂ ਮਿਲ ਜਾਂਦੇ ਹਨ। ਕਹਾਣੀਆਂ ਸਰਲ ਬਿਰਤਾਂਤਕ ਤੌਰ ਵਾਲੀਆਂ ਹਨ।





ਲੋਕ ਵਿਰਸਾ ਕਿਸੇ ਵੀ ਕੌਮ ਦਾ ਬਹੁਮੁੱਲਾ ਸਰਮਾਇਆ ਹੁੰਦਾ ਹੈ ਕਿਉਂਕਿ ਕਿ ਇਸ ਦੇ ਮੋਹ ਸਦਕਾ ਹੀ ਆਉਣ ਵਾਲੀਆਂ ਨਸਲਾਂ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਵੀ ਧਾਰਨ ਕਰਦੀਆਂ ਹਨ ਅਤੇ ਆਪਣੇ ਵਡੇਰਿਆਂ ਦੇ ਇਸ ਸਰਮਾਏ ਸਦਕਾ ਸੇਧਗਾਰ ਜ਼ਿੰਦਗੀ ਵੀ ਜਿਉਂਦੀਆਂ ਹਨ। ਡਾ. ਤੇਜਿੰਦਰ ਕੌਰ ਉੱਚ ਅਕਾਦਮਿਕ ਹਲਕਿਆਂ ਵਿਚ ਲੋਕਧਾਰਾ ਅਧਿਐਨ ਦੇ ਖੇਤਰ ਦਾ ਜਾਣਿਆ-ਪਛਾਣਿਆ ਨਾਮ ਹੈ ਜਿਨ੍ਹਾਂ ਨੇ ਇਸ ਖੇਤਰ ਵਿਚ ਜ਼ਿਕਰਯੋਗ ਅਤੇ ਗੌਲਣਯੋਗ ਕੰਮ ਕੀਤਾ ਵੀ ਹੈ ਅਤੇ ਵਿਦਿਆਰਥੀਆਂ ਕੋਲੋਂ ਖੋਜ-ਕਾਰਜ ਕਰਵਾਇਆ ਹੈ। ਉਨ੍ਹਾਂ ਦੁਆਰਾ ਫ਼ਿਲਮਾਂ ਅਤੇ ਲਘੂ ਫ਼ਿਲਮਾਂ ਦੇ ਸੰਵਾਦ ਲਿਖਣ ਦਾ ਮਾਣ ਵੀ ਹਾਸਲ ਹੈ ਅਤੇ ਸਹੀ ਅਰਥਾਂ ਵਿਚ ਪੰਜਾਬੀ ਗੀਤਕਾਰੀ ਨੂੰ ਲੋਕ ਵਿਰਸੇ ਦੇ ਰੰਗ ਵਿਚ ਰਚ ਕੇ ਸਰੋਤਿਆਂ ਤਕ ਫ਼ ਪ੍ਰਸਿੱਧ ਗਾਇਕਾਂ ਦੀ ਆਵਾਜ਼ ਵਿਚ ਪਹੁੰਚਾਉਣ ਦਾ ਸਨਮਾਨ ਵੀ ਪ੍ਰਾਪਤ ਹੈ।

ਲੋਕਧਾਰਾਈ ਵਿਰਸੇ ਨੂੰ ਅਗਲੇਰੀਆਂ ਪੀੜ੍ਹੀਆਂ ਤਕ ਪ੍ਰਵਾਹਿਤ ਕਰਨ ਵਿਚ ਇਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। 'ਬਾਤਾਂ ਦੇਸ਼ ਵਿਦੇਸ਼ ਦੀਆਂ ਲੋਕ ਬਾਤਾਂ ਦਾ ਸੰਗ੍ਰਹਿ ਹੈ ਜਿਸ ਵਿਚ ਉਨ੍ਹਾਂ ਨੇ ਅਮਰੀਕਾ, ਪੋਲੈਂਡ, ਅਮਰੀਕਾ, ਇਟਲੀ, ਤਿੱਬਤ, ਐਸਕੀਮੋ, ਇਟਲੀ, ਤਨਜ਼ਾਨੀਆ, ਬਰਮਾ, ਮੈਕਸੀਕੋ, ਆਈਸਲੈਂਡ, ਜਰਮਨੀ, ਚੀਨ, ਭਾਰਤ ਆਦਿ ਦੇਸ਼ਾਂ ਦੀਆਂ ਲੋਕ ਬਾਤਾਂ ਨੂੰ ਇਕੱਤਰ ਕਰ ਕੇ ਅਨੁਵਾਦ ਕੀਤਾ ਹੈ।





ਇਨ੍ਹਾਂ ਬਾਤਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਅਨੁਵਾਦਿਤ ਦੀ ਥਾਂ ਮੌਲਿਕ ਹੀ ਜਾਪਦੀਆਂ ਹਨ ਕਿਉਂਕਿ ਡਾ. ਤੇਜਿੰਦਰ ਕੌਰ ਹੁਰਾਂ ਨੇ ਇਨ੍ਹਾਂ ਵਿਚਲੀ ਲੋਕ ਸੁਰ ਪਕੜਨ ਦਾ ਯਤਨ ਬਾਖ਼ੂਬੀ ਕੀਤਾ ਹੈ। ਇਸ ਤਰ੍ਹਾਂ ਨਹੀਂ ਜਾਪਦਾ ਕਿ ਅਸੀ ਲੋਕ ਬਾਤ ਪੜ੍ਹ ਰਹੇ ਹਾਂ ਸਗੋਂ ਇਸ ਤਰ੍ਹਾਂ ਜਾਪਦਾ ਹੈ ਕਿ ਸਾਨੂੰ ਕੋਈ ਸਾਡੇ ਘਰ ਦਾ ਵਡੇਰਾ ਸੁਣਾ ਰਿਹਾ ਹੈ। ਦੂਜਾ ਨੁਕਤਾ ਇਨ੍ਹਾਂ ਲੋਕ ਬਾਤਾਂ ਦੇ ਅਨੁਵਾਦ ਦੇ ਸਬੰਧ ਵਿਚ ਵੀ ਸਾਹਮਣੇ ਆਉਂਦਾ ਹੈ ਕਿ ਭਾਵੇਂ ਇਹ ਵੱਖਰੇ-ਵੱਖਰੇ ਭੂਗੋਲਿਕ ਖੇਤਰਾਂ ਵਿਚ ਸੁਣੀਆਂ ਸੁਣਾਈਆਂ ਜਾਂਦੀਆਂ ਹੋਣਗੀਆਂ ਅਨੁਵਾਦਕ ਨੇ ਇਨ੍ਹਾਂ ਨੂੰ ਪੰਜਾਬੀ ਮੁਹਾਵਰੇ ਵਾਲੀ ਰੰਗਣ ਵਿਚ ਪੇਸ਼ ਕੀਤਾ ਹੈ।

• ਸਰਦੂਲ ਸਿੰਘ ਔਜਲਾ

## ਸੰਪਾਦਕੀ

# ਨਾੜ ਦੀ ਸਾੜਫੂਕ

ਪੰਜਾਬ ਭਰ ਵਿੱਚ ਪਹਿਲੀ ਅਪਰੈਲ ਤੋਂ ਲੈ ਕੇ ਹੁਣ ਤੱਕ ਕਣਕ ਦਾ ਨਾੜ ਸਾੜਨ ਦੀਆਂ 877 ਘਟਨਾਵਾਂ ਦੀਆਂ ਰਿਪੋਰਟਾਂ ਮਿਲੀਆਂ ਹਨ ਅਤੇ ਇਨ੍ਹਾਂ ਵਿਚੋਂ 83 ਫ਼ੀਸਦੀ ਘਟਨਾਵਾਂ ਇਸ ਮਹੀਨੇ ਦੇ ਪਹਿਲੇ ਛੇ ਦਿਨਾਂ ਵਿੱਚ ਵਾਪਰਨ ਦਾ ਪਤਾ ਲੱਗਿਆ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫ਼ਸਲੀ ਰਹਿੰਦ-ਖੂੰਹਦ ਸਾੜਨ ਦਾ ਸਿਲਸਿਲਾ ਨਾਂਹਮੁਖੀ ਰੁਝਾਨ ਹੈ ਜਿਸ ਦਾ ਸਭ ਤੋਂ ਵੱਧ ਪ੍ਰਭਾਵ ਕਿਸਾਨਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਆਸ-ਪਾਸ ਦੇ ਬਾਸ਼ਿੰਦਿਆਂ ਨੂੰ ਹੰਢਾਉਣਾ ਪੈਂਦਾ ਹੈ। ਹਰ ਸਾਲ ਕਣਕ ਅਤੇ ਝੋਨੇ ਦੀ ਕਟਾਈ ਤੋਂ ਬਾਅਦ ਨਾੜ ਜਾਂ ਪਰਾਲੀ ਸਾੜਨ ਦਾ ਰੁਝਾਨ ਦੇਖਣ ਵਿੱਚ

ਆਉਂਦਾ ਹੈ। ਪੰਜਾਬ ਲੰਮੇ ਅਰਸੇ ਤੋਂ ਵੰਨ-ਸਵੰਨਤਾ ਭਰੀ ਖੇਤੀਬਾੜੀ ਦਾ ਨਮੂਨਾ ਬਣਿਆ ਹੋਇਆ ਸੀ ਪਰ ਹਰੇ ਇਨਕਲਾਬ ਤੋਂ ਬਾਅਦ ਦੋ ਫ਼ਸਲੀ, ਭਾਵ ਕਣਕ ਤੇ ਝੋਨੇ ਦੀ ਕਾਸ਼ਤ ਹੀ ਸਭ ਪਾਸੇ ਫੈਲ ਗਈ ਅਤੇ ਬਾਕੀ ਫ਼ਸਲਾਂ ਦਾ ਨਾਂ ਨਿਸ਼ਾਨ ਹੀ ਮਿਟ ਗਿਆ। ਅੱਜ ਪੰਜਾਬ ਵਿੱਚ ਝੋਨੇ ਅਤੇ ਕਣਕ ਹੀ ਦੋ ਮੁੱਖ ਫ਼ਸਲਾਂ ਰਹਿ ਗਈਆਂ ਹਨ; ਥੋੜ੍ਹੇ ਜਿਹੇ ਰਕਬੇ ਵਿੱਚ ਨਰਮੇ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਅਗਲੀ ਫ਼ਸਲ ਦੀ

ਬਿਜਾਈ ਲਈ ਖੇਤਾਂ ਦੀ ਤਿਆਰੀ ਕਰਨੀ ਪੈਂਦੀ ਹੈ ਅਤੇ ਅਕਸਰ ਉਨ੍ਹਾਂ ਨੂੰ ਫ਼ਸਲੀ ਰਹਿੰਦ-ਖੂੰਹਦ ਨੂੰ ਟਿਕਾਣੇ ਲਈ ਤੀਲੀ ਲਾ ਕੇ ਸਾੜਨ ਦਾ ਹੱਲ ਹੀ ਕਾਰਗਰ ਤੇ ਸੁਖਾਲਾ ਨਜ਼ਰ ਆਉਂਦਾ ਹੈ, ਖ਼ਾਸਕਰ ਉਦੋਂ ਜਦੋਂ ਸਰਕਾਰਾਂ ਇਸ ਮਾਮਲੇ ਵਿੱਚ ਕਿਸਾਨਾਂ ਦੀ ਕੋਈ ਵੀ ਮਦਦ ਕਰਨ ਲਈ ਤਿਆਰ ਨਹੀਂ ਹੁੰਦੀਆਂ।

ਪਿਛਲੇ ਮਹੀਨੇ ਹਵਾ ਗੁਣਵੱਤਾ ਮੈਨੇਜਮੈਂਟ ਕਮਿਸ਼ਨ (ਸੀਏਕਿਊਐੱਮ) ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਨੂੰ ਖ਼ਾਸ ਤੌਰ 'ਤੇ ਝੋਨੇ ਦੀ ਪਰਾਲੀ ਦੀ ਸਾੜਫੂਕ ਮੁਤੱਲਕ ਸੋਧੀਆਂ ਹੋਈਆਂ ਕਾਰਜ ਯੋਜਨਾਵਾਂ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਸ ਮਾਮਲੇ ਵਿੱਚ ਕਮਿਸ਼ਨ ਨੇ ਹਰਿਆਣਾ ਵਿੱਚ ਪਰਾਲੀ ਦੀ ਸਾੜਫੂਕ ਵਿੱਚ ਕਮੀ ਲਿਆਉਣ ਦੀਆਂ ਰਣਨੀਤੀਆਂ ਦੇ ਕਾਰਗਰ ਹੋਣ ਵੱਲ ਧਿਆਨ ਦਿਵਾਇਆ ਹੈ ਅਤੇ ਪੰਜਾਬ ਨੂੰ ਇਹੋ ਜਿਹੀਆਂ ਰਣਨੀਤੀਆਂ ਉਪਰ ਕੰਮ ਕਰਨ ਦੀ ਸਲਾਹ ਦਿੱਤੀ ਹੈ। ਇਸ ਸਬੰਧ ਵਿੱਚ ਕੇਂਦਰੀ ਨੁਕਤਾ ਇਹੀ ਰਿਹਾ ਹੈ ਕਿ ਹਰਿਆਣਾ ਵਿੱਚ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੀ ਸਾੜਫੂਕ ਤੋਂ ਰੋਕਣ ਲਈ ਵਿੱਤੀ ਪ੍ਰੇਰਕ ਦਿੱਤੇ ਜਾ ਰਹੇ ਹਨ ਅਤੇ ਇਸ ਦੇ ਨਾਲ ਹੀ ਜ਼ਮੀਨੀ ਪੱਧਰ 'ਤੇ ਨਿਗਰਾਨੀ ਰੱਖਣ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਉਡਣ ਦਸਤੇ ਤਾਇਨਾਤ ਕੀਤੇ ਜਾਂਦੇ ਹਨ।

ਇਸ ਮਾਮਲੇ 'ਤੇ ਕਿਸਾਨ ਜਥੇਬੰਦੀਆਂ ਦੇ ਪੱਖ 'ਤੇ ਵੀ ਗੌਰ ਕਰਨ ਦੀ ਲੋੜ ਹੈ ਜਿਨ੍ਹਾਂ ਦਾ ਖ਼ਿਆਲ ਹੈ ਕਿ ਜੇ ਕਿਸਾਨਾਂ ਨੂੰ ਵਿੱਤੀ ਇਮਦਾਦ ਦਿੱਤੀ ਜਾਵੇ ਤਾਂ ਉਹ ਆਪਣੇ ਪੱਧਰ 'ਤੇ ਫ਼ਸਲੀ ਰਹਿੰਦ-ਖੂੰਹਦ ਨੂੰ ਟਿਕਾਣੇ ਲਾ ਸਕਦਾ ਹੈ। ਇਸ ਦਿਸ਼ਾ ਵਿੱਚ ਪੰਜਾਬ ਸਰਕਾਰ ਨੇ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜੀ ਸੀ ਜੋ ਕੇਂਦਰ ਨੇ ਰੱਦ ਕਰ ਦਿੱਤੀ ਸੀ। ਫਿਰ ਪੰਜਾਬ ਸਰਕਾਰ ਨੇ ਵੀ ਆਪਣੇ ਪੱਧਰ 'ਤੇ ਕੋਈ ਕਦਮ ਨਹੀਂ ਪੁੱਟਿਆ ਜਿਸ ਕਰ ਕੇ ਇਸ ਮਸਲੇ ਦਾ ਕਾਰਗਰ ਹੱਲ ਲੱਭਣ ਵਿੱਚ ਦੇਰ ਹੋ ਰਹੀ ਹੈ। ਨਾੜ ਸਾੜਨ ਦੀ ਸਮੱਸਿਆ ਨੂੰ ਮਹਿਜ਼ ਕਾਨੂੰਨੀ ਨਜ਼ਰੀਏ ਤੋਂ ਹੱਲ ਕਰਨ ਦੇ ਕਦਮਾਂ ਦਾ ਅਜੇ ਤੱਕ ਕੋਈ ਖ਼ਾਸ ਲਾਭ ਨਹੀਂ ਹੋਇਆ ਸਗੋਂ ਇਸ ਨਾਲ ਕਈ ਵਾਰ ਹੋਰ ਅੜਿੱਕੇ ਖੜ੍ਹੇ ਹੋ ਜਾਂਦੇ ਹਨ। ਚੰਗਾ ਹੋਵੇ ਜੇ ਸਾਰੀਆਂ ਧਿਰਾਂ ਦਾ ਭਰੋਸਾ ਹਾਸਿਲ ਕੀਤਾ ਜਾਵੇ ਅਤੇ ਸਮੱਸਿਆ ਦਾ ਚਿਰਸਥਾਈ ਹੱਲ ਕੱਢਿਆ ਜਾਵੇ।

## ਜਿਨਸੀ ਸ਼ੋਸ਼ਣ ਦਾ ਮਾਮਲਾ

ਸਾਬਕਾ ਪ੍ਰਧਾਨ ਮੰਤਰੀ ਦੇ ਪੋਤੇ ਅਤੇ ਜਨਤਾ ਦਲ (ਸੈਕੂਲਰ) ਦੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੇ ਆਮ ਚੋਣਾਂ ਦੇ ਬਿਲਕੁਲ ਵਿਚਾਲੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਕਈ ਮਹਿਲਾਵਾਂ ਦੇ ਜਿਨਸੀ ਸ਼ੋਸ਼ਣ ਦੀਆਂ ਕਥਿਤ ਵੀਡੀਓ ਕਲਿੱਪਾਂ ਜਿਨ੍ਹਾਂ ਦੀ ਗਿਣਤੀ ਕਰੀਬ 3000 ਹੈ, ਨੇ ਕਰਨਾਟਕ ਦੀ ਸੱਤਾਧਾਰੀ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਸ਼ਬਦੀ ਤਕਰਾਰ ਛੇੜ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਕਰਨਾਟਕ ਵਿਚ ਜੇਡੀ(ਐੱਸ) ਨਾਲ ਗੱਠਜੋੜ ਕਰ ਕੇ ਲੋਕ ਸਭਾ ਚੋਣ ਲੜ ਰਹੀ ਹੈ। ਰਾਜ ਸਰਕਾਰ ਨੇ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ ਅਤੇ ਪ੍ਰਜਵਲ ਰੇਵੰਨਾ ਦੇ ਪਿਤਾ ਐੱਚਡੀ ਰੇਵੰਨਾ ਨੂੰ ਵੀ ਛੇੜਛਾੜ ਤੇ ਅਗਵਾ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਪ੍ਰਜਵਲ ਰੇਵੰਨਾ ਵਰਗੇ ਲੋਕਾਂ ਨਾਲ ਬਿਲਕੁਲ ਵੀ ਨਰਮੀ ਨਹੀਂ ਵਰਤੀ ਜਾਣੀ ਚਾਹੀਦੀ ਪਰ ਨਾਲ ਹੀ ਉਨ੍ਹਾਂ ਦੋਸ਼ ਲਾਇਆ ਹੈ ਕਿ ਕਾਂਗਰਸ ਸਰਕਾਰ ਨੇ ਸੰਸਦ ਮੈਂਬਰ ਨੂੰ ਦੇਸ਼ ਛੱਡ ਕੇ ਭੱਜਣ ਦਿੱਤਾ ਹੈ।

ਮੁੱਖ ਮੰਤਰੀ ਸਿੱਧਾਰਮਈਆ ਦੇ ਭਰੋਸੇ ਕਿ ਸਰਕਾਰ ਜਾਂਚ ਵਿੱਚ ਦਖ਼ਲ ਨਹੀਂ ਦੇਵੇਗੀ, ਦੇ ਬਾਵਜੂਦ 'ਸਿਟ' ਅੱਗੇ ਆਜ਼ਾਦਾਨਾ ਅਤੇ ਨਿਰਪੱਖ ਜਾਂਚ ਅੱਗੇ ਵਧਾਉਣ ਦੀ ਚੁਣੌਤੀ ਹੈ। ਵੀਡੀਓ ਕਲਿੱਪਾਂ ਵਿੱਚ ਜਿਨ੍ਹਾਂ ਪੀੜਤਾਂ ਦੀ ਪਛਾਣ ਹੋਈ ਹੈ, ਉਨ੍ਹਾਂ ਨੂੰ ਅੱਗੇ ਆ ਕੇ ਸ਼ਿਕਾਇਤਾਂ ਦਰਜ ਕਰਾਉਣ ਲਈ ਸਹਿਮਤ ਕਰਨਾ ਸੌਖਾ ਨਹੀਂ ਹੈ। ਰਿਪੋਰਟਾਂ ਮੁਤਾਬਿਕ ਕਥਿਤ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਕਈ ਮਹਿਲਾਵਾਂ ਪਿਛਲੇ ਲਗਭਗ 10 ਦਿਨਾਂ ਵਿੱਚ ਹਾਸਨ ਜ਼ਿਲ੍ਹੇ ਵਿਚਲੇ ਆਪਣੇ ਘਰ ਛੱਡ ਕੇ ਕਿਸੇ ਹੋਰ ਥਾਂ ਚਲੀਆਂ ਗਈਆਂ ਹਨ। ਇਹ ਜ਼ਿਲ੍ਹਾ ਦੇਵੇਗੌੜਾ ਪਰਿਵਾਰ ਦਾ ਗੜ੍ਹ ਮੰਨਿਆ ਜਾਂਦਾ ਹੈ। ਸ਼ਨਾਖ਼ਤ ਦਾ ਖੁਲਾਸਾ ਹੋਣ ਕਾਰਨ ਪੀੜਤ ਔਰਤਾਂ ਜ਼ਾਹਿਰਾ ਤੌਰ 'ਤੇ ਸਮਾਜਿਕ ਦਾਗ਼ ਤੋਂ ਡਰਦੀਆਂ ਘਰ ਛੱਡ ਕੇ ਦੌੜ ਰਹੀਆਂ ਹਨ। ਜ਼ਿਕਰਯੋਗ ਹੈ ਕਿ ਐੱਚਡੀ ਰੇਵੰਨਾ 'ਤੇ ਔਰਤ ਨੂੰ ਅਗਵਾ ਕਰਨ ਦਾ ਦੋਸ਼ ਹੈ ਤਾਂ ਕਿ ਉਹ ਉਸ (ਮਹਿਲਾ) ਨੂੰ ਕਥਿਤ ਤੌਰ 'ਤੇ 'ਸਿਟ' ਕੋਲ ਪਹੁੰਚਣ ਤੋਂ ਰੋਕ ਸਕੇ। ਰਾਜ ਸਰਕਾਰ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਪੀੜਤ ਬਿਆਨ ਦੇਣ ਦਾ ਹੌਸਲਾ ਕਰਨ ਅਤੇ ਕੋਈ ਡਰਾ-ਧਮਕਾ ਕੇ ਉਨ੍ਹਾਂ ਨੂੰ ਚੁੱਪ ਨਾ ਕਰਵਾ ਸਕੇ। ਇਨਸਾਫ਼ ਖ਼ਾਤਰ ਉਨ੍ਹਾਂ ਦੀ ਸੁਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ। ਫ਼ਰਾਰ ਸੰਸਦ ਮੈਂਬਰ ਜਿਸ ਖਿਲਾਫ਼ 'ਬਲੂ ਕਾਰਨਰ ਨੋਟਿਸ' ਵੀ ਜਾਰੀ ਕਰਾਇਆ ਗਿਆ ਹੈ, ਨੂੰ ਕਾਨੂੰਨੀ ਕਾਰਵਾਈ ਦੇ ਘੇਰੇ ਵਿੱਚ ਲਿਆਉਣਾ ਜ਼ਰੂਰੀ ਹੈ। ਉਂਝ, ਇਸ ਮਾਮਲੇ ਵਿੱਚ ਵੱਡਾ ਸਵਾਲ ਕੇਂਦਰ ਸਰਕਾਰ ਲਈ ਵੀ ਹੈ। ਮੌਜੂਦਾ ਕੇਂਦਰ ਸਰਕਾਰ ਜਿਨਸੀ ਸ਼ੋਸ਼ਣ ਬਾਰੇ ਭਾਵੇਂ ਕਈ ਤਰ੍ਹਾਂ ਦੇ ਦਾਅਵੇ ਅਤੇ ਵਾਅਦੇ ਕਰਦੀ ਹੈ ਪਰ ਇਸ ਦਾ ਵਿਹਾਰ ਇਨ੍ਹਾਂ ਦਾਅਵਿਆਂ ਅਤੇ ਵਾਅਦਿਆਂ ਨਾਲ ਉੱਕਾ ਮੇਲ ਨਹੀਂ ਖਾ ਰਿਹਾ। ਇਹ ਭਾਵੇਂ ਮਨੀਪੁਰ ਵਿਚ ਔਰਤਾਂ ਦੀ ਬੇਹੁਰਮਤੀ ਦਾ ਮਾਮਲਾ ਹੋਵੇ ਜਾਂ ਭਲਵਾਨ ਕੁੜੀਆਂ ਨਾਲ ਹੋਈ ਵਧੀਕੀ ਦਾ ਮੁੱਦਾ, ਕੇਂਦਰ ਸਰਕਾਰ ਦਾ ਰਵੱਈਆ ਮੁਲਜ਼ਮਾਂ ਪ੍ਰਤੀ ਨਰਮੀ ਵਾਲਾ ਹੀ ਰਿਹਾ ਅਤੇ ਪੀੜਤਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾ ਕੇ ਅੱਜ ਤੱਕ ਵੀ ਇਨਸਾਫ਼ ਨਹੀਂ ਮਿਲਿਆ। ਜਿੰਨਾ ਚਿਰ ਅਜਿਹੇ ਮਾਮਲੇ ਸੰਜੀਦਗੀ ਨਾਲ ਨਹੀਂ ਨਬੇੜੇ ਜਾਂਦੇ, ਅਜਿਹੇ ਮਾਮਲਿਆਂ ਨੂੰ ਠੱਲ੍ਹ ਪਾਉਣਾ ਬਹੁਤ ਮੁਸ਼ਕਿਲ ਹੈ।

# ਤਖਤ ਬਦਲ ਦਿਓ ਤਾਜ ਬਦਲ ਦਿਓ,ਸੰਵਿਧਾਨ ਬਦਲਣ ਵਾਲਿਆਂ ਦਾ ਰਾਜ ਬਦਲ ਦਿਓ;ਇੱਕ ਹੁੰਕਾਰ !

ਜਿਸ ਤਰ੍ਹਾਂ ਸਰੀਰ ਦੇ ਜਿੰਦਾ ਰਹਿਣ ਲਈ,ਦਿਲ ਦਾ ਧੜਕਣਾ ਬਹੁਤ ਹੀ ਜਰੂਰੀ ਹੁੰਦਾ ਹੈ।ਕਿਉਂਕਿ,ਜਦੋਂ ਵੀ ਕਿਸੇ ਦਾ ਦਿਲ,ਕਿਸੇ ਨਾਲ ਬੇਵਫਾਈ ਕਰ ਜਾਵੇ,ਭਾਵ ਧੜਕਣਾ ਬੰਦ ਕਰ ਦੇਵੇ,ਤਾਂ ਉਸ ਵਿਅਕਤੀ ਦੀ ਮੌਤ ਨਿਸ਼ਚਿਤ ਹੁੰਦੀ ਹੈ।ਇਸੇ ਲਈ ਤਾਂ ਦਿਲ,ਬਿਨਾਂ ਰੁਕਿਆਂ ਹੀ ਹਰ ਪਲ ਆਪਣਾ ਕੰਮ ਜਾਰੀ ਰੱਖਦਾ ਹੈ।ਇਹ ਦਿਲ ਦੀ ਸਖਤ ਮਿਹਨਤ ਹੀ ਤਾਂ ਹੁੰਦੀ ਹੈ,ਜਿਸਦੀ ਬਦੌਲਤ ਮਨੁੱਖ ਤਾਂ ਆਰਾਮ ਕਰ ਲੈਂਦਾ ਹੈ,ਸੌਂ ਲੈਂਦਾ ਹੈ ਅਤੇ ਜਿੰਦਗੀ ਦੀ ਹਰ ਖੁਸ਼ੀ ਵੀ ਪੂਰੀ ਕਰ ਲੈਂਦਾ ਹੈ।ਪਰ ਅਫਸੋਸ ਕਿ ਮਨੁੱਖ ਕਦੇ,ਦਿਲ ਦੁਆਰਾ ਕੀਤੀ ਹੋਈ ਦਿਨ ਰਾਤ ਦੀ ਸਖਤ ਮਿਹਨਤ ਦੀ ਕਦਰ ਹੀ ਨਹੀਂ ਕਰਦਾ।ਸਗੋਂ ਉਲਟਾ,ਜਿਉਂਦੇ ਰਹਿਣ ਲਈ,ਆਪਣਾ ਅਤੇ ਆਪਣੇ ਤੌਰ ਤਰੀਕਿਆਂ ਦਾ ਹੀ ਗੁਣਗਾਨ ਕਰਦਾ ਰਹਿੰਦਾ ਹੈ।ਇਹੋ ਮਨੁੱਖ ਦੀ ਸਭ ਤੋਂ ਵੱਡੀ,ਨਾ ਸਮਝੀ ਹੈ।

ਬਿਲਕੁਲ ਇਸੇ ਤਰ੍ਹਾਂ ਹੀ,ਭਾਰਤੀ ਲੋਕਾਂ ਲਈ,ਲੋਕਤੰਤਰ ਦੀ ਬਹਾਲੀ ਲਈ,ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਨੇ,ਦਿਨ ਰਾਤ ਮਿਹਨਤ ਕਰਕੇ, ਭਾਰਤੀ ਸੰਵਿਧਾਨ ਦੀ ਰਚਨਾ ਕੀਤੀ ਸੀ।ਜਿਸਦੀ ਬਦੌਲਤ,ਦੇਸ਼ ਦਾ ਹਰ ਨਾਗਰਿਕ,ਖਾਸ ਕਰਕੇ ਬਹੁਜਨ ਸਮਾਜ ਦੇ ਲੋਕ ਅਤੇ ਦੇਸ਼ ਦੀ ਸਮੁੱਚੀ ਔਰਤ ਜਾਤੀ, ਅੱਜ ਹਰ ਤਰ੍ਹਾਂ ਦੀ ਬਰਾਬਰਤਾ ਅਤੇ ਆਜਾਦੀ ਦਾ ਆਨੰਦ ਮਾਣ ਰਹੀ ਹੈ।ਕਿਉਂਕਿ ਬਾਬਾ ਸਾਹਿਬ ਨੇ,ਇਸ ਸੰਵਿਧਾਨ ਨੂੰ 2 ਸਾਲ,11 ਮਹੀਨੇ ਅਤੇ 18 ਦਿਨ ਦੀ ਬੜੀ ਹੀ ਸਖਤ ਮਿਹਨਤ ਨਾਲ ਤਿਆਰ ਕੀਤਾ ਸੀ,ਤਾਂ ਕਿ ਦੇਸ਼ ਦਾ ਹਰ ਨਾਗਰਿਕ,ਖਾਸ ਕਰਕੇ ਅਨੁਸੂਚਿਤ ਜਾਤੀ,ਅਨੁਸੂਚਿਤ ਜਨ ਜਾਤੀ,ਪੱਛੜੇ ਵਰਗ ਦੇ ਲੋਕ ਅਤੇ ਦੇਸ਼ ਦੀ ਸਮੁੱਚੀ ਔਰਤ ਜਾਤੀ,ਆਜਾਦੀ ਦੇ ਨਾਲ 2 ਤਰ੍ਹਾਂ 2 ਦੇ ਅਧਿਕਾਰਾਂ ਦਾ ਆਨੰਦ ਵੀ ਮਾਣ ਸਕੇ।ਪਰ ਅਫਸੋਸ।ਕਿ ਬਾਬਾ ਸਾਹਿਬ ਵੱਲੋਂ,ਸੰਵਿਧਾਨ ਚ ਦਿੱਤੀਆਂ ਗਈਆਂ ਸਹੂਲਤਾਂ ਲਈ,ਉਨ੍ਹਾਂ ਦਾ ਧੰਨਵਾਦ ਕਰਨ ਲਈ,ਇਹ ਲੋਕ ਹਰ ਗੱਲ ਦਾ ਸਿਹਰਾ ਆਪਣੇ ਸਿਰ ਬੰਨ੍ਹ ਲੈਂਦੇ ਹਨ।ਦੇਸ਼ ਦੇ ਬਹੁਤ ਸਾਰੇ ਲੋਕ ਤਾਂ, ਬਾਬਾ ਸਾਹਿਬ ਨੂੰ ਬੁਰਾ ਭਲਾ ਵੀ ਆਖਦੇ ਹਨ,ਜੋ ਕਿ ਉਨ੍ਹਾਂ ਪ੍ਰਤੀ ਅਕ੍ਰਿਤਘਣ ਹੋਣ ਦੀ ਨਿਸ਼ਾਨੀ ਹੈ।

ਜਿਸ ਤਰ੍ਹਾਂ ਦਿਲ ਦੀ ਧੜਕਣ ਰੁੱਕ ਜਾਣ ਤੇ,ਮਨੁੱਖ ਦਾ ਜਿਉਂਦਾ ਰਹਿਣਾ ਅਸੰਭਵ ਹੁੰਦਾ ਹੈ।ਬਿਲਕੁਲ,ਇਸੇ ਤਰ੍ਹਾਂ ਹੀ,ਸੰਵਿਧਾਨ ਤੋਂ ਬਿਨਾਂ,ਕਿਸੇ ਵੀ ਦੇਸ਼ ਦਾ ਲੋਕਤੰਤਰਿਕ ਹੋਣਾ ਅਸੰਭਵ ਹੁੰਦਾ ਹੈ।ਕਿਉਂਕਿ,ਕਿਸੇ ਵੀ ਲੋਕਤੰਤਰਿਕ ਪ੍ਰਣਾਲੀ ਲਈ,ਉਸ ਦੇਸ਼ ਚ ਸੰਵਿਧਾਨ ਦਾ ਹੋਣਾ ਲਾਜਮੀ ਹੁੰਦਾ ਹੈ।ਅਜੋਕੇ ਦੌਰ ਚ ਅਗਰ ਦੇਸ਼ ਦੇ ਕਿਸੇ ਵੀ ਨਾਗਰਿਕ ਨੂੰ ਵੋਟ ਪਾਉਣ ਦਾ ਅਧਿਕਾਰ ਹੈ ਅਤੇ ਉਹ ਅਧਿਕਾਰ ਅਮੀਰ ਤੇ ਗਰੀਬ ਦੀ ਵੋਟ ਦੀ ਇੱਕੋ ਸਮਾਨ ਕੀਮਤ ਦੇ ਬਰਾਬਰ ਹੁੰਦਾ ਹੈ,ਤਾਂ ਇਹ ਸਭ ਕੁੱਝ,ਸੰਵਿਧਾਨ ਦੀ ਬਦੌਲਤ ਹੀ ਤਾਂ ਹੈ।ਇਹ ਵੀ ਤਾਂ ਵੋਟ ਦੀ ਹੀ ਕਰਾਮਾਤ ਹੈ,ਜਿਹੜੀ ਚੋਣਾਂ ਦੇ ਵਕਤ ਹਰ ਅਮੀਰ ਤੋਂ ਅਮੀਰ ਅਤੇ ਹਰ ਵੱਡੇ ਤੋਂ ਵੱਡੇ ਨੇਤਾ ਨੂੰ,ਹਰ ਗਰੀਬ ਦੇ ਪੈਰਾਂ ਚ ਡੇਗ ਦਿੰਦੀ ਹੈ।ਇਹ ਗੱਲ ਵੱਖਰੀ ਹੈ,ਕਿ ਅਜਿਹੇ ਲੋਕ ਚੋਣਾਂ ਜਿੱਤਕੇ, ਹਰ ਤਰ੍ਹਾਂ ਦੀ ਲੁੱਟ ਖਸੁੱਟ ਅਤੇ ਐਸ਼ਪ੍ਰਸਤੀ ਕਰਦੇ ਹਨ।ਭਾਵੇਂ ਇਹ ਲੋਕ ਬਾਅਦ ਚ,ਪੰਜ ਸਾਲ ਤੱਕ ਗੇੜ੍ਹਾ ਨਹੀਂ ਮਾਰਦੇ।

ਇਹ ਸੰਵਿਧਾਨ ਦੀ ਹੀ ਕਰਾਮਾਤ ਹੈ,ਕਿ ਇੱਥੇ ਸੂਬਿਆਂ ਅਤੇ ਕੇਂਦਰ ਚ ਚੋਣਾਂ ਦੇ ਰਾਹੀਂ, ਸਰਕਾਰਾਂ ਬਣਦੀਆਂ ਹਨ।ਮੰਤਰੀਆਂ ਦੀਆਂ ਡਾਰਾਂ ਦੀਆਂ ਡਾਰਾਂ,ਸੰਵਿਧਾਨ ਦੀ ਬਦੌਲਤ ਹੀ ਤਾਂ ਹੁੰਦੀਆਂ ਹਨ।ਪ੍ਰਧਾਨ ਮੰਤਰੀ,ਮੁੱਖ ਮੰਤਰੀ, ਰਾਜਪਾਲ,ਸਪੀਕਰ,ਡਿਪਟੀ ਕਮਿਸ਼ਨਰ,ਡਾਇਰੈਕਟਰ ਜਨਰਲ ਪੁਲਿਸ,ਫੌਜ ਦੇ ਸੈਨਾਪਤੀ,ਅਦਾਲਤਾਂ ਦੇ ਜੱਜ,ਪਿੰਡਾਂ ਅਤੇ ਸ਼ਹਿਰਾਂ ਦੇ ਮੁਖੀਏ,ਇਹ ਸਭ ਸੰਵਿਧਾਨ ਦੀ ਬਦੌਲਤ ਹੀ ਤਾਂ ਹਨ।ਔਰਤਾਂ ਅਤੇ ਮਰਦਾਂ ਦੇ ਬਰਾਬਰ ਦੇ ਹੱਕ ਅਤੇ ਕੰਮ ਦੇ ਬਦਲੇ ਇੱਕੋ ਜਿਹੀ ਤਨਖਾਹ,ਇਹ ਸਭ ਕੁੱਝ ਸੰਵਿਧਾਨ ਦੀ ਬਦੌਲਤ ਹੀ ਤਾਂ ਹੈ।ਇਸੇ ਲਈ ਤਾਂ,ਕਿਸੇ ਸਮੇਂ ਦੀ ਪ੍ਰਧਾਨ ਮੰਤਰੀ ਸ਼੍ਰੀ ਮਤੀ ਇੰਦਰਾ ਗਾਂਧੀ ਨੇ ਸੰਸਦ ਚ ਸੰਵਿਧਾਨ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਕਿਹਾ ਸੀ,ਕਿ ਅਗਰ ਅੱਜ ਮੈਂ ਔਰਤ ਹੋਣ ਦੇ ਬਾਵਜੂਦ ਵੀ,ਦੇਸ਼ ਦੀ ਪ੍ਰਧਾਨਮੰਤਰੀ ਹਾਂ,ਤਾਂ ਇਹ ਸਭ ਕੁੱਝ ਦੇਸ਼ ਦੇ ਸੰਵਿਧਾਨ ਅਤੇ ਬਾਬਾ ਸਾਹਿਬ ਦੀ ਬਦੌਲਤ ਕਰਕੇ ਹੀ ਹੈ।ਇਸ ਲਈ,ਦੇਸ਼ ਦੇ ਨਾਗਰਿਕਾਂ ਨੂੰ ਦੇਸ਼ ਦੇ ਸੰਵਿਧਾਨ ਪ੍ਰਤੀ ਸੁਹਿਰਦ ਅਤੇ ਸੰਵਿਧਾਨ ਲਿਖਣ ਵਾਲਿਆਂ ਦਾ ਦਿਲੋਂ ਧੰਨਵਾਦ ਅਤੇ ਸਤਿਕਾਰ ਕਰਨਾ ਚਾਹੀਦਾ ਹੈ।ਜਿਨ੍ਹਾਂ ਨੇ ਸਖਤ ਮਿਹਨਤ ਕਰਕੇ,ਸੰਵਿਧਾਨ ਤਿਆਰ ਕੀਤਾ,ਨਾ ਕਿ ਸੰਵਿਧਾਨ ਅਤੇ ਸੰਵਿਧਾਨ ਲਿਖਣ ਵਾਲਿਆਂ ਪ੍ਰਤੀ,ਕਿਸੇ ਵੀ ਕਿਸਮ ਦੀ ਮੰਦ ਭਾਵਨਾ ਰੱਖਣੀ ਚਾਹੀਦੀ ਹੈ।

ਪਰ ਸੋਚਣ ਤੇ ਵਿਚਾਰਨ ਵਾਲੀ ਗੱਲ ਤਾਂ ਇਹ ਹੈ,ਕਿ ਅਗਰ ਦੇਸ਼ ਦਾ ਸੰਵਿਧਾਨ,ਦੇਸ਼ ਦੇ ਹਰ ਨਾਗਰਿਕ ਅਤੇ ਸਮੁੱਚੀ ਔਰਤ ਜਾਤੀ ਨੂੰ ਐਨਾ ਕੁੱਝ ਦਿੰਦਾ ਹੈ,ਤਾਂ ਫਿਰ ਵੀ ਦੇਸ਼ ਦੇ ਕੁੱਝ ਰਾਜਨੀਤਕ ਲੋਕ,ਇਸ ਪਵਿੱਤਰ ਸੰਵਿਧਾਨ ਨੂੰ ਬਦਲਣ ਦੀਆਂ ਲਗਾਤਾਰ ਗੱਲਾਂ ਕਿਉਂ ਕਰ ਰਹੇ ਹਨ।ਜਦੋਂਕਿ,ਇਸੇ ਸੰਵਿਧਾਨ ਦੀ ਸਹੁੰ ਚੁੱਕ ਕੇ ਹੀ ਤਾਂ,ਅਜਿਹੇ ਲੋਕ ਵਿਧਾਇਕ,ਸਾਂਸਦ,ਮੰਤਰੀ,ਮੁੱਖ ਮੰਤਰੀ ਜਾਂ ਫਿਰ ਪ੍ਰਧਾਨ ਮੰਤਰੀ ਬਣੇ ਹਨ।ਗੁਰਬਾਣੀ ਚ ਫਰਮਾਇਆ ਗਿਆ ਹੈ,ਕਿ,

"ਜਿਸਦਾ ਦਿਤਾ ਖਾਵਣਾ,ਤਿਸ ਕਹੀਐ ਸ਼ਾਬਾਸ਼।"

ਭਾਵ ਕਿ,ਜਿਸ ਸੰਵਿਧਾਨ ਦੀ ਬਦੌਲਤ ਅਸੀਂ ਆਜਾਦੀ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਦਾ ਅਨੰਦ ਮਾਣ ਰਹੇ ਹਾਂ।ਉਸੇ ਸੰਵਿਧਾਨ ਨੂੰ ਬੁਰਾ ਅਤੇ ਇੱਥੋਂ ਤੱਕ,ਬਿਲਕੁਲ ਹੀ ਬਦਲਣ ਦੀਆਂ ਤਰਕੀਬਾਂ ਬਣਾ ਰਹੇ ਹਾਂ,ਤਾਂ ਕਿ ਲੋਕਤੰਤਰ ਨੂੰ ਖਤਮ ਕੀਤਾ ਜਾ ਸਕੇ,ਜੋ ਦੇਸ਼ ਦੇ ਨਾਗਰਿਕਾਂ ਖਾਸ ਕਰਕੇ ਬਹੁਜਨ ਸਮਾਜ ਦੇ ਲੋਕਾਂ ਅਤੇ ਦੇਸ਼ ਦੀ ਸਮੁੱਚੀ ਔਰਤ ਜਾਤੀ ਲਈ ਬੜੀ ਹੀ ਮੰਦਭਾਗੀ ਗੱਲ ਹੋਵੇਗੀ।ਪਰ ਅਸੀਂ ਫੇਰ ਵੀ ਇਸ ਪਵਿੱਤਰ ਗ੍ਰੰਥ ਭਾਵ ਭਾਰਤੀ ਸੰਵਿਧਾਨ ਨੂੰ ਬਚਾਉਣ ਲਈ,ਕੋਈ ਯੋਗ ਉਪਰਾਲਾ ਨਹੀਂ ਕਰ ਰਹੇ,ਜੋ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤਾਂ,ਬੜਾ ਹੀ ਘਾਤਕ ਸਿੱਧ ਹੋਵੇਗਾ।

ਮੁੱਕਦੀ ਗੱਲ ਤਾਂ ਇਹ ਹੈ,ਕਿ ਅਗਰ ਦੇਸ਼ ਚ ਸੰਵਿਧਾਨ ਹੈ,ਤਾਂ ਲੋਕਤੰਤਰ ਹੈ।ਅਗਰ ਲੋਕਤੰਤਰ ਹੈ,ਤਾਂ ਹੀ ਅਸੀਂ ਆਜਾਦੀ ਅਤੇ ਹੋਰ ਅਨੇਕਾਂ ਹੀ ਸਹੂਲਤਾਂ ਦਾ ਅਨੰਦ ਮਾਣ ਸਕਦੇ ਹਾਂ।ਅਗਰ ਸੰਵਿਧਾਨ ਹੀ ਖਤਮ ਹੋ ਗਿਆ,ਤਾਂ ਦੇਸ਼ ਦਾ ਲੋਕਤੰਤਰਿਕ ਢਾਂਚਾ ਵੀ ਖਤਮ ਹੋ ਜਾਵੇਗਾ।ਦੇਸ਼ ਦੇ ਨਾਗਰਿਕਾਂ ਦੀ ਵੋਟ ਪਾ ਕੇ ਸਰਕਾਰਾਂ ਚੁਣਨ ਦੀ ਤਾਕਤ ਅਤੇ ਹੋਰ ਅਨੇਕਾਂ ਹੀ ਸਹੂਲਤਾਂ ਖਤਮ ਹੋ ਜਾਣਗੀਆਂ।ਦੇਸ਼ ਦੀ ਸਮੁੱਚੀ ਔਰਤ ਨੂੰ,ਦੁਬਾਰਾ ਪੈਰ ਦੀ ਜੁੱਤੀ ਸਮਝਿਆ ਜਾਣ ਲੱਗੇਗਾ।ਇਸ ਲਈ,ਜਿਹੜੀ ਵੀ ਰਾਜਨੀਤਕ ਪਾਰਟੀ ਜਾਂ ਰਾਜਨੀਤਕ ਪਾਰਟੀ ਦੇ ਲੀਡਰ ਅਤੇ ਆਮ ਲੋਕ,ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੀਆਂ ਟਾਹਰਾਂ ਮਾਰ ਰਹੇ ਹਨ।ਇਹਦੇ ਲਈ ਦੇਸ਼ ਦੇ ਹਰ ਨਾਗਰਿਕ, ਖਾਸ ਕਰਕੇ ਬਹੁਜਨ ਸਮਾਜ ਦੇ ਲੋਕਾਂ ਅਤੇ ਦੇਸ਼ ਦੀ ਸਮੁੱਚੀ ਔਰਤ ਜਾਤੀ ਨੂੰ ਚਾਹੀਦਾ ਹੈ,ਕਿ ਉਹ ਇਸ ਵਾਰ ਦੀਆਂ ਚੋਣਾਂ ਚ,ਅਜਿਹੇ ਲੀਡਰਾਂ ਅਤੇ ਰਾਜਨੀਤਕ ਪਾਰਟੀਆਂ ਦੀਆਂ ਸਰਕਾਰਾਂ ਨੂੰ ਆਪਣੀ ਵੋਟ ਦੀ ਤਾਕਤ ਦੇ ਬਲਬੂਤੇ,ਬਿਲਕੁਲ ਵੀ ਵੋਟ ਨਾ ਪਾਉਣ,ਤਾਂ ਕਿ ਉਨ੍ਹਾਂ ਦੇ ਸੰਵਿਧਾਨ ਨੂੰ ਬਦਲਣ ਦੇ ਬੁਰੇ ਮਨਸੂਬੇ ਧਰੇ ਧਰਾਏ ਹੀ ਰਹਿ ਜਾਣ ਅਤੇ ਇਸ ਕਥਨ ਨੂੰ ਪੂਰੀ ਤਰ੍ਹਾਂ ਸੱਚ ਕਰਕੇ ਵਿਖਾ ਦੇਵੋ,ਕਿ,

"ਵੋਟ ਹਮਾਰਾ ਰਾਜ ਤੁਮਾਰਾ, ਨਹੀਂ ਚੱਲੇਗਾ ਨਹੀਂ ਚੱਲੇਗਾ।"

ਪਰ ਇਹ ਸਭ ਕੁੱਝ,ਵੋਟ ਦਾ ਸਹੀ ਇਸਤੇਮਾਲ ਕਰਨ ਨਾਲ ਹੀ ਸੰਭਵ ਹੋ ਸਕਦਾ ਹੈ।

ਪੇਸ਼ਕਾਰੀ -ਪੱਤਰਕਾਰ ਬਲਜੀਤ ਸਿੰਘ ਹੁਸੈਨਪੁਰਾ
ਲੇਖਕ -ਸੁਬੇਗ ਸਿੰਘ,ਸੰਗਰੂਰ 93169 10402

## ਸੀਵਿਜਿਲ ਰਾਹੀਂ 43 ਸ਼ਿਕਾਇਤਾਂ ਆਈਆਂ ਜਦੋਂ ਕਿ ਟੋਲ-ਫ੍ਰੀ ਨੰਬਰ 1950 ਰਾਹੀਂ 53 ਸ਼ਿਕਾਇਤਾਂ ਮਿਲੀਆਂ

### ➤ਨੌਂ ਫਲਾਇੰਗ ਸਕੁਐਡਜ਼ ਅਤੇ ਨੌਂ ਸਟੈਟਿਕ ਸਰਵੇਲੈਂਸ ਟੀਮਾਂ ਦੁਆਰਾ ਚੌਵੀ ਘੰਟੇ ਚੌਕਸੀ ਰੱਖੀ ਜਾ ਰਹੀ ➤ ਐਨਡੀਪੀਐਸ ਐਕਟ ਤਹਿਤ 72, ਆਰਮਜ਼ ਐਕਟ ਤਹਿਤ 20 ਅਤੇ ਆਬਕਾਰੀ ਐਕਟ ਤਹਿਤ 54 ਮੁਲਜ਼ਮ ਗ੍ਰਿਫ਼ਤਾਰ : ਐਸਐਸਪੀ ਡਾ: ਸੰਦੀਪ ਗਰਗ

# ਮੁਹਾਲੀ ਪ੍ਰਸ਼ਾਸਨ ਜ਼ਿਲ੍ਹੇ ਵਿੱਚ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਹੋਣਗੀਆ : ਡੀਸੀ ਆਸ਼ਿਕਾ ਜੈਨ



ਮੁਹਾਲੀ, 10 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਮੁਹਾਲੀ ਪ੍ਰਸ਼ਾਸਨ ਜ਼ਿਲ੍ਹੇ ਵਿੱਚ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਵਚਨਬੱਧ ਹੈ ਅਤੇ ਨੌਂ ਫਲਾਇੰਗ ਸਕੁਐਡ ਟੀਮਾਂ ਅਤੇ ਨੌਂ ਸਟੈਟਿਕ ਸਰਵੀਲੈਂਸ ਟੀਮਾਂ ਵੱਲੋਂ 24 ਘੰਟੇ ਚੌਕਸੀ ਰੱਖੀ ਜਾ ਰਹੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਦੀ ਜਾਣਕਾਰੀ ਦੇਣ ਲਈ ਐਸ ਐਸ ਪੀ ਡਾ: ਸੰਦੀਪ ਗਰਗ, ਏ.ਡੀ.ਸੀਜ਼ ਵਿਰਾਜ ਐਸ ਤਿੜਕੇ ਅਤੇ ਦਮਨਜੀਤ ਸਿੰਘ ਮਾਨ ਦੇ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਨੂੰ ਰੋਕਣ ਲਈ ਇੱਕ ਸਮਰਪਿਤ ਕੰਟਰੋਲ ਰੂਮ ਚਲਾਇਆ ਜਾ ਰਿਹਾ ਹੈ। ਜ਼ਿਲ੍ਹੇ ਚ ਜਿੱਥੇ ਸੀ ਵਿਜਿਲ ਐਪ ਰਾਹੀਂ 53 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਇੱਕ ਅਜਿਹਾ ਵੋਟਰਾਂ ਦੇ ਹੱਥਾਂ ਵਿੱਚ ਇੱਕ ਮਜ਼ਬੂਤ ਸਾਧਨ ਹੈ ਜਿੱਥੇ ਕੋਈ ਵੀ ਇਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ ਕੋਡ ਦੀ ਉਲੰਘਣਾ ਦੀ ਸ਼ਿਕਾਇਤ ਨੂੰ ਚੋਣ ਕਮਿਸ਼ਨ ਤੱਕ ਭੇਜ ਸਕਦਾ ਹੈ। ਇਨ੍ਹਾਂ ਵਿੱਚੋਂ 35 ਸ਼ਿਕਾਇਤਾਂ ਸਹੀ ਪਾਈਆਂ ਗਈਆਂ, ਜਿਨ੍ਹਾਂ ਦੀ ਕਾਰਵਾਈ ਦੀ ਰਿਪੋਰਟ ਸੀ.ਈ.ਓ. ਪੰਜਾਬ ਨੂੰ ਸੌਂਪ ਦਿੱਤੀ ਗਈ ਹੈ, ਜਦਕਿ 18 ਸ਼ਿਕਾਇਤਾਂ ਏ.ਆਰ.ਓ ਪੱਧਰ 'ਤੇ ਹੋਰ ਕਾਰਨਾਂ ਕਰਕੇ ਜਾਂਚ ਬਾਅਦ ਦਾਖਲ ਦਫ਼ਤਰ ਕਰ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ 24⊘7 ਕੰਟਰੋਲ ਸੈੱਲ, ਟੋਲ-ਫ੍ਰੀ ਨੰਬਰ 1950 ਤੇ 43 ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ ਵਿੱਚੋਂ 33 ਮਾਮਲਿਆਂ ਵਿੱਚ ਕਾਰਵਾਈ ਦੀ ਰਿਪੋਰਟ ਸੀ.ਈ.ਓ. ਪੰਜਾਬ ਨੂੰ ਸੌਂਪੀ ਗਈ ਹੈ, ਜਦਕਿ 05 ਨੂੰ ਏ.ਆਰ.ਓ. ਪੱਧਰ 'ਤੇ ਜਾਂਚ ਬਾਅਦ ਡਰੌਪ ਕਰ ਦਿੱਤਾ ਗਿਆ ਹੈ ਅਤੇ 05 'ਤੇ ਕਾਰਵਾਈ ਜਾਰੀ ਹੈ।

ਐਸ.ਐਸ.ਪੀ ਡਾ. ਸੰਦੀਪ ਗਰਗ ਨੇ ਦੱਸਿਆ ਕਿ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਤਾਲਮੇਲ ਨਾਲ 9 ਅੰਤਰਰਾਜੀ ਨਾਕੇ ਸੰਵੇਦਨਸ਼ੀਲ ਥਾਵਾਂ 'ਤੇ ਲਗਾਏ ਜਾ ਰਹੇ ਹਨ। ਲੋਕਾਂ ਚ ਕਾਨੂੰਨ ਦੇ ਰਾਜ ਦਾ ਭਰੋਸਾ ਬਣਾਈ ਰੱਖਣ ਦੇ ਮੰਤਵ ਨਾਲ, ਕੇਂਦਰੀ ਹਥਿਆਰਬੰਦ ਪੁਲਿਸ ਬਲ ਦੀ ਇੱਕ ਕੰਪਨੀ ਦੀ ਮਦਦ ਨਾਲ ਜ਼ਿਲ੍ਹੇ ਵਿੱਚ ਗਸ਼ਤ ਜਾਰੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੁਲਿਸ ਨੇ ਐਨਡੀਪੀਐਸ ਐਕਟ ਤਹਿਤ 52 ਐਫਆਈਆਰ ਦਰਜ ਕਰਕੇ 72 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਭੁੱਕੀ, ਅਫੀਮ ਆਦਿ ਸਮੇਤ ਨਸ਼ੀਲੇ ਪਦਾਰਥਾਂ ਦੀ ਬਾਜ਼ਾਰੀ ਕੀਮਤ ਅਨੁਸਾਰ 2.31 ਕਰੋੜ ਰੁਪਏ ਦੀ ਬਰਾਮਦਗੀ ਕੀਤੀ ਹੈ। ਆਰਮਜ਼ ਐਕਟ ਤਹਿਤ ਦਰਜ 13 ਐਫ.ਆਈ.ਆਰ. ਵਿੱਚ 16 ਪਿਸਤੌਲ, 01 ਰਾਈਫਲ, 04 ਦੇਸੀ ਕੱਟਾ ਆਦਿ ਬਰਾਮਦ ਕਰਕੇ 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਆਬਕਾਰੀ ਐਕਟ ਤਹਿਤ 2376 ਲੀਟਰ ਲਾਹਣ ਬਰਾਮਦ ਕਰਕੇ 54 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ 50 ਕੇਸ ਦਰਜ ਕੀਤੇ ਗਏ ਹਨ। ਸ਼ਰਾਬ ਬ੍ਰਾਮਦਗੀ ਦਾ ਵਿੱਤੀ ਮੁੱਲ 14.52 ਲੱਖ ਰੁਪਏ ਹੈ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਸੰਵੇਦਨਸ਼ੀਲ ਪੋਲਿੰਗ ਬੂਥਾਂ ਦੀ ਗਿਣਤੀ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 119 ਬੂਥਾਂ ਵਾਲੇ ਕੁੱਲ 37 ਸਥਾਨਾਂ ਦੀ ਸ਼ਨਾਖਤ ਕੀਤੀ ਗਈ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਬਜ਼ਰਵਰਾਂ ਨਾਲ ਹੋਣ ਵਾਲੀ ਮੀਟਿੰਗ ਦੇ ਅਨੁਸਾਰ ਗਿਣਤੀ ਵਧ ਜਾਂ ਘਟ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮਿਤੀ 27.10.2023 ਤੋਂ ਹੁਣ ਤੱਕ 37498 ਵੋਟਰਾਂ ਦਾ ਵਾਧਾ ਹੋਇਆ ਹੈ (ਜਿਸ ਮਿਤੀ ਤੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੰਖੇਪ ਸੁਧਾਈ ਸ਼ੁਰੂ ਕੀਤੀ ਗਈ ਸੀ)। ਇਸੇ ਤਰ੍ਹਾਂ 22.01.2024 ਤੋਂ ਹੁਣ ਤੱਕ ਕੁੱਲ 24861 ਵੋਟਰ ਰਜਿਸਟਰਡ ਹੋਏ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਰਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹੇ ਵਿੱਚ ਕਈ ਸਵੀਪ ਗਤੀਵਿਧੀਆਂ ਕੀਤੀਆਂ ਗਈਆਂ ਹਨ। ਆਉਣ ਵਾਲੇ ਦਿਨਾਂ ਵਿੱਚ, ਸਿਸਟਮੈਟਿਕ ਵੋਟਰ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ ਪ੍ਰੋਗਰਾਮ ਤਹਿਤ ਪੀਸੀਏ ਸਟੇਡੀਅਮ ਵਿੱਚ ਇੱਕ ਮੈਗਾ ਸਪੋਰਟਸ ਈਵੈਂਟ ਕਰਵਾਇਆ ਜਾ ਰਿਹਾ ਹੈ। ਵੋਟਾਂ ਵਾਲੇ ਦਿਨ ਗਰਮ ਮੌਸਮ ਦਾ ਸਾਹਮਣਾ ਕਰਨ ਲਈ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਵੋਟਰਾਂ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਏ.ਸੀ./ ਕੂਲਰ/ਪੱਖੇ, ਛਾਂ/ਸ਼ਾਮਿਆਨਾ, ਬੈਠਣ ਦਾ ਪ੍ਰਬੰਧ, ਮਿੱਠੇ ਪਾਣੀ ਦੀ ਛਬੀਲ/ ਪੀਣ ਵਾਲੇ ਪਾਣੀ, ਓ.ਆਰ.ਐਸ., ਮੈਡੀਕਲ ਕੈਂਪ/ਐਮਰਜੈਂਸੀ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 8,06, 500 ਵੋਟਰ ਹਨ, ਜਿਨ੍ਹਾਂ ਵਿੱਚ 4,22,576 ਪੁਰਸ਼ ਵੋਟਰ, 3,83,886 ਮਹਿਲਾ ਵੋਟਰ ਅਤੇ 38 ਤੀਜੇ ਲਿੰਗ ਦੇ ਵੋਟਰ ਹਨ। ਇਨ੍ਹਾਂ ਵਿੱਚੋਂ 85 ਸਾਲ ਤੋਂ ਵੱਧ ਉਮਰ ਦੇ 6218 ਵੋਟਰਾਂ ਅਤੇ 6808 ਪੀ ਡਬਲਯੂ ਡੀ (ਦਿਵਿਆਂਗ) ਵੋਟਰਾਂ ਦੀ ਸ਼ਨਾਖਤ ਕੀਤੀ ਗਈ ਹੈ ਜਿਨ੍ਹਾਂ ਨੂੰ ਪੋਸਟਲ ਬੈਲਟ ਸੇਵਾਵਾਂ/ ਬੂਥ ਤੇ ਜਾਣ ਲਈ ਮੁਫ਼ਤ ਆਵਾਜਾਈ ਪ੍ਰਦਾਨ ਕੀਤੀ ਜਾਣੀ ਹੈ। ਦਿਲਚਸਪ ਪਹਿਲ ਇਹ ਹੈ ਕਿ ਜ਼ਿਲ੍ਹੇ ਵਿੱਚ ਇਸ ਵਾਰ (18-19 ਸਾਲ ਦੀ ਉਮਰ ਵਿੱਚ) 19193 ਪਹਿਲੀ ਵਾਰ ਬਣੇ ਵੋਟਰ ਹਨ। ਇਸੇ ਤਰ੍ਹਾਂ ਜ਼ਿਲ੍ਹੇ ਵਿੱਚ ਹਰੇਕ ਹਲਕੇ ਵਿੱਚ 10 ਮਾਡਲ ਪੋਲਿੰਗ ਬੂਥ, ਇੱਕ-ਇੱਕ ਪਿੰਕ ਪੋਲਿੰਗ ਬੂਥ (ਮਹਿਲਾ ਸਟਾਫ਼), ਦਿਵਿਆਂਗ ਸਟਾਫ਼ ਅਤੇ ਯੂਥ ਸਟਾਫ਼ ਵੱਲੋਂ ਪ੍ਰਬੰਧਨ ਕੀਤਾ ਜਾਣਾ ਹੈ।

ਉਨ੍ਹਾਂ ਕਿਹਾ ਕਿ ਪੋਲਿੰਗ ਡਿਊਟੀਆਂ 'ਤੇ ਲੱਗੇ ਸਟਾਫ਼ ਦੀਆਂ ਡਿਊਟੀ ਤੋਂ ਛੋਟ ਦੀਆਂ ਬੇਨਤੀਆਂ 'ਤੇ ਵਿਚਾਰ ਕਰਨ ਲਈ ਇੱਕ ਮੈਡੀਕਲ ਬੋਰਡ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਨ੍ਹਾਂ ਦੀਆਂ ਸਮੱਸਿਆਵਾਂ ਜਾਇਜ਼ ਹਨ ਜਾਂ ਨਹੀਂ। ਮੈਡੀਕਲ ਬੋਰਡ ਵਿੱਚ ਇੱਕ ਗਾਇਨੀਕੋਲੋਜਿਸਟ, ਇੱਕ ਆਰਥੋਪੈਡਿਕ, ਬੱਚਿਆਂ ਦਾ ਮਾਹਿਰ ਅਤੇ ਇੱਕ ਮੈਡੀਸਨ ਸਪੈਸ਼ਲਿਸਟ ਸ਼ਾਮਲ ਹੈ

# ਪੰਜਾਬ, ਪੰਜਾਬੀ ਸੱਭਿਆਚਾਰ ਅਤੇ ਅਸੀਂ ਰੂਖਸਾਰ

ਪਟਿਆਲਾ, 10 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸ਼ਬਦ ਫਾਰਸੀ ਭਾਸ਼ਾ ਦੇ ਦੋ ਸ਼ਬਦਾਂ ਦੇ ਸੁਮੇਲ ਤੋਂ ਮਿਲਕੇ ਬਣਿਆ ਹੈ- 'ਪੰਜ ਅਤੇ ਆਬ'। ਪੰਜ ਭਾਵ ਕਿ ਗਿਣਤੀ ਦੇ ਪੰਜ ਅਤੇ ਆਬ ਭਾਵ ਕਿ ਪਾਣੀ। ਇਸ ਤਰ੍ਹਾਂ ਪੰਜਾਬ ਸ਼ਬਦ ਦਾ ਅਰਥ ਹੈ 'ਪੰਜ ਦਰਿਆਵਾਂ ਦੀ ਧਰਤੀ', ਇਹ ਪੰਜ ਦਰਿਆ ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਹਨ।

ਪੰਜਾਬ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੰਜਾਬੀ ਕਿਹਾ ਜਾਂਦਾ ਹੈ। ਪੰਜਾਬੀ ਲੋਕ ਪਿਆਰ ਦੀ ਬਹੁਤ ਕਦਰ ਕਰਦੇ ਹਨ। ਪੰਜਾਬੀਆਂ ਦਾ ਸੁਭਾਅ ਬਹੁਤ ਹੀ ਅਣਖੀਲਾ ਹੁੰਦਾ ਹੈ। ਉਹ ਬੇਪਰਵਾਹ ਹੋ ਕੇ ਅਣਖ ਦੇ ਨਾਲ ਜੀਉਂਦੇ ਹਨ। ਪੰਜਾਬ ਦੇ ਹਰਮਨ ਪਿਆਰ ਕਵੀ ਪ੍ਰੋ. ਪੂਰਨ ਸਿੰਘ ਨੇ ਠੀਕ ਕਿਹਾ ਹੈ ਕਿ 'ਇਹ ਬੇਪ੍ਰਵਾਹ ਪੰਜਾਬ ਦੇ ਮੌਤ ਨੂੰ ਮਖੌਲਾਂ ਕਰਨ ਮਰਨ ਥੀਂ ਨਹੀਂ ਡਰਦੇ। ਪਿਆਰ ਨਾਲ ਇਹ ਗੁਲਾਮੀ ਕੋਹ ਆਪਣੀ ਵਾਰ ਦੇਂਦੇ, ਪਰ ਏ ਨਾ ਮੰਨਣ ਕਿਸੇ ਦੀ ਖਜੇ ਜਾਨ ਡਾਗਾਂ ਮੋਢੇ ਉਜਾਰਦੇ।' ਪੰਜਾਬੀਆਂ ਵਿਚ ਅਥਾਹ ਅਤੇ ਅਮੁੱਕ ਸਿਰਜਣਾਤਮਕ ਸ਼ਕਤੀ ਹੈ।

ਪੰਜਾਬੀ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ-ਜਾਂਚ ਨੂੰ ਪੰਜਾਬੀ ਸੱਭਿਆਚਾਰ ਕਹਿੰਦੇ ਹਨ। ਜਿਸ ਵਿੱਚ ਉਹਨਾਂ ਲੋਕਾਂ ਦਾ ਰਹਿਣ-ਸਹਿਣ, ਖਾਣਾ-ਪੀਣਾ, ਪਹਿਰਾਵਾ, ਰਿਸ਼ਤੇ-ਨਾਤੇ, ਰਸਮ-ਰਿਵਾਜ, ਵਿਸ਼ਵਾਸ, ਕੀਮਤਾਂ, ਮਨੋਰੰਜਨ ਦੇ ਸਾਧਨ, ਖੇਡਾਂ, ਭਾਸ਼ਾ ਅਤੇ ਲੋਕ ਸਾਹਿਤ ਆਦਿ ਸ਼ਾਮਿਲ ਹੁੰਦਾ ਹੈ। ਓਪਰੀ ਨਜ਼ਰੇ ਵੇਖਿਏ ਤਾਂ ਜਿੱਥੇ ਸੱਭਿਆਚਾਰ ਦੀ ਪ੍ਰਕਿਰਤੀ ਸਾਧਾਰਨ ਜਾਪਦੀ ਹੈ ਉੱਥੇ ਇਸਦਾ ਅਧਿਐਨ ਕਰਦੇ ਹੋਏ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਇਹ ਆਪਣੇ ਆਪ ਵਿੱਚ ਇਕ ਜਟਿਲ ਵਰਤਾਰਾ ਹੈ।

ਗੱਲ ਕੀ ਸਮੁੱਚਾ ਵਿਰਸਾ ਅਤੇ ਵਰਤਮਾਨ ਇਸ ਦੇ ਘੇਰੇ ਵਿੱਚ ਆ ਜਾਂਦਾ ਹੈ, ਜੋ ਮਨੁੱਖ ਨੂੰ ਪੀੜ੍ਹੀ ਦਰ ਪੀੜ੍ਹੀ ਆਪਣੇ ਵੱਡੇ-ਵਡੇਰਿਆਂ ਤੋਂ ਵਿਰਾਸਤ ਰੂਪ ਵਿੱਚ ਮਿਲਿਆ ਹੋਇਆ ਹੁੰਦਾ ਹੈ।

ਇਸ ਵਰਤਾਰੇ ਵਿੱਚ ਮਨੁੱਖ ਦੀਆਂ ਆਰਥਿਕ,ਸਮਾਜਕ,ਰਾਜਸੀ,ਧਾਰਮਿਕ ਅਤੇ ਬੌਧਿਕ ਆਦਿ ਸਭ ਪ੍ਰਕਾਰ ਦੀਆਂ ਪਰਿਸਥਿਤੀਆਂ ਦਾ ਸਮਾਵੇਸ਼ ਹੁੰਦਾ ਹੈ। ਇਸ ਤੋਂ ਇਲਾਵਾ ਉਹ ਕਦਰਾਂ-ਕੀਮਤਾ ਜੋ ਕਿਸੇ ਸਮਾਜ, ਕੌਮ, ਦੇਸ਼ ਜਾਂ ਵਿਅਕਤੀਆਂ ਦੀ ਸਖਸ਼ੀਅਤ ਦੀ ਤਰੱਕੀ ਵਾਸਤੇ ਚੰਗੀਆਂ ਸਮਝੀਆਂ ਜਾਂਦੀਆਂ ਹੋਣ ਉਹ ਵੀ ਸੱਭਿਆਚਾਰ ਵਿੱਚ ਸੰਮਲਿਤ ਹੁੰਦੀਆਂ ਹਨ।

ਸੱਭਿਆਚਾਰ ਦੇ ਅਰਥ ਖੇਤਰ ਨੂੰ ਸਪੱਸ਼ਟ ਕਰਨ ਲਈ ਐਡਵਰਡ ਬੀ. ਟਾਇਲਰ ਵੱਲੋਂ ਇਸ ਪ੍ਰਕਾਰ ਯਤਨ ਕੀਤਾ ਗਿਆ। ਮਨੁੱਖ ਦੀਆਂ ਵਿੱਲਖਣ ਯੋਗਤਾਵਾਂ ਅਤੇ ਸਮਰੱਥਾਵਾਂ ਦੇ ਅਜਿਹੇ ਜਟਿਲ ਸਮੁੱਚੇ ਨੂੰ ਸੱਭਿਆਚਾਰ ਮੰਨਦਾ ਹੈ ਜੋ ਉਸ ਨੂੰ ਸਮਾਜ ਦਾ ਮੈਂਬਰ ਹੋਣ ਕਾਰਨ ਪ੍ਰਾਪਤ ਹੁੰਦੀਆਂ ਹਨ।

ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਦਾ ਗਹਿਰਾ ਸੰਬੰਧ ਹੈ। ਭਾਸ਼ਾ ਤੋਂ ਬਿਨ੍ਹਾਂ ਸੱਭਿਆਚਾਰ ਦੀ ਹੋਂਦ ਨੂੰ ਮੰਨਿਆ ਹੀ ਨਹੀਂ ਜਾ ਸਕਦਾ। ਉਹੋ ਭਾਸ਼ਾ ਠੀਕ ਅਤੇ ਮੁੱਖ ਮੰਨੀ ਜਾਂਦੀ ਹੈ ਜਿਸਨੂੰ ਸਮਾਜ ਦੀ ਪ੍ਰਵਾਨਗੀ ਪ੍ਰਾਪਤ ਹੋਵੇ। ਕਿਸੇ ਇਕ ਸੱਭਿਆਚਾਰ ਨੂੰ ਕਿਸੇ ਤੌਰ ਹੋਰ ਸੱਭਿਆਚਾਰ ਦੀ ਭਾਸ਼ਾ ਵਿੱਚ ਪ੍ਰਸਤੁਤ ਨਹੀ ਕੀਤਾ ਜਾ ਸਕਦਾ। ਵਖੋਂ-ਵੱਖ ਸੱਭਿਆਚਾਰ ਦੀ ਵੱਖੋ-ਵੱਖਰੀ ਭਾਸ਼ਾ ਹੁੰਦੀ ਹੈ। ਸੱਭਿਆਚਾਰ ਦੀ ਭਾਸ਼ਾ ਹੀ ਉਸ ਸੱਭਿਆਚਾਰ ਨੂੰ ਪੇਸ਼ ਕਰ ਸਕਦੀ ਹੈ,ਹੋਰ ਕੋਈ ਨਹੀਂ,ਪੰਜਾਬੀ ਸੱਭਿਆਚਾਰ ਦੀ ਭਾਸ਼ਾ ਪੰਜਾਬੀ ਭਾਸ਼ਾ ਹੈ। ਪੰਜਾਬੀ ਸੱਭਿਆਚਾਰ ਪੰਜਾਬੀ ਭਾਸ਼ਾ, ਭਾਸ਼ਾ ਵਿੱਚ ਵਧੇਰੇ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਹਰ ਕਿਸੇ ਸੱਭਿਆਚਾਰ ਵਿੱਚ ਪ੍ਰਚਲਿਤ ਰੀਤੀ-ਰਿਵਾਜ, ਖਾਣ-ਪੀਣ ਦੇ ਢੰਗ ਵੱਖੋ-ਵੱਖਰੇ ਹੁੰਦੇ ਹਨ। ਅਜਿਹੀ ਸਮੱਗਰੀ ਨੂੰ ਪੇਸ਼ ਠੀਕ ਰਹਿੰਦੀ ਹੈ। ਭਾਸ਼ਾ ਅਤੇ ਸੱਭਿਆਚਾਰ ਦੋਵੇਂ ਹੀ ਪਰਿਵਰਤਨਸ਼ੀਲ ਅਤੇ ਵਿਕਾਸ ਕਰਦੇ ਹਨ।

ਵਿਰਸਾ ਕਿਸੇ ਕੌਮ ਦੀ ਪਹਿਚਾਣ ਹੁੰਦੀ ਹੈ। ਉਹ ਸਭ ਕੁਝ ਜੋ ਸਥੂਲ ਅਤੇ ਸੂਖਮ ਰੂਪ ਵਿਚ ਆਪਣੇ ਪੁਰਖਿਆਂ ਤੋਂ ਪ੍ਰਾਪਤ ਹੋਵੇ ਵਿਰਸਾ ਅਖਵਾਉਂਦਾ ਹੈ। ਸੂਖਮ ਵਿਰਸੇ ਵਿੱਚ ਕਿਸੇ ਵਿਸ਼ੇਸ਼ ਖਿੱਤੇ ਵਿਚ ਰਹਿੰਦੇ ਹੋਏ ਜਨ-ਸਮੂਹ ਦੁਆਰਾ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਛੂਹੀਆਂ ਗਈਆਂ ਵਿਕਾਸ ਦੀਆਂ ਸਿਖਰਾਂ, ਕਲਾ ਖੇਤਰ ਵਿਚ ਸਾਰੀਆਂ ਗਈਆਂ ਗੱਲਾ, ਉਹਾਂ ਦਾ ਰਹਿਣ-ਸਹਿਣ ਖਾਣ-ਪੀਣ ਤੇ ਪਹਿਨਣ-ਪ੍ਰਚਰਨ ਦੀਆਂ ਆਦਤਾਂ, ਹੱਸਣ-ਖੇਡਣ ਅਤੇ ਮਨੋਰੰਜਨ ਦੇ ਢੰਗ-ਤਰੀਕੇ ਧਰਮ, ਮੇਲੇ ਅਤੇ ਤਿਉਹਾਰ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਹ ਸਭ ਚੀਜਾਂ ਪ੍ਰਤੱਖ ਰੂਪ ਵਿੱਚ ਦਿਖਾਈ ਦਿੰਦੀਆਂ ਹਨ। ਪਰ ਇਸ ਤੋਂ ਵੀ ਵੱਧ ਮਹੱਤਵਪੂਰਨ ਵਿਰਸਾ ਉਹ ਹੁੰਦਾ ਹੈ ਜਿਸ ਨੂੰ ਅਸੀਂ ਦੇਖ ਜਾਂ ਛੂਹ ਨਹੀਂ ਸਕਦੇ। ਕੇਵਲ ਮਹਿਸੂਸ ਕਰ ਸਕਦੇ ਹਾਂ ਅਤੇ ਜੋ ਸਾਡੀ ਸਮੁੱਚੀ ਮਾਨਸਿਕਤਾ ਅਤੇ ਜੀਵਨ-ਜਾਂਚ ਦਾ ਆਧਾਰ ਹੁੰਦਾ ਹੈ। ਕਿਸੇ ਖਾਸ ਪ੍ਰਸਥਿਤੀ ਵਿਚ ਅਸੀਂ ਕਿਸ ਤਰ੍ਹਾਂ ਵਿਚਰਦੇ ਹਾਂ ਜਾ ਕਿਸੇ ਘਟਨਾ ਪ੍ਰਤੀ ਸਾਡਾ ਨੁਕਤਾ ਨਿਗਾਹ ਕੀ ਹੈ, ਇਹ ਸਾਡਾ ਵਿਰਸਾ ਹੀ ਨਿਰਧਾਰਿਤ ਕਰਦਾ ਹੈ।

ਐਮ.ਐਡ ਵਿਦਿਆਰਥਣ,
ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ।
ਮੋ. ਨੰ. 9056592627
ਡਾ. ਹਰਦੀਪ ਕੌਰ ਸੈਣੀ,
ਅਸਿਸਟੈਂਟ ਪ੍ਰੋਫੈਸਰ,
ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ।
ਮੋ.ਨੰ. 9876089049

## ਕੰਪਿਊਟਰ ਆਪਰੇਟਰ ਨੂੰ 3000 ਰੁਪਏ ਦੀ ਰਿਸ਼ਵਤ ਲੈਂਦੇ ਰੰਗੀ ਹੱਥੀ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, 10 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਏਂਟੀ ਕਰਪਸ਼ਨ ਬਿਊਰੋ ਦੀ ਟੀਮ ਨੇ ਜਿਲ੍ਹਾ ਯਮੁਨਾਨਗਰ ਦੇ ਜਗਾਧਰੀ ਨਗਰ ਨਿਗਮ ਵਿਚ ਕੰਮ ਕਰ ਰਹੇ ਕੰਪਿਊਟਰ ਆਪਰੇਟਰ ਆਸ਼ੀਸ਼ ਨੂੰ 3000 ਰੁਪਏ ਦੀ ਰਿਸ਼ਵਤ ਲੈਂਦੇ ਰੰਗੀ ਹੱਥੀ ਗਿਰਫਤਾਰ ਕੀਤਾ। ਦੋਸ਼ੀ ਵੱਲੋਂ ਸ਼ਿਕਾਇਤਕਰਤਾ ਤੋਂ ਪ੍ਰੋਪਰਟੀ ਆਈਡੀ ਬਨਾਉਣ ਦੇ ਬਦਲੇ ਵਿਚ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਸੀ।

ਬਿਊਰੋ ਦੇ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਏਂਟੀ ਕਰਪਸ਼ਨ ਬਿਊਰੋ ਦੀ ਟੀਮ ਨੂੰ ਸੂਚਨਾ ਪ੍ਰਾਪਤ ਹੋਈ ਕਿ ਨਗਰ ਨਿਗਮ ਜਗਾਧਰੀ ਵਿਚ ਕੰਮ ਕਰ ਰਹੇ ਕੰਪਿਊਟਰ ਆਪਰੇਟਰ ਆਸ਼ੀਸ਼ ਵੱਲੋਂ ਪ੍ਰੋਪਰਟੀ ਆਈਡੀ ਬਨਾਉਣ ਦੇ ਬਦਲੇ ਵਿਚ 3000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਹੈ।

## ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵਿਖੇ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਮਨਾਇਆ

# ਜੱਚਾ ਬੱਚਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਵੇ ਅਤੇ ਨਾਰਮਲ ਜਣੇਪੇ ਕੀਤੇ ਜਾਣ : ਸਿਹਤ ਸਕੱਤਰ ਡਾ. ਅਭੀਨਵ ਤ੍ਰਿਖਾ

ਪਟਿਆਲਾ, 10 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਪਟਿਆਲਾ ਵੱਲੋਂ ਕਾਨਫਰੰਸ ਹਾਲ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵਿਖੇ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਤਹਿਤ ਸਮਾਰੋਹ ਦਾ ਆਯੋਜਨ ਕੀਤਾ ਗਿਆ। ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਹਰ ਸਾਲ 5 ਮਈ ਨੂੰ ਮਨਾਇਆ ਜਾਂਦਾ ਹੈ , ਜਿਸ ਤਹਿਤ 3 ਮਈ ਨੂੰ ਨਰਸਿੰਗ ਸਿਖਿਆਰਥਣਾਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।ਅੱਜ ਦੇ ਸਮਾਰੋਹ ਵਿੱਚ ਸੈਕਟਰੀ ਹੈਲਥ-ਕਮ-ਮਿਸ਼ਨ ਡਾਇਰੈਕਟਰ ਐਨ ਐਚ ਐਮ ਪੰਜਾਬ ਡਾ? ਅਭੀਨਵ ਤ੍ਰਿਖਾ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਪੂਰੇ ਨੌਰਥ ਜੋਨ ਦਾ ਨੈਸ਼ਨਲ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਪਟਿਆਲਾ ਵਿਖੇ ਪਿਛਲੇ ਦੋ ਸਾਲਾਂ ਤੋਂ ਚੱਲ ਰਿਹਾ ਹੈ ਜੋ ਕਿ ਦੇਸ਼ ਦਾ ਤੀਸਰਾ ਨੈਸ਼ਨਲ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਹੈ। ਜਿਸ ਵਿੱਚ ਪਹਿਲੇ ਬੈਚ ਤਹਿਤ ਨੌ ਸਟਾਫ ਨਰਸਾਂ ਮਿਡ ਵਾਈਫਰੀ ਦੀ ਟ੍ਰੇਨਿੰਗ ਪ੍ਰਾਪਤ ਕਰ ਚੁੱਕੀਆਂ ਹਨ ਅਤੇ ਦੂਸਰੇ ਬੈਚ ਦੀਆਂ ਨੌਂ ਸਟਾਫ ਨਰਸਾਂ ਨੂੰ ਜੱਚਾ ਬੱਚਾ ਦੇਖਭਾਲ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਨਾਰਮਲ ਜਣੇਪੇ ਕਰਨ ਸਬੰਧੀ ਟਰੇਨਿੰਗ ਦਿੱਤੀ ਜਾ ਰਹੀ ਹੈ।ਉਹਨਾਂ ਕਿਹਾ ਕਿ ਗਰਭਵਤੀ ਮਾਵਾਂ ਦੀ ਸਮੇਂ ਸਿਰ ਰਜਿਸਟਰੇਸ਼ਨ ਕਰਕੇ ਉਹਨਾਂ ਨੂੰ ਬਣਦੀਆਂ ਸਿਹਤ ਸੇਵਾਵਾਂ ਮੁਹਈਆ ਕਰਾਉਣੀਆਂ ਯਕੀਨੀ ਬਣਾਈਆਂ ਜਾਣ, ਖਾਸ ਕਰਕੇ ਹਾਈ ਰਿਸਕ ਮਾਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਪੰਜਾਬ ਵਿੱਚ ਇਸ ਸਮੇਂ 97 ਪ੍ਰਤੀਸ਼ਤ ਦੇ ਕਰੀਬ ਸੰਸਥਾਗਤ ਜਣੇਪੇ ਕੀਤੇ ਜਾ ਰਹੇ ਹਨ।ਜਿਹਨਾਂ ਵਿੱਚ ਸਜੇਰੀਅਨ ਦੀ ਗਿਣਤੀ ਘਟਾ ਕੇ ਨਾਰਮਲ ਜਣੇਪੇ ਕੀਤੇ ਜਾਣ ਨੂੰ ਉੱਤਸਾਹਿਤ ਕੀਤਾ ਜਾਵੇ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਤਿੰਨ ਹੋਰ ਸਟੇਟ ਮਿਡਵਾਈਫਰੀ ਟ੍ਰੇਨਿੰਗ ਇੰਸਟੀਚਿਊਟ ਖੋਲੇ ਜਾ ਰਹੇ ਹਨ। ਸਟੇਟ ਪ੍ਰੋਗਰਾਮ ਅਫਸਰ ਡਾ. ਇੰਦਰਦੀਪ ਕੌਰ ਨੇ ਦੱਸਿਆ ਕਿ ਇਸ ਵਿੱਚ ਪਾਰਟਨਰ ਏਜੰਸੀ ਤਹਿਤ ਰੱਖੇ ਗਏ ਇੰਟਰਨੈਸ਼ਨਲ ਐਜੂਕੇਟਰ ਟ੍ਰੇਨਿੰਗ ਦੇ ਰਹੇ ਹਨ। ਤਾਂ ਜੋ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਦਿੱਤੀ ਜਾ ਸਕੇ । ਇਸ ਮੌਕੇ ਐਮ ਐਸ ਮਾਤਾ ਕੁਸ਼ੱਲਿਆ ਹਸਪਤਾਲ ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਮਾਤਾ ਕੁਸ਼ੱਲਿਆ ਹਸਪਤਾਲ ਵਿੱਚ 24*7 ਮਾਵਾਂ ਨੂੰ ਜਣੇਪੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਨਰਸਿੰਗ ਸਿਖਿਆਰਥਣਾਂ ਦੇ ਅੰਤਰਰਾਸ਼ਟਰੀ ਮਿਡਵਾਈਵਜ ਦਿਵਸ ਤਹਿਤ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ ਦੀਆਂ ਜੇਤੂ ਸਿਖਿਆਰਥਣਾਂ ਨੂੰ ਡਾ? ਅਭੀਨਵ ਤ੍ਰਿਖਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਿਪਟੀ ਡਾਇਰੈਕਟਰ ਫੈਮਿਲੀ ਵੈਲਫੇਅਰ ਡੀ ਐਚ ਐਸ ਪੰਜਾਬ ਤੋਂ ਡਾ? ਨਿਧੀ, ਸਿਵਲ ਸਰਜਨ ਡਾ? ਸੰਜੇ ਗੋਇਲ , ਰਜਿੰਦਰਾ ਹਸਪਤਾਲ ਗਿਆਨੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ? ਪ੍ਰੀਤ ਕਮਲ ਸਿਬੀਆ , ਪ੍ਰੋਫੈਸਰ ਡਾ. ਸਤਿੰਦਰ ਕੌਰ, ਸੀਨੀਅਰ ਮੈਡੀਕਲ ਅਫਸਰ ਡਾ. ਵਿਕਾਸ ਗੋਇਲ ਅਤੇ ਡਾ. ਅਸ਼ਰਫਜੀਤ ਸਿੰਘ, ਜਿਲਾ ਪਰਿਵਾਰ ਭਲਾਈ ਅਫਸਰ ਡਾ ? ਐਸ ਜੇ ਸਿੰਘ, ਪ੍ਰਿੰਸੀਪਲ ਨਰਸਿੰਗ ਸਕੂਲ ਰਾਜਵਿੰਦਰ ਕੌਰ, ਨਰਸਿੰਗ ਸਕੂਲ ਰਜਿੰਦਰਾ ਹਸਪਤਾਲ ਪਟਿਆਲਾ ਦੇ ਪ੍ਰਿੰਸੀਪਲ ਬਲਵਿੰਦਰ ਕੌਰ , ਵਾਈਸ ਪ੍ਰਿੰਸੀਪਲ ਸੁਰਿੰਦਰਪਾਲ ਕੌਰ, ਫੈਕਲਟੀ ਮੈਂਬਰ ਅਤੇ ਨਰਸਿੰਗ ਸਕੂਲ ਦੀਆਂ ਸਿਖਿਆਰਥਣਾਂ ਹਾਜ਼ਰ ਸਨ।



ਸੈਕਟਰੀ ਹੈਲਥ ਡਾ. ਅਭੀਨਵ ਤ੍ਰਿਖਾ ਅੰਤਰਰਾਸ਼ਟਰੀ ਮਿਡਵਾਈਫਰੀ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਦੀਆਂ ਸਿਖਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ ।

## ਦਾਖਾ ਵਿੱਚ ਚੋਣ ਪ੍ਰਚਾਰ ਦੌਰਾਨ ਰਾਜਾ ਵੜਿੰਗ ਨੇ ਲੁਧਿਆਣਾ ਵਿੱਚ ਜਿੱਤ ਦਾ ਭਰੋਸਾ ਪ੍ਰਗਟਾਇਆ

# ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੁਧਿਆਣਾ ਦੇ ਵਿਕਾਸ ਅਤੇ ਕਾਂਗਰਸ ਦੀਆਂ ਕਦਰਾਂ-ਕੀਮਤਾਂ ਦੀ ਵਕਾਲਤ ਕੀਤੀ

**ਲੁਧਿਆਣਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਲੋਕ ਸਭਾ ਸੀਟ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੋਕਾਂ ਦੇ ਦਿਲਾਂ ਦੀ ਆਵਾਜ਼ ਨੂੰ ਦਰਸਾਉਂਦੇ ਹੋਏ ਸ਼ਾਨਦਾਰ ਜਿੱਤ ਦਾ ਭਰੋਸਾ ਪ੍ਰਗਟਾਇਆ ਹੈ। ਦਾਖਾ ਵਿੱਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੇ ਆਪਣੇ ਦਿਲ ਤੇ ਹੱਥ ਰੱਖ ਕੇ ਕਿਹਾ, ÷ਆਪਣੇ ਦਿਲ ਦੀ ਆਵਾਜ਼ ਸੁਣਨ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਜਿੱਤ 'ਤੇ ਪੂਰਾ ਭਰੋਸਾ ਹੈ÷। ਉਨ੍ਹਾਂ ਕਿਹਾ ਕਿ ਕੰਧ 'ਤੇ ਸਾਫ਼ ਲਿਖਿਆ ਹੋਇਆ ਹੈ ਕਿ ਲੋਕਾਂ ਦੇ ਦਿਲਾਂ ਵਿੱਚ ਉਨ੍ਹਾਂ ਲਈ ਪਿਆਰ ਅਤੇ ਸਮਰਥਨ ਹੈ। ਉਨ੍ਹਾਂ ਦੇ ਦਿਲ, ਦਿਮਾਗ ਅਤੇ ਆਤਮਾ ਨੂੰ ਜਿੱਤ ਦਾ ਪੂਰਾ ਭਰੋਸਾ ਹੈ।

ਇਸ ਦੌਰਾਨ ਲੋਕ ਸਭਾ ਹਲਕੇ ਦੇ ਸਿਆਸੀ ਦ੍ਰਿਸ਼ ਦਾ ਹਵਾਲਾ ਦਿੰਦੇ ਹੋਏ, ਵੜਿੰਗ ਨੇ ਆਮ ਆਦਮੀ ਪਾਰਟੀ (ਆਪ) ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦੇ ਉਮੀਦਵਾਰ ਦੀ ਚੋਣ 'ਤੇ ਸ਼ੰਕਾ ਪ੍ਰਗਟਾਈ। ਉਨ੍ਹਾਂ ਨੇ ਪੱਪੀ ਪਰਾਸ਼ਰ ਨੂੰ ਮੈਦਾਨ ਵਿੱਚ ਉਤਾਰਨ ਲਈ 'ਆਪ' ਦੀ ਆਲੋਚਨਾ ਕੀਤੀ ਅਤੇ ਪਿਛਲੀਆਂ ਭੂਮਿਕਾਵਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਘਾਟ ਅਤੇ ਸੰਸਦੀ ਜ਼ਿੰਮੇਵਾਰੀ ਲਈ ਉਨ੍ਹਾਂ ਦੀ ਯੋਗਤਾ 'ਤੇ ਸਵਾਲ ਉਠਾਏ। ਵੜਿੰਗ ਨੇ ਰਾਜਨੀਤੀ ਵਿਚ ਇਮਾਨਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ, ਅਪਮਾਨਜਨਕ ਟਿੱਪਣੀਆਂ ਜਾਂ ਨਿੱਜੀ ਹਮਲਿਆਂ ਤੋਂ ਰਹਿਤ, ਉਸਾਰੂ ਆਲੋਚਨਾ ਅਤੇ ਸਨਮਾਨਜਨਕ ਭਾਸ਼ਣ ਦੀ ਵਕਾਲਤ ਕੀਤੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਭਾਜਪਾ ਅਤੇ 'ਆਪ' ਉਮੀਦਵਾਰਾਂ ਦੀ ਮਿਲੀਭੁਗਤ ਹੈ। ਜਿਸਨੂੰ ਲੈ ਕੇ ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ, ਆਪ ਨੇ ਰਵਨੀਤ ਬਿੱਟੂ ਨੂੰ ਪੱਪੀ ਪਰਾਸ਼ਰ ਦੇ ਰੂਪ 'ਚ ਪੱਪੀ ਦਿੱਤੀ ਹੈ। ਇਸ ਲੜੀ ਹੇਠ, ਲੁਧਿਆਣਾ ਦੀ ਬਿਹਤਰੀ ਲਈ ਵੜਿੰਗ ਦੀ ਵਚਨਬੱਧਤਾ ਉਦੋਂ ਝਲਕਦੀ ਹੈ ਜਦੋਂ ਉਹ ਲੋਕ ਸਭਾ ਹਲਕੇ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਬਿਆਨ ਕਰਦੇ ਹਨ। ਇਸ ਸਿਲਸਿਲੇ ਵਿੱਚ, ਵਿਕਾਸ ਦੇ ਆਪਣੇ ਟਰੈਕ ਰਿਕਾਰਡ ਵੱਲ ਧਿਆਨ ਖਿੱਚਦਿਆਂ, ਉਨ੍ਹਾਂ ਨੇ ਆਪਣੇ ਸਮਰਪਣ ਦੇ ਸਬੂਤ ਵਜੋਂ ਗਿੱਦੜਬਾਹਾ ਦੀ ਕਾਇਆਕਲਪ ਨੂੰ ਉਜਾਗਰ ਕੀਤਾ। ਲੁਧਿਆਣਾ ਦੇ 'ਮੈਨਚੈਸਟਰ ਆਫ਼ ਪੰਜਾਬ' ਵਜੋਂ ਉਸਦੇ ਰੁਤਬੇ ਨੂੰ ਮੁੜ ਹਾਸਲ ਕਰਨ ਦੀ ਇੱਛਾ ਦਾ ਸੰਕੇਤ ਦਿੰਦੇ ਹੋਏ, ਵੜਿੰਗ ਨੇ ਉਦਯੋਗਾਂ ਦੇ ਪ੍ਰਵਾਸ, ਪ੍ਰਦੂਸ਼ਣ, ਮਜ਼ਦੂਰਾਂ ਦੇ ਜੀਵਨ ਪੱਧਰ ਅਤੇ ਅਵਾਰਾ ਪਸ਼ੂਆਂ ਦੀ ਸਮੱਸਿਆ ਵਰਗੇ ਮੁੱਦਿਆਂ ਨੂੰ ਛੋਹਿਆ।



ਹਾਲਾਂਕਿ, ਬਹੁਤ ਸਾਰੀਆਂ ਚੁਣੌਤੀਆਂ ਦੇ ਬਾਵਜੂਦ, ਵੜਿੰਗ ਬਿਨਾਂ ਪਿੱਛੇ ਹਟੇ ਅੱਗੇ ਵਧ ਰਹੇ ਹਨ ਅਤੇ ਲੋਕਾਂ ਦੇ ਸੰਘਰਸ਼ ਵਿੱਚ ਸ਼ਾਮਲ ਹੋਣ ਅਤੇ ਉਨ੍ਹਾਂ ਦੀ ਆਵਾਜ਼ ਬਣਨ ਦੀ ਸਹੁੰ ਖਾਂਦੇ ਹਨ। ਦਾਖਾ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਵੋਟਰਾਂ ਦਾ ਭਰਵਾਂ ਸਹਿਯੋਗ ਮਿਲਿਆ, ਜਿਸ ਨਾਲ ਉਨ੍ਹਾਂ ਦੇ ਲੋਕ ਹਿੱਤਾਂ ਦੀ ਸੇਵਾ ਕਰਨ ਦਾ ਇਰਾਦਾ ਹੋਰ ਵੀ ਮਜ਼ਬੂਤ ਹੋਇਆ।

ਪੰਜਾਬ ਦੇ ਸਿਆਸੀ ਦ੍ਰਿਸ਼ ਨੂੰ ਬਿਆਨ ਕਰਦੇ ਹੋਏ ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਵਿਰੋਧੀਆਂ ਦੀ ਹਾਰ ਹੋ ਰਹੀ ਹੈ ਅਤੇ ਨਾ ਤਾਂ ਰਵਨੀਤ ਸਿੰਘ ਬਿੱਟੂ ਅਤੇ ਨਾ ਹੀ ਹਰਸਿਮਰਤ ਕੌਰ ਬਾਦਲ ਆਪਣੀਆਂ ਲੋਕ ਸਭਾ ਸੀਟਾਂ ਜਿੱਤ ਸਕਣਗੇ।

ਇਸੇ ਤਰ੍ਹਾਂ ਉਨ੍ਹਾਂ ਅਰਾਜਕਤਾ, ਨਸ਼ਿਆਂ ਦੀ ਸਮੱਸਿਆ ਅਤੇ ਆਰਥਿਕ ਮੰਦੀ ਰਾਹੀਂ ਪੰਜਾਬ ਨੂੰ ਹਨੇਰੇ ਵਿੱਚ ਧੱਕਣ ਲਈ ਅਕਾਲੀ ਦਲ ਦੀ ਸਖ਼ਤ ਆਲੋਚਨਾ ਕੀਤੀ। ਇਸ ਤੋਂ ਇਲਾਵਾ, ਵੜਿੰਗ ਨੇ ਉਨ੍ਹਾਂ 'ਤੇ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ। ਜਿਨ੍ਹਾਂ ਨੇ ਕਿਸਾਨਾਂ ਦੇ ਜ਼ੋਰਦਾਰ ਵਿਰੋਧ ਤੋਂ ਬਾਅਦ ਉਨ੍ਹਾਂ ਨੇ ਭਾਜਪਾ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਸੀ।

ਕਾਂਗਰਸ ਦੀ ਸ਼ਮੂਲੀਅਤ ਵਾਲੀ ਸਿਆਸਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਦੇ ਅਹਿਮ ਯੋਗਦਾਨ ਨੂੰ ਕੌਮੀ ਮੰਚ 'ਤੇ ਪੇਸ਼ ਕਰਨ ਵਿੱਚ ਕਾਂਗਰਸ ਨੇ ਅਹਿਮ ਭੂਮਿਕਾ ਨਿਭਾਈ ਹੈ। ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ, ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਰਗੀਆਂ ਪ੍ਰਸਿੱਧ ਸ਼ਖਸੀਅਤਾਂ ਇਸ ਘੱਟ-ਗਿਣਤੀ ਭਾਈਚਾਰੇ ਵਿੱਚ ਅਥਾਹ ਸੰਭਾਵਨਾਵਾਂ ਪੇਸ਼ ਕਰਨ ਵਾਲੇ ਮਜ਼ਬੂਤ ਨੇਤਾਵਾਂ ਵਜੋਂ ਉਭਰੇ ਹਨ। ਉਨ੍ਹਾਂ ਦੀ ਕਮਾਲ ਦੀ ਤਰੱਕੀ ਭਾਰਤੀ ਰਾਜਨੀਤੀ ਦੀ ਸ਼ਮੂਲੀਅਤ ਅਤੇ ਵਿਭਿੰਨਤਾ ਨੂੰ ਰੇਖਾਂਕਿਤ ਕਰਦੀ ਹੈ।

ਜਿਵੇਂ-ਜਿਵੇਂ ਚੋਣ ਮੁਹਿੰਮ ਤੇਜ਼ ਹੁੰਦੀ ਜਾ ਰਹੀ ਹੈ, ਵੜਿੰਗ ਪੰਜਾਬ ਅਤੇ ਖਾਸ ਕਰਕੇ ਲੁਧਿਆਣਾ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਆਪਣੀ ਵਚਨਬੱਧਤਾ ਵਿੱਚ ਅਡੋਲ ਬਣੇ ਹੋਏ ਹਨ। ਇਸ ਸਿਲਸਿਲੇ ਵਿੱਚ, ਅਡੋਲ ਦ੍ਰਿੜ੍ਹ ਇਰਾਦੇ ਅਤੇ ਲੋਕਾਂ ਦੀਆਂ ਉਮੀਦਾਂ ਪ੍ਰਤੀ ਸਮਰਪਿਤ ਦਿਲ ਨਾਲ, ਉਹ ਵਿਕਾਸ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਕਰਨ ਲਈ ਅੱਗੇ ਵਧ ਰਹੇ ਹਨ।

# ਭਾਜਪਾ ਦੇ ਜੁਮਲਿਆਂ ਤੋਂ ਹੱਟ ਕੇ ਕਾਂਗਰਸ ਦੀ ਸੋਚ ਲੋਕ ਭਲਾਈ 'ਤੇ ਕੇਂਦਰਿਤ: ਮਨੀਸ਼ ਤਿਵਾੜੀ

## ਤੀਜੇ ਪੜਾਅ ਦੀ ਵੋਟਿੰਗ 'ਚ ਭਾਜਪਾ ਦਾ ਸੁਪੜਾ ਸਾਫ ਹੋਇਆ



**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸੀਨੀਅਰ ਆਗੂ ਅਤੇ ਚੰਡੀਗੜ੍ਹ ਸੰਸਦੀ ਹਲਕੇ ਤੋਂ ਇੰਡੀਆ ਗਠਜੋੜ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਭਾਜਪਾ ਦੇ ਨਾਅਰਿਆਂ ਦੇ ਉਲਟ ਕਾਂਗਰਸ ਦੀ ਸੋਚ ਲੋਕ ਭਲਾਈ 'ਤੇ ਕੇਂਦਰਿਤ ਹੈ, ਜਿਸ ਨਾਲ ਨੌਜਵਾਨਾਂ, ਔਰਤਾਂ, ਮਜ਼ਦੂਰਾਂ ਅਤੇ ਕਿਸਾਨਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਫਾਇਦਾ ਹੋਵੇਗਾ।

ਸਾਬਕਾ ਕੇਂਦਰੀ ਮੰਤਰੀ ਨੇ ਇਹ ਵੀ ਕਿਹਾ ਕਿ ਤੀਜੇ ਪੜਾਅ ਦੀ ਵੋਟਿੰਗ ਪੂਰੀ ਹੋਣ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਦਾ ਸਫਾਇਆ ਹੋ ਗਿਆ ਹੈ ਅਤੇ ਇਸਦਾ ਰਸਮੀ ਐਲਾਨ 4 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਕੀਤਾ ਜਾਵੇਗਾ।

ਇਸ ਦੌਰਾਨ ਸੈਕਟਰ 35 ਵਿੱਚ ਪੈਦਲ ਯਾਤਰਾ ਦੌਰਾਨ ਇਲਾਕਾ ਨਿਵਾਸੀਆਂ, ਵਪਾਰੀਆਂ, ਦੁਕਾਨਦਾਰਾਂ, ਸਰਕਾਰੀ ਅਤੇ ਪ੍ਰਾਈਵੇਟ ਮੁਲਾਜ਼ਮਾਂ ਨਾਲ ਗੱਲਬਾਤ ਕਰਦਿਆਂ, ਤਿਵਾੜੀ ਨੇ ਕਾਂਗਰਸ ਵੱਲੋਂ ਦੇਸ਼ ਦੇ ਲੋਕਾਂ ਨਾਲ ਕੀਤੇ ਗਏ ਕੁਝ ਵਾਅਦਿਆਂ ਜਿਨਾਂ ਚ ਵਿਸ਼ੇਸ਼ ਤੌਰ ਤੇ ਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਅਤੇ ਗਰੀਬ ਪਰਿਵਾਰਾਂ ਨੂੰ ਨਿਯਮਿਤ ਮਹੀਨਾਂ ਬਾਅਦ ਆਰਥਿਕ ਸਹਾਇਤਾ ਦੇ ਨਾਲ ਨਾਲ ਸੰਬੰਧਿਤ ਵਾਇਦੇ ਸ਼ਾਮਿਲ ਹਨ। ਇਸ ਪੈਦਲ ਯਾਤਰਾ ਦਾ ਆਯੋਜਨ ਕੌਂਸਲਰ ਪ੍ਰੇਮ ਲਤਾ ਅਤੇ ਏ.ਐਸ. ਗੁਜਰਾਲ ਨੇ ਕੀਤਾ ਸੀ। ਜਿਸ ਦੌਰਾਨ ਤਿਵਾੜੀ ਸਮੇਤ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ. ਲੱਕੀ, ਕੌਂਸਲਰ ਦਮਨਪ੍ਰੀਤ ਸਿੰਘ ਤੇ ਜਸਵੀਰ ਸਿੰਘ ਬੰਟੀ, ਰਵਿੰਦਰ ਕੌਰ ਗੁਜਰਾਲ ਤੇ ਹੋਰ ਹਾਜ਼ਰ ਸਨ।

ਉਨ੍ਹਾਂ ਖੁਲਾਸਾ ਕੀਤਾ ਕਿ ਇਸ ਸਮੇਂ ਦੇਸ਼ ਵਿੱਚ ਬੇਰੁਜ਼ਗਾਰੀ ਪਿਛਲੇ 45 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਹੈ। ਉਨ੍ਹਾਂ ਕਿਹਾ ਕਿ ਪਹਿਲੀ ਨੌਕਰੀ ਪੱਕੀ ਸਕੀਮ ਤਹਿਤ ਦੇਸ਼ ਭਰ ਵਿੱਚ ਹਰੇਕ ਨਵੇਂ ਗ੍ਰੈਜੂਏਟ ਅਤੇ ਡਿਪਲੋਮਾ ਹੋਲਡਰ ਨੂੰ 1 ਲੱਖ ਰੁਪਏ ਦੀ ਗਰੰਟੀਸ਼ੁਦਾ ਆਮਦਨ ਦੇ ਨਾਲ ਇੱਕ ਸਾਲ ਦੀ ਅਪ੍ਰੈਂਟਿਸ਼ਿਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੇ 70 ਕਰੋੜ ਬੇਰੁਜ਼ਗਾਰਾਂ ਲਈ ਅਜਿਹੇ ਕ੍ਰਾਂਤੀਕਾਰੀ ਕਦਮ ਹੀ ਸਹਾਈ ਹੋ ਸਕਦੇ ਹਨ ਅਤੇ ਇਹ ਕੰਮ ਕਾਂਗਰਸ ਅਤੇ ਭਾਰਤ ਮਿਲ ਕੇ ਹੀ ਕਰ ਸਕਦੇ ਹਨ।

ਇੰਡੀਆ ਅਲਾਇੰਸ ਦੇ ਉਮੀਦਵਾਰ ਨੇ ਕਿਹਾ ਕਿ ਦੇਸ਼ ਭਰ ਦੇ ਹਰ ਗਰੀਬ ਪਰਿਵਾਰ ਨੂੰ 8500 ਰੁਪਏ ਪ੍ਰਤੀ ਮਹੀਨਾ ਮਿਲਣਗੇ। ਇਹ ਰਕਮ ਬਜ਼ੁਰਗ ਮਹਿਲਾ ਮੈਂਬਰ ਦੇ ਬੈਂਕ ਖਾਤੇ ਵਿੱਚ ਸਿੱਧੀ ਜਮ੍ਹਾਂ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਅਜਿਹੇ ਉਪਾਅ ਹੀ ਲੋਕਾਂ ਨੂੰ ਰਾਹਤ ਦੇਣ ਵਿੱਚ ਸਹਾਈ ਹੋ ਸਕਦੇ ਹਨ, ਜਿਨ੍ਹਾਂ ਦਾ ਲਾਭ ਟੀਚਾ-ਮੁਖੀ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਲੋਕਾਂ ਨੇ ਸਿਰਫ਼ ਲੱਕ ਤੋੜਵੀਂ ਮਹਿੰਗਾਈ ਅਤੇ ਵਿਆਪਕ ਬੇਰੁਜ਼ਗਾਰੀ ਹੀ ਦੇਖੀ ਹੈ ਅਤੇ ਭਾਜਪਾ ਕੋਲ ਲੋਕਾਂ ਦੇ ਦੁੱਖਾਂ ਨੂੰ ਘੱਟ ਕਰਨ ਲਈ 'ਜੁਮਲੇ ਤੋਂ ਬਾਅਦ ਜੁਮਲੇ' ਤੋਂ ਸਿਵਾਏ ਕੁਝ ਵੀ ਨਹੀਂ ਹੈ।

## ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ ਪੁੱਜੀ ਕਣਕ ਦੀ ਹੋਈ 100 ਫੀਸਦੀ ਖਰੀਦ : ਹਰਚੰਦ ਸਿੰਘ ਬਰਸਟ

**ਮੁਹਾਲੀ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾੜੀ ਸੀਜਨ 2024-25 ਦੌਰਾਨ ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ ਪੁੱਜੀ ਕਣਕ ਦੀ ਲਗਭਗ ਸੌ ਫੀਸਦੀ ਖਰੀਦ ਹੋ ਚੁੱਕੀ ਹੈ ਅਤੇ ਅਗਾਹਾਂ ਵੀ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ ਨੂੰ ਤੁਰੰਤ ਨੇਪਰੇ ਚਾੜ੍ਹਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਮੰਡੀਆਂ ਵਿੱਚ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਮਗਰੋ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਹੁਣ ਤੱਕ 123.81 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 123.26 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾੜੀ ਸੀਜ਼ਨ 2024-25 ਦੌਰਾਨ 30,077 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਵਿੱਚੋਂ ਹੁਣ ਤੱਕ ਕਿਸਾਨਾਂ ਨੂੰ 25387.8 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਸੁਵਿਧਾਵਾਂ ਨੂੰ ਮੁੱਖ ਰੱਖਦੇ ਹੋਏ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਨੇਪੜੇ ਚੜਨ ਦੇ ਲਈ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਇਸੇ ਦਾ ਨਤੀਜਾ ਹੈ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜ ਨੂੰ ਬਿਨਾਂ ਕਿਸੇ ਸਮੱਸਿਆ ਤੋਂ ਪੂਰਾ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਉਹਨਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਮੰਡੀਆਂ ਵਿੱਚ ਚੈਕਿੰਗਾਂ ਵੀ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਹਰ ਵੇਲੇ ਖੜੀ ਹੈ ਅਤੇ ਉਹਨਾਂ ਦੀ ਬਿਹਤਰੀ ਅਤੇ ਚੰਗੇ ਭਵਿੱਖ ਦੇ ਲਈ ਵਚਨਬਧ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਤੇ ਮਾਰਕਿਟ ਕਮੇਟੀਆਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਦਿਨ-ਰਾਤ ਜੀ-ਜਾਨ ਲਗਾ ਕੇ ਪੂਰੀ ਤਨਦੇਹੀ ਨਾਲ ਕੰਮ ਕੀਤੇ ਗਏ ਹਨ, ਤਾਂ ਹੀ ਇਨ੍ਹਾਂ ਵੱਡਾ ਕੰਮ ਬਹੁਤ ਹੀ ਥੋੜੇ ਸਮੇਂ ਵਿੱਚ ਨਿਰਵਿਘਨ ਨੇਪਰੇ ਚੜ ਸਕਿਆ ਹੈ, ਜਿਸ ਨਾਲ ਕਿਸਾਨਾਂ, ਮਜਦੂਰਾਂ ਅਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਸਹੂਲਤਾਂ ਦਿੱਤੀਆ ਜਾ ਸਕਿਆ ਅਤੇ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮੇਂ ਜਿਵੇਂ ਪਨਸਪ, ਮਾਰਫੈਡ, ਪਨਗ੍ਰੇਨ, ਵੇਅਰ ਹਾਊਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵੀ ਇਸ ਕੰਮ ਨੂੰ ਨੇਪਰੇ ਚਾੜਣ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ। ਜਿਸਦੇ ਲਈ ਇਹ ਸਭ ਧੰਨਵਾਦ ਦੇ ਪਾਤਰ ਹਨ। ਚੇਅਰਮੈਨ ਨੇ ਕਿਹਾ ਕਿ ਸਭ ਤੋਂ ਵੱਡਾ ਧੰਨਵਾਦ ਉਸ ਪ੍ਰਮਾਤਮਾ ਦਾ ਹੈ, ਜਿਸ ਵੱਲੋਂ ਮਾੜੀਆਂ-ਮੋਟਿਆ ਔਕੜਾ ਤੋਂ ਇਲਾਵਾ ਓਵਰਆਲ ਚੰਗਾ ਮੌਸਮ ਪ੍ਰਦਾਨ ਕੀਤਾ ਗਿਆ। ਸ. ਬਰਸਟ ਨੇ ਅੱਗੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀਆਂ 1907 ਪੱਕੀਆਂ ਮੰਡੀਆਂ ਅਤੇ 826 ਆਰਜੀ ਖਰੀਦ ਕੇਂਦਰਾਂ ਵਿੱਚ ਹੁਣ ਤੱਕ 123.81 ਲੱਖ ਮੀਟ੍ਰਿਕ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 123.26 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ 116.46 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਅਤੇ 6.80 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚੋਂ 74.17 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ। ਬੀਤੇ ਦਿਨੀਂ ਮੰਡੀਆਂ ਵਿੱਚ 1.80 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਦਕਿ 1.98 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਪੰਜਾਬ ਵਿੱਚ ਹੁਣ ਤੱਕ ਸੰਗਰੂਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਕਣਕ ਦੀ ਆਮਦ ਅਤੇ ਖਰੀਦ ਹੋਈ ਹੈ। ਇੱਥੇ 1198029 ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਅਤੇ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ, ਜਦਕਿ ਦੂਜੇ ਨੰਬਰ ਪਟਿਆਲਾ ਵਿੱਚ 925382 ਮੀਟ੍ਰਿਕ ਟਨ ਅਤੇ ਤੀਜੇ ਨੰਬਰ ਤੇ ਫਿਰੋਜ਼ਪੁਰ ਵਿੱਚ 847242 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।

# ਠਾਠਾਂ ਮਾਰਦੇ ਇਕੱਠ 'ਚ ਡਾ: ਗਾਂਧੀ ਵੱਲੋਂ ਡੇਰਾਬੱਸੀ ਵਿਖੇ ਚੋਣ ਦਫ਼ਤਰ ਦਾ ਉਦਘਾਟਨ

## ਮੋਦੀ ਸਰਕਾਰ ਨਾਲ ਸਿਰਫ਼ ਕਾਂਗਰਸ ਹੀ ਟੱਕਰ ਲੈ ਸਕਦੀ ਹੈ : ਡਾ: ਗਾਂਧੀ



**ਡੇਰਾ ਬਸੀ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਡੇਰਾਬੱਸੀ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਠਾਠਾਂ ਮਾਰਦੇ ਇਕੱਠ ਦੀ ਹਾਜ਼ਰੀ ਵਿੱਚ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ।

ਇਸ ਮੌਕੇ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ: ਗਾਂਧੀ ਨੇ ਕਿਹਾ ਕਿ ਉਹ ਜਿੱਥੇ ਵੀ ਜਾ ਰਹੇ ਹਨ, ਲੋਕਾਂ ਦਾ ਉਤਸ਼ਾਹ ਅਤੇ ਜੋਸ਼ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਲੋਕ ਕਾਂਗਰਸ ਦੇ ਹੱਕ ਵਿੱਚ ਵੱਡਾ ਫ਼ਤਵਾ ਦੇਣ ਲਈ ਤਿਆਰ ਬੈਠੇ ਹਨ ਕਿਉਂਕਿ ਲੋਕਾਂ ਨੂੰ ਸਮਝ ਆ ਗਈ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਦਾ ਮੁਕਾਬਲਾ ਸਿਰਫ਼ ਕਾਂਗਰਸ ਪਾਰਟੀ ਹੀ ਕਰ ਸਕਦੀ ਹੈ। ਇਸ ਲਈ ਆਪ ਜਾਂ ਹੋਰਨਾਂ ਨੂੰ ਵੋਟ ਪਾ ਕੇ ਵੋਟ ਖ਼ਰਾਬ ਕਰਨ ਦਾ ਕੋਈ ਮਤਲਬ ਨਹੀਂ ਬਚਦਾ। ਉਹਨਾਂ ਕਿਹਾ ਕਿ ਉਹਨਾਂ ਨੂੰ ਰੋਜ਼ਾਨਾ ਵੱਡੀ ਗਿਣਤੀ ਵਿੱਚ ਅਜਿਹੇ ਵਰਕਰ ਵੀ ਮਿਲਦੇ ਹਨ ਜੋ ਆਖਦੇ ਹਨ ਕਿ ਓਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਵਾਰ ਪੰਜੇ ਦੇ ਨਿਸ਼ਾਨ 'ਤੇ ਵੋਟ ਪਾਉਣਗੇ।

ਡਾ: ਗਾਂਧੀ ਨੇ ਵਿਸ਼ੇਸ਼ ਜ਼ੋਰ ਦੇ ਕੇ ਆਖਿਆ ਕਿ ਅਸੀਂ ਲੋਕਾਂ ਨੂੰ ਧਰਮਾਂ - ਜਾਤਾਂ ਦੇ ਨਾਂਅ ਹੇਠ ਵੰਡਣ ਨਹੀਂ ਸਗੋਂ ਜੋੜਨ ਆਏ ਹਾਂ। ਅਸੀਂ ਭਾਈਚਾਰਕ ਏਕਤਾ ਬੁਲੰਦ ਰੱਖਣੀ ਹੈ ਅਤੇ ਸੰਵਿਧਾਨ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਨੂੰ ਰੋਕਣਾ ਹੈ।

ਦੀਪਇੰਦਰ ਸਿੰਘ ਢਿੱਲੋਂ ਹੁਰਾਂ ਵੱਲੋਂ ਵਿਸ਼ਵਾਸ ਦੁਆਇਆ ਗਿਆ ਕਿ ਡੇਰਾਬੱਸੀ ਵਿਧਾਨ ਸਭਾ ਹਲਕੇ ਤੋਂ ਡਾਕਟਰ ਧਰਮਵੀਰ ਗਾਂਧੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਭੇਜਿਆ ਜਾਵੇਗਾ ਅਤੇ ਪਟਿਆਲਾ ਲੋਕ ਸਭਾ ਦੀ ਜਿੱਤ ਵਿੱਚ ਡੇਰਾਬੱਸੀ ਦੀ ਵੱਡੀ ਭੂਮਿਕਾ ਰਹੇਗੀ।

ਇਸ ਮੌਕੇ ਉਦੈਵੀਰ ਸਿੰਘ ਢਿੱਲੋਂ ਪ੍ਰਧਾਨ ਨਗਰ ਕੌਂਸਲ ਜ਼ੀਰਕਪੁਰ, ਦੀਪਕ ਲਾਂਬਾ ਆਗੂ ਭਾਰਤ ਜੋੜੋ ਅਭਿਆਨ, ਜਸਪ੍ਰੀਤ ਸਿੰਘ ਲੱਕੀ ਕੌਂਸਲਰ ਡੇਰਾਬੱਸੀ, ਹਰਸ ਰਿਸ਼ੀ ਬਲਾਕ ਪ੍ਰਧਾਨ ਜ਼ੀਰਕਪੁਰ, ਕਰਨੈਲ ਸਿੰਘ ਦਿਹਾਤੀ ਪ੍ਰਧਾਨ ਹੰਡੇਸਰਾ, ਹਨੀ ਪੰਡਤ ਪ੍ਰਧਾਨ ਯੂਥ ਕਾਂਗਰਸ, ਬੰਟੀ ਰਾਣਾ ਕੌਂਸਲਰ ਮੁਬਾਰਕਪੁਰ, ਮਾਸਟਰ ਮੋਹਨ ਰਾਣਾ ਲਾਲੜੂ, ਸਿਓਪਾਲ ਰਾਣਾ ਲਾਲੜੂ, ਸੁਰਿੰਦਰ ਸਿੰਘ ਚੇਅਰਮੈਨ ਬਲਾਕ ਸੰਮਤੀ ਡੇਰਾਬੱਸੀ, ਚਮਨ ਕੌਂਸਲਰ ਡੇਰਾਬੱਸੀ ਤੋਂ ਇਲਾਵਾ ਸਮੂਹ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਪੰਚ, ਸਰਪੰਚ, ਐੱਮ.ਸੀ., ਪਾਰਟੀ ਅਹਦੇਦਾਰ, ਵਰਕਰ, ਪਤਵੰਤੇ ਸੱਜਣ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਵਿਖੇ 2024 ਦੀਆਂ ਪਾਰਲੀਮੈਂਟ ਚੋਣਾਂ ਬਾਰੇ ਕਰਵਾਇਆ ਵਿਸ਼ੇਸ਼ ਭਾਸ਼ਣ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੁੱਜੇ ਪ੍ਰੋ. ਜਗਰੂਪ ਸਿੰਘ ਸੇਖੋਂ ਨੇ ਦਿੱਤਾ ਭਾਸ਼ਣ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ '2024 ਦੀਆਂ ਪਾਰਲੀਮੈਂਟ ਚੋਣਾਂ: ਮਸਲੇ ਅਤੇ ਸਰੋਕਾਰ' ਵਿਸ਼ੇ ਉੱਤੇ ਭਾਸ਼ਣ ਕਰਵਾਇਆ ਗਿਆ। ਇਹ ਭਾਸ਼ਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਤੋਂ ਪੁੱਜੇ ਪ੍ਰੋ. ਜਗਰੂਪ ਸਿੰਘ ਸੇਖੋਂ ਨੇ ਦਿੱਤਾ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਵਿਚਾਰਧਾਰਾ ਕਿਸੇ ਵੀ ਰਾਜਨੀਤੀ ਦੀ ਰੂਹ ਹੁੰਦੀ ਹੈ ਜੋ ਸਾਡੇ ਅਜੋਕੇ ਦੌਰ ਦੀ ਰਾਜਨੀਤੀ ਵਿੱਚੋਂ ਗੁਆਚਦੀ ਜਾ ਰਹੀ ਹੈ। ਅੱਜ ਦੀ ਰਾਜਨੀਤੀ ਪਾਰਟੀ ਜਾਂ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਦੀ ਬਜਾਇ ਸ਼ਖ਼ਸੀਅਤਾਂ ਨੂੰ ਮਜ਼ਬੂਤ ਕਰਨ ਵੱਲ ਰੁਚਿਤ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਪਣੇ ਦੇਸ ਦੀਆਂ ਅਮੀਰ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਬਚਾਉਣ ਲਈ ਆਪੋ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਰਾਜਨੀਤੀ ਵਿੱਚ ਆਏ ਨਿਘਾਰ ਕਾਰਨ ਆਮ ਲੋਕਾਂ ਦਾ ਲੋਕਤੰਤਰੀ ਸੰਸਥਾਵਾਂ ਵਿੱਚੋਂ ਵਿਸ਼ਵਾਸ਼ ਉੱਠ ਰਿਹਾ ਹੈ। ਰਾਜਨੀਤੀ ਵਿੱਚ ਆਮ ਲੋਕਾਂ ਦੀ ਦਿਲਚਸਪੀ ਘਟ ਰਹੀ ਹੈ। ਸਾਖਰਤਾ ਦਰ ਵਿੱਚ ਵਾਧਾ ਹੋਣ ਦੇ ਬਾਵਜੂਦ ਵੋਟ ਭੁਗਤਾਨ ਦੀ ਦਰ ਵਿੱਚ ਕਟੌਤੀ ਹੋਣਾ ਇਸ ਗੱਲ ਦਾ ਹੀ ਸੰਕੇਤ ਹੈ। ਉਨ੍ਹਾਂ ਸ਼ਕਤੀਆਂ ਦੇ ਵਿਕੇਂਦਰੀਕਰਣ ਵਾਲੇ ਵਿਚਾਰ ਦੀ ਵਕਾਲਤ ਕਰਦਿਆਂ ਕਿਹਾ ਕਿ ਸੱਤਾ ਅਤੇ ਸ਼ਕਤੀ ਜਿੰਨੇ ਵੱਧ ਥਾਵਾਂ ਉੱਤੇ ਵੰਡੀ ਹੋਵੇਗੀ, ਸਿਸਟਮ ਓਨਾ ਹੀ ਬਿਹਤਰ ਹੋਵੇਗਾ। ਇੱਕ ਹੋਰ ਅਹਿਮ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਸਾਡਾ ਦੇਸ ਜੋ ਬਹੁਤ ਸਾਰੇ ਅਧਾਰਾਂ ਉੱਤੇ ਵੱਖਰਤਾਵਾਂ ਅਤੇ ਵੰਨ-ਸੁਵੰਨਤਾਵਾਂ ਨਾਲ ਭਰਿਆ ਹੋਇਆ ਹੈ, ਇਸ ਅਨੇਕਤਾ ਨੂੰ ਏਕਤਾ ਵਿੱਚ ਪਰੋਣ ਲਈ ਮਜ਼ਬੂਤ, ਬਿਹਤਰ ਅਤੇ ਸਕਾਰਾਤਮਕ ਰਾਜਨੀਤੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਸਲੇ ਹੱਲ ਕਰ ਕੇ ਹੀ ਲੋਕਾਂ ਵਿਚਲੀ ਬੇਗਾਨਗੀ ਦੀ ਭਾਵਨਾ ਨੂੰ ਦੂਰ ਕੀਤਾ ਜਾ ਸਕਦਾ ਹੈ।



ਵਿਭਾਗ ਮੁਖੀ ਡਾ. ਪਰਮਜੀਤ ਕੌਰ ਗਿੱਲ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਮੌਜੂਦਾ ਦੌਰ ਦੇ ਰਾਜਨੀਤਿਕ ਰੁਝਾਨਾਂ ਦੇ ਹਵਾਲੇ ਨਾਲ਼ ਗੱਲ ਕਰਦਿਆਂ ਭਾਰਤੀ ਰਾਜਨੀਤੀ ਬਾਰੇ ਆਪਣੀਆਂ ਅਹਿਮ ਟਿੱਪਣੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦੇ ਚੋਣ ਪ੍ਰਚਾਰ ਵਿੱਚ ਆਮ ਜਨਤਾ ਦੇ ਮੁੱਦੇ ਗਾਇਬ ਹਨ।

ਭਾਸ਼ਣ ਉਪਰੰਤ ਵਿਦਿਆਰਥੀਆਂ ਵੱਲੋਂ ਸਵਾਲ ਪੁੱਛ ਕੇ ਸੰਵਾਦ ਰਚਾਇਆ ਗਿਆ। ਅੰਤ ਉੱਤੇ ਵਿਭਾਗ ਵੱਲੋਂ ਪ੍ਰੋ. ਜਗਰੂਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਗੁਰਜੀਤ ਪਾਲ ਸਿੰਘ, ਡਾ. ਪੂਜਾ ਸ਼ਰਮਾ, ਡਾ. ਰਾਕੇਸ਼ ਕੁਮਾਰ ਖੁਰਾਣਾ, ਡਾ. ਹਰਸੰਗੀਤਪਾਲ ਕੌਰ ਆਦਿ ਹਾਜ਼ਰ ਰਹੇ।

# ਸ.ਮਿ.ਸ.ਮੈਣ ਦੇ 10 ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਹਾਸਲ ਕੀਤੇ 100 ਵਿਚੋਂ 100 ਅੰਕ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਦੀ ਬੋਰਡ ਪ੍ਰੀਖਿਆ-2024 ਦਾ ਨਤੀਜਾ ਐਲਾਨਿਆ ਗਿਆ।ਸਰਕਾਰੀ ਮਿਡਲ ਸਕੂਲ ਮੈਣ (ਪਟਿਆਲਾ) ਦੀ ਅੱਠਵੀਂ ਦੀ ਬੋਰਡ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੇ 28 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ ਅਤੇ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ।ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਇਸ ਸਕੂਲ ਦਾ ਕੰਪਿਊਟਰ ਸਾਇੰਸ ਵਿਸ਼ੇ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਕੰਪਿਊਟਰ ਸਾਇੰਸ ਵਿਸ਼ੇ ਵਿੱਚ ਸਭ ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ।ਸਰਕਾਰੀ ਮਿਡਲ ਸਕੂਲ ਮੈਣ (ਪਟਿਆਲਾ) ਦੀ ਕਮਲ ਕੌਰ, ਅਨੂਪ੍ਰੀਤ ਕੌਰ, ਰਜਨੀ ਯਾਦਵ, ਅਨੀਤਾ ਰਾਣੀ, ਨਿਸ਼ਾ ਕੁਮਾਰੀ, ਸੰਜੂ, ਚਾਂਦਨੀ, ਕੁਲਵੀਰ ਕੌਰ, ਦੀਪਿਕਾ ਅਤੇ ਸੰਦੀਪ ਕੁਮਾਰ ਤਿਵਾੜੀ ਨੇ ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ।



ਸ੍ਰੀਮਤੀ ਮੋਨਿਕਾ ਅਰੋੜਾ (ਸਕੂਲ ਇੰਚਾਰਜ) ਨੇ ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ) ਅਤੇ ਸਮੂਹ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿਤੀ।

# ਗੁਰਜੀਤ ਔਜਲਾ ਨੂੰ ਭਾਰੀ ਬਹੁਮਤ ਨਾਲ ਜਿੱਤਣਗੇ : ਦੱਤੀ

**ਅੰਮ੍ਰਿਤਸਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਅੰਮ੍ਰਿਤਸਰ ਤੋ ਲੋਕ ਸਭਾ ਚੋਣ ਦੇ ਸੰਬੰਧ ਵਿਚ ਸਬਕਾ ਵਿਧਾਇਕ ਸ਼੍ਰੀ ਸੁਨੀਲ ਦੱਤੀ ਦੀ ਯੋਗ ਅਗਵਾਈ ਅਤੇ ਕੋਸਲਰ ਸ਼੍ਰੀ ਨਰਿੰਦਰ ਤੁੰਗ ਦੇ ਸੁਚਜੇ ਪ੍ਰਬੰਧਕਾ ਹੇਠ ਲੋਕ ਸਭਾ ਹਲਕਾ ਉਤਰੀ ਤੁੰਗ ਵਾਰਡ 14 ਵਿਖੇ ਇਕ ਮੀਟਿੰਗ ਕਰਵਾਈ ਜੋ ਕਿ ਇਕ ਵਿਸ਼ਾਲ ਚੋਣ ਰੈਲੀ ਦਾ ਰੂਪ ਧਾਰਨ ਕਰ ਗਈ। ਰੈਲੀ ਸਮੇ ਇਕਤਰ ਇਕ ਵੱਡੇ ਇਕੱਠ ਨੂ ਸੰਬੋਧਨ ਕਰਦਿਆ ਸੁਨੀਲ ਦਿਤੀ ਅਤੇ ਸ਼੍ਰੀ ਨਰਿੰਦਰ ਤੁੰਗ ਨੇ ਕਿਹਾ ਕਿ ਸਾਨੂ ਆਪਣੇ ਇਲਾਕੇ ਦੇ ਵੋਟਰਾ ਤੇ ਭਰੋਸਾ ਹੈ,ਜਿਸ ਦੇ ਯਕੀਨ ਸਦਕਾ ਅਸੀ ਇਹ ਗਲ ਬੜੇ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀ ਹਲਕਾ ਉਤਰੀ ਤੋ ਗੁਰਜੀਤ ਔਜਲਾ ਨੂੰ ਭਾਰੀ ਬਹੁਮਤ ਨਾਲ ਜੀਤਾਵਾਗੇ। ਇਸ ਮੋਕੇ ਸ਼੍ਰੀ ਗੁਰਜੀਤ ਔਜਲਾ ਨੇ ਕਿਹਾ ਕਿ ਇਸ ਵਾਰੀ ਕੇਂਦਰ ਵਿਚ ਕੋਗਰਸ ਦੀ ਸਰਕਾਰ ਬਣ ਰਹੀ ਹੈ ਕਾਂਗਰੇਸ ਸਰਕਾਰ ਬਣਨ ਤੇ ਉਹ ਹਲਕੇ ਦੇ ਕੰਮ ਪਹਿਲਾ ਨਾਲੋ ਜਿਆਦਾ ਅਤੇ ਪਹਿਲਾ ਦੇ ਅਧਾਰ ਤੇ ਕਰਾ ਸਕਣਗੇਂ । ਉਹਨਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾ ਨੂ ਭਜਾ ਦੇਂਣ ਲਈ ਕੇਂਦਰ ਵਿਚ ਕਾਗਰਸ ਦੀ ਸਰਕਾਰ ਬਣਾਉ ।

ਇਸ ਮੋਕੇ ਸੋਨੂ ਦੱਤੀ, ਬੱਬਲ ਪ੍ਰਧਾਨ, ਟਿੰਮਾ ਪ੍ਰਧਾਨ ਸ਼ਬੋ ਪ੍ਰਧਾਨ, ਦਲਬੀਰ ਚੰਦ, ਰਮਾ ਪ੍ਰਧਾਨ ਮਹਿਲਾ ਵਿੰਗ, ਗੁਲਾਮ ਮਸੀਹ, ਪ੍ਰਦੀਪ ਸ਼ਰਮਾ, ਰਾਮ ਸ਼ਰਨ ਗੰਡਾ ਸਿੰਘ ਵਾਲਾ, ਡਾ. ਗੁਰਮੀਤ ਸਿੰਘ ਗਿਲ, ਸਿਮਰਨਜੀਤ ਸਿੰਘ ਰਾਣਾ, ਸੋਨੂ ਸੀਟ ਕਵਰ ਵਾਲੇ, ਮੋਹਨ ਲਾਲ ਭਗਤ, ਬੱਬਲ ਮਾਕੋਵਾਲੀ, ਰਾਜੂ ਇੰਦਰਾ ਕਲੋਨੀ, ਸੰਜੇ ਭਵਾਨੀ, ਪ੍ਰਭਜੋਤ ਪੱਪੀ, ਮੇਲਾ ਸਿਘ, ਬਲਰਾਮ ਸਿੰਘ ਗਿਲ, ਸੰਤੋਖ ਸਿੰਘ ਭਗਤ ਪੰਜਾਬ ਪੁਲਿਸ, ਟੀਨੂੰ ਪ੍ਰਧਾਨ, ਇੰਦਰਜੀਤ ਸਿੰਧ ਜੋਗਾ, ਸਤਬੀਰ ਸਿੰਧ ਹੈਪੀ, ਹਨੀ ਗਿਲ ਆਦਿ ਵੱਡੀ ਗਿਣਤੀ ਵਿਚ ਕਾਂਗਰਸੀ ਆਗੂ ਅਤੇ ਵਰਕਰ ਹਾਜਰ ਸਨ।

# ਬੀਬਾ ਪਰਮਪਾਲ ਮਲੂਕਾ ਦੀ ਚੋਣ ਮੁਹਿੰਮ ਨੂੰ ਮਿਲਿਆ ਵੱਡਾ ਹੁਲਾਰਾ ਅਨੇਕਾਂ ਪਰਿਵਾਰ ਹੋਏ ਭਾਜਪਾ 'ਚ ਸ਼ਾਮਿਲ

**ਬਠਿੰਡਾ 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਬਠਿੰਡਾ ਤੋਂ ਭਾਜਪਾ ਉਮੀਦਵਾਰ ਬੀਬਾ ਪਰਮਪਾਲ ਕੌਰ ਮਲੂਕਾ ਦੀ ਚੋਣ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਜਦ ਆਕਲੀਆ, ਬਰਕੰਦੀ ਮਹਿਮਾ ਸਰਜਾ ਆਦਿ ਪਿੰਡਾਂ ਦੇ ਤਿੰਨ ਦਰਜਨ ਪਰਿਵਾਰ ਵੱਖ ਵੱਖ ਰਾਜਨੀਤਕ ਪਾਰਟੀਆਂ ਨੂੰ ਅਲਵਿਦਾ ਕਹਿ ਭਾਜਪਾ ਚ ਸ਼ਾਮਿਲ ਹੋ ਗਏ ।



ਭਰਵੇ ਇਕੱਠ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਪ੍ਰਧਾਨ ਸਰੂਪ ਸਿੰਗਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਭਾਜਪਾ ਦੇ ਸਮਰਥਨ ਚ ਅੱਗੇ ਆ ਰਹੇ ਹਨ ਅਤੇ ਚੋਣ ਪ੍ਰਚਾਰ ਦੌਰਾਨ ਪਿੰਡਾਂ ਤੇ ਸ਼ਹਿਰਾਂ ਚ ਅਨੇਕਾਂ ਪਰਿਵਾਰ ਵੱਖ ਵੱਖ ਪਾਰਟੀਆਂ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ।

ਬੀਬਾ ਪਰਮਪਾਲ ਦੇ ਹੱਕ ਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਗੁਰਪ੍ਰੀਤ ਸਿੰਘ ਮਲੂਕਾ ਨੇ ਕਿਹਾ ਕਿ ਦੇਸ਼ ਚ ਇੱਕ ਵਾਰ ਫੇਰ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ ਜਿਸ ਵਿਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਦੇਸ਼ ਦੇ ਹਰ ਵਰਗ ਲਈ ਲੋਕ ਭਲਾਈ ਦੀਆਂ ਕਈ ਨਵੀਆਂ ਸਕੀਮਾਂ ਵੀ ਬਣਾਈਆਂ ਜਾਣਗੀਆਂ ।

ਪੰਜਾਬ ਤੇ ਦੇਸ਼ ਦੇ ਸੁਨਿਹਰੀ ਭਵਿੱਖ ਲਈ ਬੀਬਾ ਪਰਮਪਾਲ ਨੂੰ ਲੋਕ ਸਭਾ ਚ ਭੇਜਣ ਚ ਆਪਣਾ ਯੋਗਦਾਨ ਪਾਉਣ ਭਾਜਪਾ ਚ ਸ਼ਾਮਿਲ ਹੋਣ ਵਾਲੇ ਕਿਰਨਦੀਪ ਸਿੰਘ, ਸਾਬਕਾ ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਸਤਿਨਾਮ ਸਿੰਘ, ਗੋਰਾ ਸਿੰਘ, ਤਾਰੂ ਸਿੰਘ, ਆਤਮਾ ਸਿੰਘ, ਦਰਬਾਰਾ ਸਿੰਘ, ਬਲਜਿੰਦਰ ਸਿੰਘ,ਬਲਜੀਤ ਸਿੰਘ, ਗੁਰਪਰੀਤ ਸਿੰਘ, ਬੂਟਾ ਸਿੰਘ, ਇੰਦਰਜੀਤ ਸਿੰਘ, ਸੁਖਮਨ ਸਿੰਘ, ਜਸਪਾਲ ਸਿੰਘ,ਰਾਜ ਕੁਮਾਰ, ਜਗਮੀਤ ਸਿੰਘ, ਦੀਪਕ, ਗੁਲਸ਼ਨ ਸਿੰਘ,ਗੁਰਸੇਵਕ ਗੁਰੂ ਆਦਿ ਨੂੰ ਸਰੂਪ ਸਿੰਗਲਾ ਗੁਰਪ੍ਰੀਤ ਮਲੂਕਾ ਅਤੇ ਬਲਦੇਵ ਆਕਲੀਆ ਨੇ ਸਨਮਾਨਿਤ ਕੀਤਾ।

# ਮੋਹਾਲੀ ਹਲਕੇ ਦੀ ਸਮੁੱਚੀ ਕਾਂਗਰਸ ਵਿਜੇ ਇੰਦਰ ਸਿੰਗਲਾ ਨੂੰ ਆਨੰਦਪੁਰ ਸਾਹਿਬ ਤੋਂ ਜਿੱਤਾਉਣ ਲਈ ਪੱਬਾਂ ਭਾਰ: ਬਲਬੀਰ ਸਿੱਧੂ

## ਮੋਹਾਲੀ ਨਗਰ ਨਿਗਮ ਦੇ ਮੇਅਰ ਦੀ ਕਮਾਨ ਹੇਠ ਸਾਰੇ ਕਾਂਗਰਸੀ ਕੌਂਸਲਰਾਂ ਨੇ ਸਾਂਝੀ ਰਣਨੀਤੀ ਬਣਾਈ

**ਮੁਹਾਲੀ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅੱਜ ਇਥੇ ਦਾਅਵਾ ਕੀਤਾ ਹੈ ਕਿ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਆਨੰਦਪੁਰ ਲੋਕ ਸਭਾ ਹਲਕੇ ਤੋਂ ਭਾਰੀ ਬਹੁਮੱਤ ਨਾਲ ਜਿੱਤਣਗੇ। ਉਨ੍ਹਾਂ ਕਿਹਾ ਕਿ ਮੋਹਾਲੀ ਹਲਕੇ ਦੀ ਸਮੁੱਚੀ ਕਾਂਗਰਸ ਪੂਰੀ ਤਰਾਂ ਇਕਜੁੱਟ ਹੋ ਕੇ ਚੋਣ ਮੈਦਾਨ ਵਿਚ ਕੁੱਦ ਪਈ ਹੈ ਜੋ ਪਾਰਟੀ ਉਮੀਦਵਾਰ ਦੀ ਜਿੱਤ ਲਈ ਕੋਈ ਕਸਰ ਨਹੀਂ ਰਹਿਣ ਦੇਵੇਗੀ।



ਸ਼੍ਰੀ ਸਿੱਧੂ ਵਲੋਂ ਅੱਜ ਇੱਥੇ ਚੋਣ ਪ੍ਰਚਾਰ ਨੂੰ ਹੋਰ ਤਿੱਖਾ ਤੇ ਅਸਰਦਾਰ ਬਣਾਉਣ ਲਈ ਮੋਹਾਲੀ ਸ਼ਹਿਰ ਦੇ ਪ੍ਰਮੁੱਖ ਕਾਂਗਰਸੀ ਆਗੂਆਂ ਦੀ ਸੱਦੀ ਗਈ ਮੀਟਿੰਗ ਵਿਚ ਮੋਹਾਲੀ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ 36 ਕੌਂਸਲਰਾਂ ਨੇ ਹਿੱਸਾ ਲਿਆ। ਉਨ੍ਹਾਂ ਦਸਿਆ ਕਿ ਮੀਟਿੰਗ ਵਿਚ ਸ਼ਹਿਰ ਦੇ ਸਮੂਹ ਕੌਂਸਲਰਾਂ ਨੇ ਪਾਰਟੀ ਉਮੀਦਵਾਰ ਵਿਜੇਇੰਦਰ ਸਿੰਗਲਾ ਨੂੰ ਜਿਤਾ ਨੂੰ ਵੱਡੇ ਫਰਕ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਣ ਲਈ ਪੂਰੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਸ਼੍ਰੀ ਸਿੱਧੂ ਨੇ ਮੀਟਿੰਗ ਵਿਚ ਕਿਹਾ ਕਿ ਸ਼੍ਰੀ ਵਿਜੇਇੰਦਰ ਸਿੰਗਲਾ ਦੇ ਲੋਕ ਸਭਾ ਵਿਚ ਜਾਣ ਨਾਲ ਮੋਹਾਲੀ ਸ਼ਹਿਰ ਦੇ ਵਿਕਾਸ ਦੇ ਨਵੇਂ ਦਰ ਖੁੱਲਣਗੇ, ਇਸ ਲਈ ਸਾਨੂੰ ਸਾਰਿਆਂ ਨੂੰ ਉਹਨਾਂ ਨੂੰ ਜਿਤਾਉਣ ਲਈ ਲੱਕ ਬੰਨ ਕੇ ਜੁੱਟ ਜਾਣਾ ਚਾਹੀਦਾ ਹੈ।

ਸਾਬਕਾ ਮੰਤਰੀ ਨੇ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਹਨਾਂ ਚੋਣਾਂ ਦੌਰਾਨ ਬੇਰੁਜ਼ਗਾਰੀ ਤੇ ਮਹਿੰਗਾਈ ਉਤੇ ਕਾਬੂ ਪਾਉਣ ਦੇ ਨਾਲ ਨਾਲ ਨੌਜਵਾਨਾਂ, ਔਰਤਾਂ, ਕਿਸਾਨਾਂ, ਮਜ਼ਦੂਰਾਂ ਅਤੇ ਸਮਾਜ ਦੇ ਗਰੀਬ ਵਰਗਾਂ ਨੂੰ ਉੱਚਾ ਚੁੱਕਣ ਲਈ ਪੰਚ ਨਿਆਂ ਜਾਂ ਪੰਜ ਗਾਰੰਟੀਆਂ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਹ ਚੋਣਾਂ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ ਲਈ ਲੜ ਰਹੀ ਹੈ। ਕਾਂਗਰਸ ਪਾਰਟੀ ਦੇ 48 ਪੰਨਿਆਂ ਦੇ ਚੋਣ ਮੈਨੀਫੈਸਟੋ ਵਿਚ ਸਰਕਾਰੀ ਨੌਕਰੀਆਂ, ਜਾਤੀ ਜਨਗਣਨਾ, ਗਰੀਬਾਂ ਲਈ ਸਮਾਜਿਕ ਸੁਰੱਖਿਆ ਅਤੇ ਗਰੀਬ ਔਰਤਾਂ ਨੂੰ ਹਰ ਸਾਲ 1 ਲੱਖ ਰੁਪਏ ਦੇਣ ਦੀ ਗਾਰੰਟੀ ਦਿਤੀ ਗਈ ਹੈ ਜਿਸ ਨਾਲ ਕਾਂਗਰਸ ਦਾ ਜਨ ਅਧਾਰ ਵਧਿਆ ਹੈ।

ਸ਼੍ਰੀ ਸਿੱਧੂ ਨੇ ਕਿਹਾ ਕਿ ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿਚ ਕਿਸਾਨੀ ਸੰਕਟ ਦੇ ਹੱਲ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਲੋਕ ਸਭਾ ਦੇ ਜਿਹੜੇ ਹਲਕਿਆਂ ਵਿਚ ਹੁਣ ਤੱਕ ਚੋਣ ਹੋ ਚੁੱਕੀ ਹੈ ਉਹਨਾਂ ਨੇ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣਨ ਦਾ ਦਾ ਰਾਹ ਸਾਫ਼ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਭਾਜਪਾ ਵਾਂਗ 'ਆਪ' ਪਾਰਟੀ ਵੀ ਪੰਜਾਬ ਦੇ ਭਵਿੱਖ ਲਈ ਨੁਕਸਾਨਦਾਇਕ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕੋਲ ਪੰਜਾਬ ਦੀ ਤਰੱਕੀ ਲਈ ਕੋਈ ਸੋਚ ਜਾਂ ਨੀਤੀ ਨਹੀਂ ਹੈ ਅਤੇ ਨੀਤੀਹੀਣ ਪੰਜਾਬ ਵਿੱਤੀ ਐਮਰਜੈਂਸੀ ਵੱਲ ਧੱਕਿਆ ਜਾ ਰਿਹਾ ਹੈ।

ਸ਼੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਵਿੱਚ ਬਦਲਾਅ ਦੀ ਤੀਬਰ ਇੱਛਾ ਉਹਨਾਂ ਦੀਆਂ ਅੱਖਾਂ ਤੇ ਬੋਲਾਂ ਵਿਚ ਸਪੱਸ਼ਟ ਝਲਕ ਰਹੀ ਹੈ। ਉਹ ਦੋਵੇਂ ਸਿਰਿਆਂ ਤੋਂ ਟੁੱਟੇ ਹੋਏ ਮਹਿਸੂਸ ਕਰ ਰਹੇ ਹਨ। ਉਨ੍ਹਾਂ ਮੋਹਾਲੀ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਲਕੇ ਦੇ ਵਿਕਾਸ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਨੂੰ ਜਿਤਾਉਣ।

# ਸਿਹਤ ਹੈ ਅਸਲੀ ਖ਼ਜ਼ਾਨਾ...



## ਹਾਈਪਰ ਤੇ ਹਾਈਪੋ ਥਾਇਰਾਇਡ ਦੇ ਲੱਛਣ ਤੇ ਇਲੈਕਟ੍ਰੋ – ਹੋਮਿਓਪੈਥਿਕ ਇਲਾਜ



ਡਾ. ਅਮਰੀਕ ਸਿੰਘ ਕੰਡਾ

ਅੱਜ ਕਲ ਭੱਜ-ਦੌੜ ਦੀ ਜ਼ਿੰਦਗੀ ਅਤੇ ਉਲਟਾ-ਪੁਲਟਾ ਖਾਣ ਨਾਲ ਇਮਿਊਨਿਟੀ ਕਮਜ਼ੋਰ ਹੋ ਰਹੀ ਹੈ। ਬਿਮਾਰੀਆਂ ਦੇ ਜਾਲ ਚ ਫਸ ਰਹੇ ਹਾਂ। ਐਲੋਪੈਥੀ 'ਚ ਕੋਈ ਇਲਾਜ ਨਹੀ, ਬਸ ਜ਼ਿੰਦਗੀ ਭਰ ਦਵਾਈ ਲੈਂਦੇ ਰਹੋ ਪਰ ਆਰਾਮ ਨਹੀਂ ਆਉਂਦਾ।

ਥਾਇਰਾਇਡ ਸਰੀਰ 'ਚ ਪਾਏ ਜਾਣ ਵਾਲੇ ਐਂਡੋਕਰਾਈਨ ਗਲੈਂਡ 'ਚੋਂ ਇਕ ਹੈ। ਥਾਇਰਾਇਡ ਗ੍ਰੰਥੀ ਗਰਦਨ ਵਿਚ ਸਾਹ ਵਾਲੀ ਨਾਲੀ ਦੇ ਉੱਪਰ ਅਤੇ ਸਵੱਰ-ਯੰਤਰ ਦੇ ਦੋਵੇਂ ਪਾਸਿਆਂ 'ਤੇ ਦੋ ਭਾਗਾਂ 'ਚ ਬਣੀ ਹੁੰਦੀ ਹੈ। ਇਹ ਥਾਈਰਾਕਸਿਨ ਨਾਂ ਦਾ ਹਾਰਮੋਨ ਬਣਾਉਂਦੀ ਹੈ। ਜਿਸ ਨਾਲ ਸਰੀਰ 'ਚ ਊਰਜਾ ਪ੍ਰੋਟੀਨ ਉਤਪਾਦਨ ਤੇ ਹੋਰ ਹਾਰਮੋਨਜ਼ ਦੇ ਪ੍ਰਤੀ ਹੋਣ ਵਾਲੀ ਸੰਵੇਦਨਸ਼ੀਲਤਾ ਨਿਯੰਤਰਿਤ ਹੁੰਦੀ ਹੈ।

ਇਸ ਦਾ ਆਕਾਰ ਤਿਤਲੀ ਵਰਗਾ ਹੁੰਦਾ ਹੈ। ਜਿਹੜੀ ਗਲੇ 'ਚ ਪਾਈ ਜਾਂਦੀ ਹੈ। ਇਹ ਗ੍ਰੰਥੀ ਪਾਚਨ ਤੇ ਊਰਜਾ ਦੀ ਮੁੱਖ ਗ੍ਰੰਥੀ ਹੈ। ਇਹ ਇਕ ਤਰ੍ਹਾਂ ਨਾਲ ਮਾਸਟਰ ਲੀਵਰ ਵਾਂਗ ਹੁੰਦੀ ਹੈ। ਜਿਹੜੀ ਜੀਨਜ਼ ਨੂੰ ਕੰਟਰੋਲ ਕਰਦੀ ਹੈ, ਜਿਸ ਨਾਲ ਕੋਸ਼ਿਕਾਵਾਂ ਆਪਣਾ ਕੰਮ ਠੀਕ ਤਰ੍ਹਾਂ ਕਰਦੀਆਂ ਹਨ।

ਇਸ ਗ੍ਰੰਥੀ ਦੇ ਸਹੀ ਤਰੀਕੇ ਨਾਲ ਕੰਮ ਨਾ ਕਰਨ 'ਤੇ ਬਹੁਤ ਸਾਰੀਆਂ ਸਮੱਸਿਆਵਾਂ ਆ ਜਾਂਦੀਆਂ ਹਨ। ਥਾਇਰਾਇਡ ਨੂੰ ਸਾਈਲੈਂਟ ਕਿਲਰ ਮੰਨਿਆ ਗਿਆ ਹੈ, ਕਿਉਂਕਿ ਇਸ ਦੇ ਲੱਛਣ ਮਰੀਜ ਨੂੰ ਹੌਲੀ-ਹੌਲੀ ਪਤਾ ਲਗਦੇ ਹਨ। ਪਰ ਉਦੋਂ ਤਕ ਦੇਰ ਹੋ ਚੁੱਕੀ ਹੁੰਦੀ ਹੈ। ਇਮਿਊਨ ਸਿਸਟਮ 'ਚ ਗੜਬੜੀ ਇਸ ਦੇ ਸ਼ੁਰੂਆਤੀ ਲੱਛਣ ਨੇ। ਜ਼ਿਆਦਾਤਰ ਡਾਕਟਰ ਐਂਟੀ ਬਾਡੀ ਟੈਸਟ ਨਹੀਂ ਕਰਦੇ ਜਿਸ ਨਾਲ ਆਟੋ-ਇਮਿਊਨਿਟੀ ਵਿਖਾਈ ਦਿੰਦੀ ਹੈ ।

### ਕਿਉਂ ਹੁੰਦਾ ਹੈ ਥਾਇਰਾਇਡ?

ਇਹ ਸਿਰਫ ਇਕ ਵਧੀ ਹੋਈ ਥਾਇਰਾਇਡ ਗ੍ਰੰਥੀ ਹੈ, ਜਿਸ ਦੀ ਹਾਰਮੋਨ ਬਨਾਉਣ ਦੀ ਸਮਰਥਾ ਘਟ ਜਾਂਦੀ ਹੈ। ਸੋਇਆ ਪ੍ਰੋਟੀਨ ਕੈਪਸੂਲ ਪਾਊਡਰ 'ਚ ਸੋਇਆ ਉਤਪਾਦਾਂ ਦੀ ਜ਼ਿਆਦਾ ਵਰਤੋਂ ਵੀ ਥਾਇਰਾਇਡ ਹੋਣ ਦਾ ਕਾਰਨ ਬਣਦਾ ਹੈ।

ਭੋਜਨ ਚ ਆਇਓਡੀਨ ਦੀ ਕਮੀ ਜਾਂ ਜਿਆਦਾ ਆਇਓਡੀਨ ਵੀ ਥਾਇਰਾਇਡ ਦੀ ਸਮੱਸਿਆ ਪੈਦਾ ਕਰਦਾ ਹੈ। ਇਸ ਲਈ ਸੇਂਧਾ ਨਮਕ ਖਾਣਾ ਚਾਹੀਦਾ ਹੈ। ਐਲੂਮੀਨੀਅਮ ਦੇ ਭਾਂਡੇ ਬਿਮਾਰੀਆਂ ਦੀ ਮਾਂ ਹੈ। ਮਿੱਟੀ, ਕਾਂਸੇ, ਚੀਨੀ ਦੇ ਭਾਂਡੇ ਵਰਤੋ।

ਗ੍ਰਬਸ ਰੋਗ ਵੀ ਥਾਇਰਾਇਡ ਦਾ ਵੱਡਾ ਕਾਰਨ ਹੈ। ਇਸ ਨਾਲ ਥਾਇਰਾਇਡ ਗ੍ਰੰਥੀ ਤੋਂ ਪੈਦਾ ਹੋਣ ਵਾਲੇ ਹਾਰਮੋਨ ਦਾ ਪੱਧਰ ਬਹੁਤ ਜ਼ਿਆਦਾ ਵਧ ਜਾਂਦਾ ਹੈ। ਇਹ ਰੋਗ ਜ਼ਿਆਦਾਤਾਰ 20-40 ਸਾਲ ਦੀ ਉਮਰ 'ਚ ਔਰਤਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਰੋਗ ਗ਼ਲਤ ਆਦਤਾਂ ਤੇ ਖ਼ਾਨਦਾਨੀ ਵਿਕਾਰ ਹੈ। ਇਸ ਲਈ ਥਾਇਰਾਇਡ ਰੋਗ ਇਕ ਹੀ ਪਰਿਵਾਰ 'ਚ ਕਈ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਥਾਇਰਾਇਡ ਗਰਭ-ਅਵਸਥਾ ਵਿਚ ਹਾਰਮੋਨਜ਼ ਦੀ ਤਬਦੀਲੀ ਕਾਰਨ ਵੀ ਹੋ ਸਕਦਾ ਹੈ। ਜਦੋਂ ਬੱਚਾ ਹੋਣ ਵਾਲਾ ਹੁੰਦਾ ਹੈ ਤਾਂ ਜ਼ਿਆਦਾਤਰ ਔਰਤਾਂ ਤਣਾਅ 'ਚ ਹੁੰਦੀਆਂ ਹਨ। ਉਨ੍ਹਾਂ ਨੂੰ ਟੈਨਸ਼ਨ ਨਹੀਂ ਲੈਣੀ ਚਾਹੀਦੀ। ਮਹਾਵਾਰੀ ਵੇਲੇ ਵੀ ਹਾਰਮੋਨਜ਼ 'ਚ ਤਬਦੀਲੀ ਆਉਂਦੀ ਹੈ ਉਹ ਵੀ ਥਾਇਰਾਇਡ ਦਾ ਕਾਰਨ ਬਣਦੀ ਹੈ। ਥਾਇਰਾਇਡ ਹੋਣ 'ਤੇ ਕਬਜ਼ ਦਾ ਹੋਣਾ ਸ਼ੁਰੂਅਤੀ ਸਮੱਸਿਆ ਹੈ। ਖਾਣੇ ਦੇ ਪਚਣ 'ਚ ਦਿੱਕਤ ਹੁੰਦੀ ਹੈ। ਸਰੀਰ ਦੇ ਵਜ਼ਨ 'ਤੇ ਅਸਰ ਪੈਂਦਾ ਹੈ। ਹੱਥ ਪੈਰ ਠੰਡੇ ਰਹਿਣਾ ਵੀ ਇਸ ਦੀ ਨਿਸ਼ਾਨੀ ਹੈ। ਥਕਾਵਟ ਰਹਿਣਾ, ਸਰੀਰ ਹਰ ਵੇਲੇ ਥੱਕਿਆ ਰਹਿਣਾ, ਸੁਸਤੀ, ਆਲਸ ਆਦਿ ਦਾ ਹੋਣਾ, ਸਰੀਰ ਚ ਊਰਜਾ ਦੀ ਘਾਟ, ਚਮੜੀ ਦਾ ਖ਼ੁਸ਼ਕ ਹੋਣਾ, ਚਮੜੀ ਦੇ ਬਾਹਰੀ ਸੈੱਲ ਕਮਜ਼ੋਰ ਹੋਣ ਕਾਰਨ ਚਮੜੀ ਖ਼ੁਸ਼ਕ ਰਹਿਣ ਲਗਦੀ ਹੈ। ਜ਼ੁਕਾਮ ਦਾ ਹੋਣਾ, ਜੋ ਕਿ ਨਾਰਮਲ ਜ਼ੁਕਾਮ ਤੋਂ ਅਲੱਗ ਹੁੰਦਾ ਹੈ। ਭਾਵ, ਇਹ ਜ਼ੁਕਾਮ ਠੀਕ ਨਹੀ ਹੁੰਦਾ। ਇਹ ਥਾਇਰਾਇਡ ਦੀਆਂ ਨਿਸ਼ਾਨੀਆਂ ਹਨ।

ਇਸ ਸਮੱਸਿਆ ਨਾਲ ਮਰੀਜ਼ ਡਿਪਰੈਸ਼ਨ 'ਚ ਰਹਿਣ ਲਗਦਾ ਹੈ। ਉਸ ਦਾ ਮਨ ਕਿਸੇ ਕੰਮ ਨੂੰ ਨਹੀਂ ਕਰਦਾ, ਸੋਚਣ-ਸਮਝਣ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਥਾਇਰਾਇਡ ਵਾਲੇ ਮਰੀਜ਼ ਦੇ ਵਾਲ ਝੜਨ ਲਗਦੇ ਹਨ। ਗੰਜਾਪਨ ਹੋ ਜਾਂਦਾ ਹੈ, ਅੱਖਾਂ ਦੇ ਵਾਲ ਝੜ ਜਾਂਦੇ ਹਨ। ਜੋੜਾਂ 'ਚ ਦਰਦ ਦੇ ਨਾਲ-ਨਾਲ ਸਰੀਰਕ ਤੇ ਮਾਨਸਿਕ ਵਿਕਾਸ ਮੱਧਮ ਪੈ ਜਾਂਦਾ ਹੈ।

### ਘਰੇਲੂ ਅਸਰਦਾਰ ਨੁਸਖੇ

- ਸਵੇਰੇ ਫਲਾਂ-ਸਬਜ਼ੀਆਂ ਦਾ ਮਿਕਸ ਜੂਸ ਪੀਓ।
- ਅਖਰੋਟ ਤੇ ਬਾਦਾਮ 'ਚ ਸੈਲੇਨੀਅਮ ਨਾਂ ਦਾ ਤੱਤ ਪਾਇਆ ਜਾਂਦਾ ਹੈ। ਇਕ ਔਂਸ ਅਖਰੋਟ 'ਚ ਨੂੰ ਮਾਈਕ੍ਰੋਗ੍ਰਾਮ ਸੇਲੇਨੀਅਮ ਹੁੰਦਾ ਹੈ, ਇਸ ਲਈ ਅਖਰੋਟ ਨੂੰ ਆਪਣੀ ਖ਼ੁਰਾਕ ਚ ਸ਼ਾਮਲ ਕਰੋ।
- ਕਾਲੀ ਮਿਰਚ, ਮਖਾਂ, ਸੁੰਢ ਨੂੰ ਖ਼ੁਰਾਕ ਦਾ ਹਿੱਸਾ ਬਣਾਓ।

### ਇਲੈਕਟ੍ਰੋ-ਹੋਮਿਓਪੈਥੀ ਦੁਆਰਾ ਇਲਾਜ

ਇਲੈਕਟ੍ਰੋ-ਹੋਮਿਓਪੈਥੀ ਦੁਆਰਾ ਇਲਾਜ ਦਾ ਨੁਸਖਾ ਹੈ: ਐੱਸ-2, ਐੱਲ-1, ਬਲਿਊ ਇਲੈਕਟ੍ਰੀਸਿਟੀ ਖਾਣੇ ਤੋਂ ਪਹਿਲਾਂ ਅਤੇ ਸੀ-2, ਐੱਫ-1, ਯੈਲੋ ਇਲੈਕਟ੍ਰੀਸਿਟੀ ਖਾਣੇ ਤੋਂ ਬਾਅਦ ਅਤੇ ਆਰ-8 ਗੋਲੀ ਸਵੇਰੇ-ਸ਼ਾਮ ਲਗਾਤਾਰ 3-4 ਮਹੀਨੇ ਖਾਓ। ਇਸ ਤੋਂ ਇਲਾਵਾ ਕਸਰਤ ਕਰੋ। ਖ਼ੁਸ਼ ਰਹੋ ।

ਮੋਬਾਈਲ 98557-35666

# ਯੋਗ ਭਜਾਏ ਰੋਗ

## ਮਾਈਗ੍ਰੇਨ ਦਾ ਆਸਾਨ ਇਲਾਜ



ਇਸ਼ਟ ਪਾਲ (ਵਿੱਕੀ)

ਅਸੀ ਅਕਸਰ ਵੇਖਦੇ ਹਾਂ ਕਿ ਸਰੀਰ ਵਿਚ ਕਫ ਅਤੇ ਪਿੱਤ ਦੇ ਵਧਣ ਨਾਲ ਸਾਡਾ ਸਾਰਾ ਜਾਂ ਅੱਧਾ ਸਿਰ ਦਰਦ ਕਰਨਾ ਸ਼ੁਰੂ ਹੋ ਜਾਂਦਾ ਹੈ। ਅਸਲ 'ਚ ਜਦੋਂ ਕਫ (ਨਜ਼ਲਾ) ਸਾਡੀ ਖੋਪੜੀ ਵਿਚ ਜਿਆਦਾ ਮਾਤਰਾ 'ਚ ਫੈਲ ਜਾਂਦਾ ਹੈ ਅਤੇ ਜਦ ਸਰੀਰ ਅੰਦਰ ਪਿੱਤ (ਤੇਜ਼ਾਬ) ਦੀ ਮਾਤਰਾ ਵਧ ਜਾਂਦੀ ਹੈ ਤਾਂ ਇਹ ਤੇਜ਼ਾਬ ਸਿਰ ਨੂੰ ਚੜ੍ਹਦਾ ਹੈ। ਇਨ੍ਹਾਂ ਦੋਹਾਂ ਕਾਰਨਾਂ ਕਰਕੇ ਪੂਰਾ ਜਾਂ ਅੱਧਾ ਸਿਰ ਦਰਦ ਕਰਨ ਲੱਗ ਪੈਂਦਾ ਹੈ। ਕਈ ਲੋਕ ਇਸ ਨੂੰ 'ਮਾਈਗ੍ਰੇਨ' ਦਾ ਨਾਂ ਦਿੰਦੇ ਹਨ।

ਆਮ ਤੌਰ 'ਤੇ ਜਦੋਂ ਮਾਈਗ੍ਰੇਨ ਹੋ ਜਾਂਦੀ ਹੈ ਤਾਂ ਐਲੋਪੈਥੀ ਇਲਾਜ ਪ੍ਰਣਾਲੀ ਵਿਚ ਰੋਗੀ ਨੂੰ ਤਰ੍ਹਾਂ-ਤਰ੍ਹਾਂ ਦੀਆਂ ਦਰਦ ਨਿਵਾਰਕ ਦਵਾਈਆਂ ਦਿੱਤੀਆਂ ਜਾਂਦੀਆ ਹਨ। ਜਿਨ੍ਹਾਂ ਨੂੰ ਬਹੁਤ ਲੰਬੇ ਸਮੇਂ ਤਕ ਲੈਣਾ ਪੈਂਦਾ ਹੈ। ਰੋਗੀ ਨੂੰ ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਉਸ ਨੂੰ ਕੋਈ ਵੱਡਾ ਰੋਗ ਲੱਗ ਗਿਆ ਹੋਵੇ। ਆਮ ਤੌਰ 'ਤੇ ਐਲੋਪੈਥੀ, ਹੋਮਿਓਪੈਥੀ ਤੇ ਆਯੁਰਵੇਦਿਕ ਦਵਾਈਆਂ ਨਾਲ ਮਾਈਗ੍ਰੇਨ ਦਾ ਇਲਾਜ ਜਲਦੀ ਨਹੀ ਹੁੰਦਾ

ਪਰ ਯੋਗ ਨਾਲ ਇਸ ਰੋਗ ਦਾ ਇਲਾਜ ਕੀਤਾ ਜਾ ਸਕਦਾ ਹੈ। ਯੋਗ ਦਾ ਸ਼ਟਕਰਮ ਜਾਂ ਖੱਟਕਰਮ ਭਾਗ ਸਰੀਰ ਦੀ ਸ਼ੁੱਧੀ ਲਈ ਵਰਤਿਆ ਜਾਂਦਾ ਹੈ। ਸ਼ਟਕਰਮ ਚ ਜਲਨੇਤੀ ਤੇ ਕੁੰਜਲ ਕਿਰਿਆ ਦਾ ਅਭਿਆਸ ਕਰ ਕੇ ਅਸੀ ਮਾਈਗ੍ਰੇਨ ਨੂੰ ਠੀਕ ਕਰ ਸਕਦੇ ਹਾਂ। ਇਹ ਦੋਵੇਂ ਕਿਰਿਆਵਾਂ ਸਰੀਰ ਅਤੇ ਖ਼ਾਸ ਤੌਰ 'ਤੇ ਖੋਪੜੀ ਨੂੰ ਸਾਫ਼ ਕਰਦੀਆਂ ਹਨ।

### ਜਲਨੇਤੀ

**ਵਿਧੀ** : ਕਾਂਗ ਆਸਣ (ਪੈਰਾਂ ਉੱਪਰ ਬੈਠਣਾ) ਵਿਚ ਬੈਠ ਕੇ ਜਾਂ ਖੜ੍ਹੇ ਹੋ ਕੇ ਸੌਿਛਆਂ ਨੂੰ ਅੱਗੇ ਵੱਲ ਝੁਕਾਅ ਕੇ ਜਲਨੇਤੀ ਕਿਰਿਆ ਕੀਤੀ ਜਾ ਸਕਦੀ ਹੈ। ਸਰੀਰ ਦੇ ਤਾਪਮਾਨ ਦੇ ਬਰਾਬਰ ਗਰਮ ਪਾਣੀ ਨੂੰ ਇਕ ਜਲਨੇਤੀ ਵਾਲੇ ਲੋਟੇ 'ਚ ਪਾ ਲਵੋ ਅਤੇ ਸਵਾਦ ਅਨੁਸਾਰ ਇਸ ਵਿਚ ਨਮਕ ਪਾਓ। ਪਾਣੀ 'ਚ ਨਮਕ ਦੀ ਮਾਤਰਾ ਜ਼ਿਆਦਾ ਨਹੀ ਹੋਣੀ ਚਾਹੀਦੀ। ਨਮਕ ਪਾਣੀ 'ਚ ਚੰਗੀ ਤਰ੍ਹਾਂ ਘੁਲ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ ਲੋਟੇ ਨੂੰ ਇਕ ਹੱਥ ਨਾਲ ਫੜੋ ਤੇ ਇਸ ਦੀ ਨਾਲੀ ਨੂੰ ਆਪਣੇ ਨੱਕ ਦੇ ਛੇਕ (ਨਾਸਿਕਾ) ਵਿਚ ਪਾਓ। ਸਿਰ ਨੂੰ ਇਕ ਤਰਫ਼ ਝੁਕਾਅ ਦਿਓ ਅਤੇ ਪਾਣੀ ਦੇ ਦਬਾਅ ਨਾਲ ਨੱਕ ਦੇ ਦੂਸਰੇ ਛੇਕ ਵਿੱਚੋਂ ਪਾਣੀ ਨੂੰ ਆਪਣੇ ਆਪ ਬਾਹਰ ਆਉਣ ਦਿਓ। ਮੂੰਹ ਨੂੰ ਖੋਲ੍ਹ ਕੇ ਰੱਖੋ ਤਾਂ ਜੋ ਸਾਹ ਆਉਂਦਾ ਰਹੇ। ਇਹ ਕਿਰਿਆ ਕਰਦੇ ਸਮੇਂ ਸਾਹ ਮੂੰਹ ਨਾਲ ਲੈਂਦੇ ਰਹੋ। ਸਾਹ ਨੱਕ ਨਾਲ ਨਹੀ ਲੈਣਾ ਚਾਹੀਦਾ, ਇਸ ਨਾਲ ਪਾਣੀ ਦੇ ਫ਼ੇਫੜਿਆਂ ਵਿਚ ਜਾਣ ਦਾ ਡਰ ਹੁੰਦਾ ਹੈ। ਇਹੀ ਕਿਰਿਆ ਫਿਰ ਨੱਕ ਦੂਸਰੇ ਛੇਕ ਰਾਹੀ ਦੁਹਰਾਓ। ਕਿਰਿਆ ਨੂੰ ਕਰਨ ਤੋਂ ਬਾਅਦ ਨੱਕ ਨੂੰ ਸੁਕਾਉਣਾ ਬਹੁਤ ਜ਼ਰੂਰੀ ਹੈ। ਦੋਵਾਂ ਪੈਰਾਂ ਉੱਤੇ ਖੜ੍ਹੇ ਹੋ ਕੇ ਧਰਤੀ ਦੇ ਸਮਾਨਾਂਤਰ ਮੂੰਹ ਨੂੰ ਝੁਕਾਓ ਤੇ ਫਿਰ ਇਕ ਅੰਗੂਠੇ ਨਾਲ ਨੱਕ ਦੇ ਛੇਕ ਨੂੰ ਦਬਾ ਕੇ ਨੱਕ ਦੇ ਦੂਸਰੇ ਛੇਕ ਵਿੱਚੋਂ ਸਾਹ ਨੂੰ ਜ਼ੋਰ-ਜ਼ੋਰ ਨਾਲ ਬਾਹਰ ਕੱਢੋ। ਇਹ ਜਲਨੇਤੀ ਕਿਰਿਆ ਨੱਕ ਦੇ ਦੋਵਾਂ ਛੇਕਾਂ ਨਾਲ ਕਰਨੀ ਚਾਹੀਦੀ ਹੈ।

**ਸਮਾਂ** : ਜਲਨੇਤੀ ਕਿਰਿਆ ਸਵੇਰ ਵੇਲੇ ਖਾਲੀ ਪੇਟ ਕੀਤੀ ਜਾ ਸਕਦੀ ਹੈ।

### ਸਾਵਧਾਨੀਆਂ

ਜਿਨ੍ਹਾਂ ਦੇ ਨੱਕ ਵਿੱਚੋਂ ਖ਼ੂਨ ਆਉਂਦਾ ਹੋਵੇ, ਉਨ੍ਹਾਂ ਨੂੰ ਸਹੀ ਨਿਰਦੇਸ਼ਾਂ ਅਨੁਸਾਰ ਇਹ ਕਿਰਿਆ ਕਰਨੀ ਚਾਹੀਦੀ ਹੈ। ਧਿਆਨ ਰੱਖਿਆ ਜਾਵੇ ਕਿ ਪਾਣੀ ਜ਼ਿਆਦਾ ਗਰਮ ਨਾ ਹੋਵੇ ਤੇ ਨਮਕ ਪਾਣੀ ਵਿਚ ਚੰਗੀ ਤਰ੍ਹਾਂ ਘੁਲਿਆ ਹੋਇਆ ਹੋਵੇ।

### ਕੁੰਜਲ ਕਿਰਿਆ

ਇਹ ਕਿਰਿਆ ਧੋਤੀ ਕਿਰਿਆ ਦਾ ਇਕ ਭਾਗ ਹੈ। ਇਸ ਕਿਰਿਆ ਨਾਲ ਅਸੀ ਆਪਣੇ ਪੇਟ ਦੀ ਸਫ਼ਾਈ ਚੰਗੀ ਤਰ੍ਹਾਂ ਕਰ ਸਕਦੇ ਹਾਂ।

**ਵਿਧੀ:** ਕੁੰਜਲ ਕਿਰਿਆ ਕਰਨ ਤੋਂ ਪਹਿਲਾਂ ਸਾਫ਼ ਪਾਣੀ ਨੂੰ ਏਨਾ ਕੁ ਗਰਮ ਕਰੋ ਕਿ ਇਹ ਨਾ ਤਾਂ ਬਹੁਤ ਠੰਡਾ ਹੋਵੇ ਤੇ ਨਾ ਹੀ ਬਹੁਤਾ ਗਰਮ। ਇਹ ਏਨਾ ਕੁ ਗਰਮ ਹੋਵੇ ਕਿ ਆਸਾਨੀ ਨਾਲ ਪੀਤਾ ਜਾ ਸਕੇ। ਪਾਣੀ ਦੀ ਮਾਤਰਾ 3 ਤੋਂ 5 ਗਿਲਾਸ ਹੋਣੀ ਚਾਹੀਦੀ ਹੈ। ਪਾਣੀ ਵਿਚ ਸਵਾਦ ਅਨੁਸਾਰ ਨਮਕ ਪਾਓ। ਹਾਈ ਬਲੱਡ ਪ੍ਰੈਸ਼ਰ ਦੇ ਰੋਗੀ ਨੂੰ ਨਮਕ ਨਹੀ ਪਾਉਣਾ ਚਾਹੀਦਾ। ਇਸ ਪਾਣੀ ਨੂੰ ਜੱਗ ਵਿਚ ਪਾ ਕੇ ਕਾਂਗ ਆਸਣ ਵਿਚ ਬੈਠੋ। ਇਸ ਤੋ ਬਾਅਦ ਪਾਣੀ ਪੀਣਾ ਸ਼ੁਰੂ ਕਰੋ। ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਪਾਣੀ ਰੁਕ-ਰੁਕ ਕੇ ਨਾ ਪੀਤਾ ਜਾਵੇ, ਸਗੋਂ ਨਿਰੰਤਰ ਪੀਂਦੇ ਰਹੋ। ਸਾਰਾ ਪਾਣੀ ਪੀਣ ਤੋ ਬਾਅਦ ਦੋਵਾਂ ਪੈਰਾਂ ਉੱਪਰ ਖੜ੍ਹੇ ਹੋ ਕੇ ਧਰਤੀ ਦੇ ਸਮਾਨਾਂਤਰ ਮੂੰਹ ਨੂੰ ਝੁਕਾਉਂਦੇ ਹੋਏ 90 ਡਿਗਰੀ ਦਾ ਕੋਣ ਬਣਾ ਕੇ ਝੁਕੋ ਤੇ ਸੱਜੇ ਹੱਥ ਦੀਆਂ 3 ਉਂਗਲੀਆਂ ਨੂੰ ਆਪਣੇ ਮੂੰਹ ਵਿਚ ਪਾਓ ਤੇ ਛੋਟੀ ਉਂਗਲੀ ਨਾਲ ਜੀਭ ਨੂੰ ਹਲਕਾ-ਹਲਕਾ ਦਬਾਓ। ਵੇਗ ਬਣਨ ਨਾਲ ਪੀਤਾ ਗਿਆ ਪਾਣੀ ਬਾਹਰ ਨਿਕਲਣ ਲੱਗੇਗਾ। ਕੁੰਜਲ ਕਿਰਿਆ ਕਰਦੇ ਸਮੇਂ ਗਲ਼ੇ 'ਤੇ ਜ਼ਿਆਦਾ ਦਬਾਅ ਨਾ ਪਾਓ, ਜੋ ਹਾਨੀਕਾਰਕ ਹੋ ਸਕਦਾ ਹੈ। ਤੁਸੀ ਜੋ ਪਾਣੀ ਪੀਤਾ ਹੈ, ਉਹ ਸਾਰਾ ਬਾਹਰ ਨਿਕਲਣਾ ਚਾਹੀਦਾ ਹੈ। ਜੇ ਸਾਰਾ ਪਾਣੀ ਬਾਹਰ ਨਹੀ ਨਿਕਲਦਾ ਤਾਂ ਘਬਰਾਉਣਾ ਨਹੀ ਚਾਹੀਦਾ। ਪਾਣੀ ਪਿਸ਼ਾਬ ਰਾਹੀ ਬਾਹਰ ਆ ਜਾਵੇਗਾ।

**ਸਮਾਂ** : ਇਹ ਕਿਰਿਆ ਸਵੇਰ ਵੇਲੇ ਖਾਲੀ ਪੇਟ ਕੀਤੀ ਜਾ ਸਕਦੀ ਹੈ।

### ਸਾਵਧਾਨੀਆਂ

ਕੁੰਜਲ ਕਿਰਿਆ ਕਰਨ ਲਈ ਸਾਫ਼ ਪਾਣੀ ਦੀ ਵਰਤੋਂ ਕਰੋ। ਕੁੰਜਲ ਕਿਰਿਆ ਕਰਦੇ ਸਮੇਂ ਪਾਣੀ ਰੁਕ-ਰੁਕ ਕੇ ਨਾ ਪੀਤਾ ਜਾਵੇ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਪਾਣੀ 'ਚ ਨਮਕ ਦੀ ਵਰਤੋਂ ਨਹੀ ਕਰਨੀ ਚਾਹੀਦੀ। ਦਿਲ ਦੇ ਰੋਗੀਆਂ ਨੂੰ ਇਹ ਕਿਰਿਆ ਨਹੀ ਕਰਨੀ ਚਾਹੀਦੀ। ਜੇ ਕਿਸੇ ਦੇ ਪੇਟ ਦਾ ਆਪ੍ਰੇਸ਼ਨ ਹੋਇਆ ਹੈ ਤਾਂ ਉਸ ਨੂੰ ਵੀ ਇਹ ਕਿਰਿਆ ਨੂੰ ਨਹੀ ਕਰਨੀ ਚਾਹੀਦੀ।

ਮੋਬਾਈਲ 98725-65003

# ਗਰਮੀਆਂ ਦੌਰਾਨ ਬੁਖ਼ਾਰ : ਸਾਵਧਾਨੀਆਂ



*ਬੁਖ਼ਾਰ ਹੋਣ 'ਤੇ ਮਰੀਜ਼ ਦੇ ਮੱਥੇ ਅਤੇ ਛਾਤੀ ਉੱਤੇ ਸਾਧਾਰਣ ਪਾਣੀ ਦੀਆਂ ਪੱਟੀਆਂ ਰੱਖੋ। ਇਹ ਪੱਟੀਆਂ ਤਦ ਤਕ ਰੱਖਦੇ ਰਹੋ ਜਦ ਤਕ ਸਰੀਰ ਦਾ ਤਾਪਮਾਨ ਘੱਟ ਨਾ ਹੋ ਜਾਵੇ। ਜੇ ਸਰੀਰ ਦਾ ਤਾਪਮਾਨ 102 ਡਿਗਰੀ ਤੋਂ ਵੀ ਜ਼ਿਆਦਾ ਹੈ ਤਾਂ ਫੌਰਨ ਡਾਕਟਰ ਨੂੰ ਦਿਖਾਓ...*

ਡਾ. ਰਿਪੁਦਮਨ ਸਿੰਘ

ਤੇਜ਼ ਗਰਮੀ ਕਦੇ ਕਦਾਈਂ ਬੁਖ਼ਾਰ ਦੀ ਵਜ੍ਹਾ ਬਣ ਸਕਦੀ ਹੈ। ਜੇ ਬੁਖ਼ਾਰ 102 ਡਿਗਰੀ ਫਰਨਹਾਈਟ ਤਕ ਹੈ ਅਤੇ ਕੋਈ ਹੋਰ ਖ਼ਤਰਨਾਕ ਲੱਛਣ ਨਹੀਂ ਹਨ ਤਾਂ ਮਰੀਜ਼ ਦੀ ਦੇਖਭਾਲ ਘਰ ਵਿਚ ਹੀ ਕੀਤੀ ਜਾ ਸਕਦੀ ਹੈ। ਮਰੀਜ਼ ਦੇ ਸਰੀਰ (ਮੱਥੇ ਅਤੇ ਛਾਤੀ) ਉੱਤੇ ਸਾਧਾਰਣ ਪਾਣੀ ਦੀਆਂ ਪੱਟੀਆਂ ਰੱਖੋ। ਇਹ ਪੱਟੀਆਂ ਤਦ ਤਕ ਰੱਖਦੇ ਰਹੋ ਜਦ ਤਕ ਸਰੀਰ ਦਾ ਤਾਪਮਾਨ ਘੱਟ ਨਾ ਹੋ ਜਾਵੇ। ਜੇ ਸਰੀਰ ਦਾ ਤਾਪਮਾਨ 102 ਡਿਗਰੀ ਤੋਂ ਵੀ ਜ਼ਿਆਦਾ ਹੈ ਤਾਂ ਫੌਰਨ ਡਾਕਟਰ ਨੂੰ ਦਿਖਾਓ।

ਬੁਖ਼ਾਰ ਵੇਲੇ ਮਰੀਜ਼ ਨੂੰ ਏਸੀ ਕਮਰੇ ਵਿਚ ਵੀ ਰੱਖ ਸਕਦੇ ਹੋ। ਜੇ ਅਜਿਹਾ ਸੰਭਵ ਨਹੀ ਤਾਂ ਪੱਖੇ ਦੀ ਹਵਾ ਹੇਠ ਰੱਖੋ। ਕਈ ਲੋਕ ਬੁਖ਼ਾਰ ਹੋਣ 'ਤੇ ਚਾਦਰ ਲੈ ਕੇ ਪੈ ਜਾਂਦੇ ਹਨ ਅਤੇ ਸੋਚਦੇ ਹਨ ਕਿ ਮੁੜ੍ਹਕਾ ਆਉਣ ਨਾਲ ਬੁਖ਼ਾਰ ਘੱਟ ਹੋ ਜਾਵੇਗਾ ਪਰ ਇਸ ਤਰ੍ਹਾਂ ਚਾਦਰ ਨਾਲ ਸਿਰ ਮੂੰਹ ਢਕ ਕੇ ਲੇਟਣਾ ਠੀਕ ਨਹੀਂ।

### ਟੈਬਲੇਟ ਦਿੰਦੇ ਸਮੇਂ ਰੱਖੋ ਧਿਆਨ

ਮਰੀਜ ਨੂੰ ਹਰ 6 ਘੰਟੇ ਵਿਚ ਪੈਰਾਸੀਟਾਮੋਲ (Paracetamol) ਦੀ ਇਕ ਗੋਲੀ ਦੇ ਸਕਦੇ ਹੋ। ਇਹ ਗੋਲੀ ਇਹ ਬਾਜ਼ਾਰ ਵਿਚ ਕਰੋਸਿਨ (crocin), ਕਾਲਪੋਲ (calpol) ਆਦਿ ਬਰਾਂਡ ਨਾਵਾਂ ਨਾਲ ਮਿਲਦੀ ਹੈ। ਦੂਜੀ ਕੋਈ ਗੋਲੀ ਡਾਕਟਰ ਤੋਂ ਪੁੱਛੇ ਬਿਨਾ ਨਾ ਦਿਓ। ਦੋ ਦਿਨ ਤਕ ਬੁਖ਼ਾਰ ਠੀਕ ਨਾ ਹੋਵੇ ਤਾਂ ਮਰੀਜ਼ ਨੂੰ ਡਾਕਟਰ ਕੋਲ ਜ਼ਰੂਰ ਲੈ ਕੇ ਜਾਓ। ਮਰੀਜ਼ ਨੂੰ ਪੂਰਾ ਆਰਾਮ ਕਰਨ ਦਿਓ। ਖ਼ਾਸਕਰ ਤੇਜ਼ ਬੁਖ਼ਾਰ ਵਿਚ। ਆਰਾਮ ਵੀ ਬੁਖ਼ਾਰ ਵਿਚ ਇਲਾਜ ਦਾ ਕੰਮ ਕਰਦਾ ਹੈ।

### ਪੇਟ ਦੀ ਗੜਬੜ

ਗਰਮੀਆਂ ਵਿਚ ਖਾਣੇ 'ਚ ਕੀਟਾਣੂ ਜ਼ਲਦੀ ਪੈਦਾ ਹੁੰਦੇ ਹਨ। ਜਿਸ ਕਾਰਨ ਖਾਣਾ ਜ਼ਲਦੀ ਖ਼ਰਾਬ ਹੋ ਜਾਂਦਾ ਹੈ। ਖ਼ਰਾਬ ਖਾਣਾ ਜਾਂ ਉਲਟਾ-ਸਿੱਧਾ ਖਾਣ ਨਾਲ ਗਰਮੀਆਂ ਵਿਚ ਕਈ ਵਾਰ ਡਾਇਰੀਆ ਯਾਨੀ ਉਲਟੀ-ਦਸਤ ਦੀ ਸ਼ਿਕਾਇਤ ਵੀ ਹੁੰਦੀ ਹੈ। ਲੂ ਲੱਗਣ 'ਤੇ ਵੀ ਇਹ ਸਮੱਸਿਆ ਹੋ ਸਕਦੀ ਹੈ। ਡਾਇਰੀਆ ਵਿਚ ਅਕਸਰ ਉਲਟੀ ਤੇ ਦਸਤ ਦੋਵੇਂ ਹੁੰਦੇ ਹਨ ਪਰ ਅਜਿਹਾ ਵੀ ਸੰਭਵ ਹੈ ਕਿ ਉਲਟੀਆਂ ਨਾ ਹੋਣ ਪਰ ਦਸਤ ਬਹੁਤ ਹੋ ਰਹੇ ਹੋਣ।

### ਤਿੰਨ ਤਰ੍ਹਾਂ ਦਾ ਹੁੰਦਾ ਹੈ ਡਾਇਰੀਆ

### 1 ਵਾਇਰਲ

ਇਹ ਵਾਇਰਸ ਜ਼ਰੀਏ ਹੁੰਦਾ ਹੈ ਤੇ ਜ਼ਿਆਦਾਤਰ ਛੋਟੇ ਬੱਚਿਆਂ ਵਿਚ ਹੁੰਦਾ ਹੈ। ਪੇਟ ਵਿਚ ਮਰੋੜ ਦੇ ਨਾਲ ਪਤਲੀਆਂ ਟੱਟੀਆਂ ਤੇ ਉਲਟੀ ਆਉਂਦੀ ਹੈ। ਕਾਫੀ ਕਮਜ਼ੋਰੀ ਮਹਿਸੂਸ ਹੁੰਦੀ ਹੈ ਲੇਕਿਨ ਇਹ ਜ਼ਿਆਦਾ ਖ਼ਤਰਨਾਕ ਨਹੀਂ ਹੁੰਦਾ।

### ਇਲਾਜ

ਵਾਇਰਲ ਡਾਇਰੀਆ ਵਿਚ ਮਰੀਜ਼ ਨੂੰ ਓਆਰਐੱਸ ਦਾ ਘੋਲ ਜਾਂ ਲੂਣ ਤੇ ਚੀਨੀ ਦੀ ਸ਼ਿਕੰਜਵੀ ਲਗਾਤਾਰ ਦਿੰਦੇ ਰਹੋ।। ਉਲਟੀ ਰੋਕਣ ਲਈ ਡੋਮਪੇਰੀਡੋਨ (Domperidone) ਅਤੇ ਟੱਟੀਆਂ ਰੋਕਣ ਲਈ ਰੇਸੇਸਾਡੋਟਰਿਲ (Racecadotrill) ਲੈ ਸਕਦੇ ਹੋ। ਪੇਟ ਵਿਚ ਮਰੋੜ ਹਨ ਤਾਂ ਮੈਫਟਲ ਸਪਾਸ (Maftal Spas) ਲੈ ਸਕਦੇ ਹੋ। 4 ਘੰਟੇ ਤੋਂ ਪਹਿਲਾਂ ਦੁਬਾਰਾ ਟੈਬਲੇਟ ਨਾ ਲਵੋ। ਇਕ ਦਿਨ ਵਿਚ ਉਲਟੀ ਜਾਂ ਦਸਤ ਨਾ ਰੁਕਣ ਤਾਂ ਮਰੀਜ਼ ਨੂੰ ਡਾਕਟਰ ਕੋਲ ਲੈ ਕੇ ਜਾਓ।

### 2 ਬੈਕਟੀਰੀਅਲ

ਇਸ ਵਿਚ ਤੇਜ਼ ਬੁਖ਼ਾਰ ਤੋਂ ਇਲਾਵਾ ਦਸਤ ਦੇ ਨਾਲ ਪੱਸ ਜਾਂ ਖ਼ੂਨ ਆਉਂਦਾ ਹੈ।

### ਇਲਾਜ

ਐਂਟੀ-ਬਾਇਓਟਿਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਪਰ ਸਿਰਫ ਡਾਕਟਰ ਦੀ ਸਲਾਹ ਨਾਲ ਹੀ ਪ੍ਰੋਬਾਇਓਟਿਕਸ ਵੀ ਦਿਤੀ ਜਾਂਦੀ ਹੈ। ਦਹੀ ਪ੍ਰੋਬਾਇਓਟਿਕਸ ਦਾ ਸਭ ਤੋਂ ਚੰਗਾ ਤੇ ਕੁਦਰਤੀ ਸਾਧਨ ਹੈ।

### 3 ਪ੍ਰੋਟੋਜ਼ੋਅਲ

ਇਸ ਵਿਚ ਵੀ ਬੁਖ਼ਾਰ ਦੇ ਨਾਲ ਟੱਟੀ ਵਿਚ ਪਸ ਜਾਂ ਖ਼ੂਨ ਆਉਂਦਾ ਹੈ।

### ਇਲਾਜ

ਪ੍ਰੋਟੋਜ਼ੋਅਲ ਇੰਫੈਕਸ਼ਨ ਵਿਚ ਐਂਟੀ-ਅਮੀਬਿਕ ਦਵਾਈ ਦਿੱਤੀ ਜਾਂਦੀ ਹੈ।

### ਖ਼ਾਸ ਗੱਲ

ਇਹ ਗ਼ਲਤ ਧਾਰਨਾ ਹੈ ਕਿ ਡਾਇਰੀਆ ਦੇ ਮਰੀਜ਼ ਨੂੰ ਖਾਣਾ-ਪੀਣਾ ਨਹੀਂ ਦੇਣਾ ਚਾਹੀਦਾ। ਮਰੀਜ਼ ਨੂੰ ਲਗਾਤਾਰ ਪਤਲੀਆਂ ਤੇ ਹਲਕੀਆਂ ਚੀਜ਼ਾਂ ਦਿੰਦੇ ਰਹੋ, ਜਿਵੇਂ ਕਿ ਨਾਰੀਅਲ ਪਾਣੀ, ਲਿੰਬੂ ਪਾਣੀ (ਹਲਕਾ ਲੂਣ ਤੇ ਚੀਨੀ ਮਿਲਿਆ), ਲੱਸੀ, ਦਾਲ ਦਾ ਪਾਣੀ, ਓਆਰਐੱਸ ਦਾ ਘੋਲ, ਪਤਲੀ ਖਿਚੜੀ, ਦਲੀਆ ਆਦਿ। ਸਿਰਫ਼ ਤਲੀਆਂ ਤੇ ਭੁੰਨੀਆਂ ਹੋਈਆਂ ਚੀਜ਼ਾਂ ਤੋਂ ਪਰਹੇਜ਼ ਰੱਖੋ।

ਉੱਪਰ ਦਸੀਆਂ ਗੱਲਾਂ ਮਰੀਜ਼ ਦੀ ਜਾਣਕਾਰੀ ਲਈ ਹਨ। ਡਾਕਟਰ ਮਰੀਜ਼ ਦੀ ਜਾਂਚ ਪੜਤਾਲ ਕਰ ਕੇ ਹੀ ਬਿਹਤਰ ਇਲਾਜ ਕਰ ਸਕੇਗਾ, ਇਸ ਲਈ ਆਪ ਘਰੇ ਡਾਕਟਰ ਬਣਨ ਦੀ ਥਾਂ ਡਾਕਟਰ ਦੀ ਸਲਾਹ ਲਵੋ। ਗਰਮੀਆਂ ਵਿਚ ਬੁਖ਼ਾਰ ਨੂੰ ਹਲਕਿਆਂ ਨਹੀ, ਬਲਕਿ ਗੰਭੀਰਤਾ ਨਾਲ ਲਵੋ।

ਮੋਬਾਈਲ 98152-00134

# ਪੀਲੀਆ ਦੇ ਲੱਛਣ ਤੇ ਰੋਕਥਾਮ



ਡਾ. ਅਨਿਲ ਕੁਮਾਰ ਬੱਗਾ

ਜਿਗਰ ਦੀ ਇਨਫੈਕਸ਼ਨ ਤੇ ਸੋਜ਼ ਕਰਕੇ ਪੀਲੀਆ ਰੋਗ ਹੁੰਦਾ ਹੈ, ਜਿਸ ਨੂੰ ਡਾਕਟਰੀ ਭਾਸ਼ਾ ਵਿਚ 'ਹੈਪੇਟਾਈਟਿਸ' ਆਖਦੇ ਹਨ। ਇਹ ਬਿਮਾਰੀ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਸਰਦੀਆਂ ਤੇ ਗਰਮੀਆਂ, ਦੋਵਾਂ ਰੁੱਤਾਂ 'ਚ ਹੋ ਸਕਦੀ ਹੈ ਪਰ ਗਰਮੀਆਂ 'ਚ ਪ੍ਰਕੋਪ ਜ਼ਿਆਦਾ ਵੇਖਣ ਨੂੰ ਮਿਲਦਾ ਹੈ।

### ਕਾਰਨ

- ਜ਼ਿਗਰ ਜਾਂ ਲਿਵਰ ਤੋ ਪੈਦਾ ਹੋਣ ਵਾਲੇ ਤਰਲ ਪਦਾਰਥ ਪਿੱਤ (ਬਾਇਲਿਊਰੁਬਿਨ) ਦਾ ਖ਼ੂਨ 'ਚ ਜ਼ਿਆਦਾ ਰਿਸਾਵ ਹੋਣ 'ਤੇ ਵਿਅਕਤੀ ਪੀਲੀਏ ਦਾ ਸ਼ਿਕਾਰ ਹੋ ਜਾਂਦਾ ਹੈ।
- ਖਾਣ-ਪੀਣ ਦੀਆਂ ਗ਼ਲਤ ਆਦਤਾਂ ਤੇ ਸਾਫ਼-ਸਫ਼ਾਈ ਦੀ ਘਾਟ।
- ਪੇਟ ਵਿਚ ਕੀੜਿਆਂ ਦਾ ਹੋਣਾ, ਬਾਸੀ ਭੋਜਨ ਤੇ ਜ਼ਿਆਦਾ ਮਸਾਲੇਦਾਰ ਭੋਜਨ ਦੀ ਵਰਤੋਂ।
- ਸ਼ਰਾਬ, ਬੀਅਰ, ਚਾਹ, ਦਰਦ ਨਿਵਾਰਕ ਗੋਲੀਆਂ ਤੇ ਮੈਡੀਕਲ ਨਸ਼ੇ ਦੀ ਵਰਤੋਂ।
- ਪਿੱਤੇ ਦੀ ਪੱਥਰੀ, ਫੈਟੀ ਲਿਵਰ ਤੇ ਸ਼ੂਗਰ ਹੋਣ 'ਤੇ ਪੀਲੀਆ ਹੋਣ ਦੇ ਆਸਾਰ ਵਧ ਜਾਂਦੇ ਹਨ।
- ਟੀਕੇ ਵਾਲੀਆਂ ਸੂਈਆਂ ਸਾਂਝੀਆਂ ਵਰਤਣ ਨਾਲ।
- ਗਰਭਵਤੀ ਔਰਤਾਂ ਵੱਲੋਂ ਹਾਰਮੋਨਜ਼ ਦੀਆਂ ਦਵਾਈਆਂ ਦੀ ਜ਼ਿਆਦਾ ਵਰਤੋਂ ਕਰਨ ਨਾਲ।
- ਪੀਲੀਏ ਵਾਲੇ ਮਰੀਜ਼ ਨਾਲ ਰੇਜ਼ਰ ਜਾਂ ਟੁੱਥ-ਬਰੱਸ਼ ਸਾਂਝਾ ਕਰਨਾ।
- ਦੰਦਾਂ ਦੀ ਅਨ-ਹਾਈਜੀਨਿਕ ਸਰਜਰੀ ਤੇ ਨੇਲ ਕਟਰ ਦਾ ਸਾਂਝਾ ਇਸਤੇਮਾਲ।
- ਸਰੀਰ 'ਤੇ ਟੈਟੂ ਬਨਵਾਉਣਾ, ਨੱਕ ਤੇ ਕੰਨ ਵਿੰਨ੍ਹਣ ਵਾਲੇ ਔਜ਼ਾਰਾਂ ਦਾ ਗੰਦਾ ਹੋਣਾ।
- ਹੱਥਾਂ ਦੀ ਸਫ਼ਾਈ ਨਾ ਰੱਖਣਾ ਤੇ ਦੂਸ਼ਿਤ ਪਾਣੀ।

### ਲੱਛਣ

- ਮਰੀਜ਼ ਨੂੰ ਹਲਕਾ ਬੁਖ਼ਾਰ ਰਹਿੰਦਾ ਹੈ।
- ਰੋਟੀ ਨੂੰ ਵੇਖਦੇ ਹੀ ਉਬਕਾਈਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।
- ਪਿਸ਼ਾਬ ਹਲਦੀ ਵਰਗਾ ਪੀਲਾ ਆਉਣਾ, ਚਮੜੀ ਤੇ ਅੱਖਾਂ ਦਾ ਚਿੱਟਾ ਭਾਗ ਪੀਲਾ ਹੋ ਜਾਂਦਾ ਹੈ।
- ਸਰੀਰ ਦਾ ਸੁਸਤ ਹੋਣਾ, ਥਕਾਵਟ ਤੇ ਕੰਮ ਨੂੰ ਮਨ ਨਾ ਕਰਨਾ।
- ਜ਼ਿਗਰ ਤੇ ਤਿੱਲੀ ਦੇ ਆਕਾਰ ਦਾ ਵਧ ਜਾਣਾ।
- ਨਹੁਆਂ ਦਾ ਰੰਗ ਸਫ਼ੈਦ ਤੋ ਪੀਲਾ ਹੋ ਜਾਣਾ
- ਪੇਟ 'ਚ ਦਰਦ ਰਹਿਣਾ।
- ਪਾਖ਼ਾਨਾ ਚਿੱਟਾ ਤੇ ਪਿਸ਼ਾਬ ਦਾ ਪੀਲਾ ਹੋ ਜਾਣਾ।
- ਖ਼ੂਨ ਦੀ ਕਮੀ (ਅਨੀਮੀਆ), ਚਮੜੀ ਤੇ ਜੋੜਾਂ ਦੀਆਂ ਤਕਲੀਫ਼ਾਂ ਦਾ ਹੋਣਾ।
- ਭਾਰ ਘਟ ਜਾਣਾ, ਪੇਟ ਵਿਚ ਪਾਣੀ ਭਰ ਜਾਣਾ ਤੇ ਖ਼ੂਨ ਦੀਆਂ ਉਲਟੀਆਂ, ਜ਼ਿਗਰ ਦਾ ਸਿਰੋਸਿਸ ਹੋ ਜਾਣਾ ਆਦਿ ਲੱਛਣ ਘਾਤਕ ਹੋ ਸਕਦੇ ਹਨ।

### ਵਿਸ਼ੇਸ਼ ਗੱਲ

- ਬਿਮਾਰੀ ਦੇ ਲੱਛਣ ਨੋਟ ਕਰਨ ਤੋਂ ਇਲਾਵਾ ਡਾਕਟਰ ਇਹ ਵੀ ਜਾਂਚ ਕਰੇ ਕਿ ਮਰੀਜ਼ ਨੂੰ ਕਿਸ ਕਿਸਮ ਦਾ ਪੀਲੀਆ ਹੈ। ਜਿਵੇਂ ਕਿ ਏ, ਬੀ, ਸੀ, ਡੀ ਤੇ ਈ।
- ਪੀਲੀਏ ਦੀ ਬਿਮਾਰੀ ਹੱਥ-ਹੌਲਾ ਜਾਂ ਫਾਂਡਾ ਕਰਵਾਉਣ, ਪੀਲਾ ਕਪੜਾ ਪਾਉਣ, ਧਾਗਾ-ਤਵੀਤ ਕਰਵਾਉਣ ਨਾਲ ਠੀਕ ਨਹੀ ਹੁੰਦੀ। ਅਜਿਹੇ ਵਹਿਮ ਘਾਤਕ ਹੋ ਸਕਦੇ ਹਨ।
- ਪੀਲੀਆ ਹੋਣ 'ਤੇ ਪੇਟ ਦੇ ਮਾਹਿਰ ਡਾਕਟਰ ਨੂੰ ਦਿਖਾਓ, ਜਿਸ ਨੂੰ ਮੈਡੀਕਲ ਭਾਸ਼ਾ ਵਿਚ ਗੈਸਟਰੋਲੋਜੀ ਦੇ ਡਾਕਟਰ ਵੀ ਕਹਿੰਦੇ ਹਨ।
- ਫਲਾਂ ਦਾ ਰਸ, ਗੰਨੇ ਦਾ ਰਸ, ਗੁਲੂਕੋਜ਼ ਪੀਓ। - ਚਾਵਲ, ਚੀਨੀ, ਮੂਲੀ ਦੇ ਪੱਤੇ, ਪਪੀਤਾ, ਗੁੜ, ਚੀਕੂ, ਉੱਬਲੇ ਹੋਏ ਆਲੂ ਤੇ ਪੌਸ਼ਟਿਕ ਭੋਜਨ ਕਾਫੀ ਹੱਦ ਤੱਕ ਠੀਕ ਹਨ।
- ਆਪਣੀ ਸੋਚ ਨੂੰ ਪਾਜ਼ੇਟਿਵ ਰੱਖੋ ਕੇ ਬੁਰੇ ਖ਼ਿਆਲਾਂ ਤੋ ਬਚੋ।
- ਇਲਾਜ ਦੌਰਾਨ ਵਾਰ-ਵਾਰ ਡਾਕਟਰ ਨਾ ਬਦਲੋ।
- ਲੋਕਾਂ ਦੇ ਦੱਸੇ ਟੋਟਕਿਆਂ 'ਤੇ ਵਿਸ਼ਵਾਸ ਨਾ ਕਰੋ।

ਮੋਬਾਈਲ 97798-84393



# ਚਮਤਕਾਰੀ ਨੁਸਖਾ

*ਭਾਰਤ ਵਿਚ ਵੀ 27 ਫ਼ੀਸਦੀ ਲੋਕ ਖ਼ੂਨ ਵਿਚ ਚਰਬੀ ਤੋਂ ਪੀੜਤ ਹਨ। ਬਹੁਤ ਸਾਰੇ ਲੋਕਾਂ ਦੇ ਗੋਡੇ ਪੀੜ ਕਰਦੇ ਹਨ। ਦੁਨੀਆ ਦੀ ਕਿਸੇ ਵੀ ਇਲਾਜ ਪ੍ਰਣਾਲੀ ਵਿਚ ਇਨ੍ਹਾਂ ਰੋਗਾਂ ਦਾ ਸਸਤਾ ਤੇ ਪੱਕਾ ਇਲਾਜ ਨਹੀਂ ਹੈ। ਇਨ੍ਹਾਂ ਰੋਗਾਂ ਨੂੰ ਇਹ ਚਮਤਕਾਰੀ ਨੁਸਖਾ ਠੀਕ ਕਰ ਦਿੰਦਾ ਹੈ...*

ਨਿਰਮਲ ਸਿੰਘ ਕਾਹਲੋਂ

ਇਸ ਸਮੇਂ ਦੁਨੀਆ ਵਿਚ ਲਗਪਗ ਇਕ ਅਰਬ ਵਿਅਕਤੀ ਐਸੀਡਿਟੀ ਜਾਂ ਤੇਜ਼ਾਬੀ ਮਾਦੇ ਜਾਂ ਛਾਤੀ ਦੇ ਸਾੜ ਤੋਂ ਪੀੜਤ ਹਨ। ਇਸ ਰੋਗ ਦੇ ਵਧਣ ਨਾਲ ਮਿਹਦੇ ਵਿਚ ਫੋੜਾ (ਪੈਪਟਿਕ ਅਲਸਰ) ਵੀ ਹੋ ਸਕਦਾ ਹੈ।

ਖ਼ੂਨ ਵਿਚ ਚਰਬੀ ਦੇ ਵੀ ਦੁਨੀਆ ਵਿਚ ਬਹੁਤ ਰੋਗੀ ਹਨ। ਭਾਰਤ ਵਿਚ ਵੀ 27 ਫ਼ੀਸਦੀ ਲੋਕ ਖ਼ੂਨ ਵਿਚ ਚਰਬੀ ਤੋਂ ਪੀੜਤ ਹਨ। ਬਹੁਤ ਸਾਰੇ ਲੋਕਾਂ ਦੇ ਗੋਡੇ ਪੀੜ ਕਰਦੇ ਹਨ। ਦੁਨੀਆ ਦੀ ਕਿਸੇ ਵੀ ਇਲਾਜ ਪ੍ਰਣਾਲੀ ਵਿਚ ਇਨ੍ਹਾਂ ਰੋਗਾਂ ਦਾ ਸਸਤਾ ਤੇ ਪੱਕਾ ਇਲਾਜ ਨਹੀਂ ਹੈ।

ਇਨ੍ਹਾਂ ਰੋਗਾਂ ਨੂੰ ਚਮਤਕਾਰੀ ਨੁਸਖਾ ਠੀਕ ਕਰ ਦਿੰਦਾ ਹੈ। ਸਮੱਗਰੀ ਬੜੀ ਹੀ ਸਸਤੀ ਅਤੇ ਆਮ ਮਿਲ ਜਾਂਦੀ ਹੈ। ਦਵਾਈ ਬਣਾਉਣੀ ਵੀ ਬੜੀ ਆਸਾਨ ਹੈ। ਰੋਗੀ ਆਪਣੀ ਦਵਾਈ ਆਪ ਬਣਾ ਕੇ ਵਰਤ ਸਕਦਾ ਹੈ। ਰਾਜੀ ਹੋ ਕੇ ਹੋਰ ਰੋਗੀਆਂ ਨੂੰ ਵੀ ਰਾਜੀ ਕਰ ਸਕਦਾ ਹੈ। ਸਮੱਗਰੀ ਵਿਚ ਕਿਸੇ ਕਿਸਮ ਦਾ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲਾ ਸਾਮਾਨ ਨਹੀ ਹੈ। ਸਰੀਰ ਉੱਤੇ ਦਵਾਈ ਦਾ ਕੋਈ ਸਾਈਡ-ਇਫੈਕਟ ਜਾਂ ਮਾੜਾ ਅਸਰ ਨਹੀ ਪੈਂਦਾ।

### ਸਮੱਗਰੀ

ਸੁੰਢ ਦਾ ਪਾਊਡਰ - 100 ਗ੍ਰਾਮ

ਮਿੱਠਾ ਸੋਡਾ - 100 ਗ੍ਰਾਮ

ਲੋਹ ਭਸਮ - 20 ਗ੍ਰਾਮ

**ਨੋਟ** : ਮੋਟੇ ਵਿਅਕਤੀ 150 ਗ੍ਰਾਮ ਮਿੱਠਾ ਸੋਡਾ ਪਾ ਸਕਦੇ ਹਨ। ਲਗਾਤਾਰ ਸੇਵਨ ਕਰਨ ਲਈ ਹਰ ਵਾਰ ਲੋਹ ਭਸਮ ਪਾਉਣ ਦੀ ਲੋੜ ਨਹੀ ਹੈ।

### ਤੇਜ਼ਾਬੀ ਮਾਦਾ

***ਮਿਹਦੇ ਵਿਚ ਤੇਜ਼ਾਬੀ ਮਾਦੇ ਦਾ ਵਾਧਾ ਹੋਣ ਕਾਰਨ ਕਾਲਜੇ ਵਿਚ ਸਾੜ ਪੈਂਦਾ ਹੈ ਤੇ ਸੋਡਾ ਤੇਜ਼ਾਬੀ ਮਾਦੇ ਨੂੰ ਖ਼ਤਮ ਕਰਦਾ ਹੈ। ਦੁਨੀਆ ਵਿਚ ਇਕ ਅਰਬ ਤੋਂ ਵੱਧ ਲੋਕ ਇਸ ਰੋਗ ਤੋਂ ਪੀੜਤ ਹਨ। ਪ੍ਰਚਲਿਤ ਦਵਾਈ ਖਾਣ ਨਾਲ ਦਿਲ ਦੇ ਰੋਗ ਲੱਗ ਸਕਦੇ ਹਨ। ਸਵੇਰੇ ਦਾਤਣ ਕਰ ਕੇ 3-4 ਗਲਾਸ ਪਾਣੀ ਪੀ ਕੇ ਸੰਘ ਵਿਚ ਦਾਤਣ ਕਰੋ, ਉਲਟੀ ਆਏ ਗੀ। ਉਲਟੀ ਨਾਲ ਤੇਜ਼ਾਬੀ ਮਾਦਾ ਮਿਹਦੇ 'ਚੋਂ ਬਾਹਰ ਨਿਕਲੇਗਾ ਤੇ ਕਾਲਜੇ ਦੇ ਸਾੜ ਤੋਂ ਰਾਹਤ ਮਿਲੇਗੀ। ਇਸ ਔਸ਼ਧੀ ਨੂੰ ਰੋਜ਼ਾਨਾ ਸੇਵਨ ਕਰਨ ਨਾਲ 3-4 ਮਹੀਨੇ ਵਿਚ ਹੀ ਕਾਲਜੇ ਦਾ ਸਾੜ ਖ਼ਤਮ ਹੋ ਕੇ ਹਾਜ਼ਮਾ ਵੀ ਠੀਕ ਹੋ ਜਾਂਦਾ ਹੈ।***

### ਦਵਾਈ ਦੀ ਖ਼ੁਰਾਕ

ਸਮੱਗਰੀ ਨੂੰ ਆਪੋ ਵਿਚ ਮਿਲਾ ਕੇ ਇਕ ਗ੍ਰਾਮ ਦੇ ਕੈਪਸੂਲਾਂ ਵਿਚ ਭਰ ਲਵੋ। ਇਸ ਦੀ ਇਕ ਖ਼ੁਰਾਕ ਦੋ ਗ੍ਰਾਮ ਹੈ ਅਤੇ ਇਕ ਦਿਨ ਵਿਚ ਦੋ ਵਾਰ ਖਾਣੀ ਹੈ। ਕਮਜ਼ੋਰ ਵਿਅਕਤੀ ਲਈ ਇਕ ਗ੍ਰਾਮ ਦੀ ਇਕ ਖ਼ੁਰਾਕ ਕਾਫੀ ਹੈ। ਰੋਜ਼ਾਨਾ ਸਵੇਰੇ ਇਕ ਖ਼ੁਰਾਕ ਇਕ ਗਿਲਾਸ ਪਾਣੀ ਨਾਲ ਖਾ ਕੇ 2 ਤੋਂ 3 ਘੰਟੇ ਵਿਚ ਨਾਸ਼ਤਾ ਕਰੋ। ਰਾਤ ਦੀ ਰੋਟੀ ਖਾਣ ਤੋਂ ਦੋ ਘੰਟੇ ਪਹਿਲਾਂ ਜਾਂ ਦੋ ਘੰਟੇ ਬਾਅਦ ਪਾਣੀ ਜਾਂ ਦੁਧ ਨਾਲ ਦਵਾਈ ਦਾ ਸੇਵਨ ਕਰੋ।

### ਖ਼ੂਨ ਵਿਚ ਚਰਬੀ

***ਰੋਜ਼ਾਨਾ ਇਸ ਦਵਾਈ ਦਾ ਸੇਵਨ ਕਰਨ ਨਾਲ ਖ਼ੂਨ ਵਿੱਚੋਂ ਚਰਬੀ ਘਟਦੀ ਹੈ। ਖ਼ੂਨ ਦੀਆਂ ਨਾੜਾਂ ਵਿਚ ਜੰਮੀ ਚਰਬੀ ਜਾਂ ਗੰਦਗੀ ਖ਼ਤਮ ਹੁੰਦੀ ਹੈ ਤੇ ਖ਼ੂਨ ਦੀਆਂ ਸਖ਼ਤ ਨਾੜੀਆਂ ਲਚਕਦਾਰ ਹੋ ਕੇ ਖ਼ੂਨ ਦੇ ਸੰਚਾਰ ਨੂੰ ਠੀਕ ਰੱਖਦੀਆਂ ਹਨ। ਖ਼ੂਨ ਵਿੱਚੋਂ ਚਰਬੀ ਘੱਟ ਹੋਣ ਕਾਰਨ ਹਾਈ ਬਲੱਡ ਪ੍ਰੈਸ਼ਰ ਨਾਰਮਲ ਹੋ ਜਾਂਦਾ ਹੈ।***

ਸੁੰਢ ਅੱਧਰਕ ਤੋਂ ਬਣਦੀ ਹੈ ਤੇ ਮਿੱਠਾ ਸੋਡਾ ਹਾਜ਼ਮੇ ਨੂੰ ਠੀਕ ਕਰਦਾ ਹੈ। ਇਹ ਖੋਜ ਮੇਰੀ ਧਰਮ ਪਤਨੀ ਕੁਲਦੀਪ ਕੌਰ ਦੀ ਹੈ ਅਤੇ ਲੋਹ ਭਸਮ ਮੈਂ (ਲੇਖਕ) ਨੇ ਪਾਈ ਹੈ। ਇਸ ਨੂੰ ਤੰਦਰੁਸਤ ਵਿਅਕਤੀ ਵੀ ਇਸਤੇਮਾਲ ਕਰ ਸਕਦਾ ਹੈ ਤੇ ਰੋਗੀ ਵੀ।

### ਦਵਾਈ ਖਾਣ ਦਾ ਤਰੀਕਾ

ਦਵਾਈ ਦੀ ਇਕ ਖ਼ੁਰਾਕ 2 ਗ੍ਰਾਮ ਹੈ ਅਤੇ ਇਸ ਨੂੰ ਇਕ ਦਿਨ ਵਿਚ ਦੋ ਵਾਰੀ ਸੇਵਨ ਕਰਨਾ ਚਾਹੀਦਾ ਹੈ। ਸਵੇਰੇ ਨਿਰਨੇ-ਕਾਲਜੇ ਇਕ ਖ਼ੁਰਾਕ ਇਕ ਗਿਲਾਸ ਪਾਣੀ ਨਾਲ ਸੇਵਨ ਕਰੋ ਤੇ ਇਸ ਦੇ 2-3 ਘੰਟੇ ਬਾਅਦ ਪ੍ਰਸਾਦਾ ਸੇਵਨ ਕਰੋ। ਰਾਤ ਨੂੰ ਇਕ ਖ਼ੁਰਾਕ ਪ੍ਰਸਾਦਾ ਸੇਵਨ ਕਰਨ ਤੋਂ ਦੋ ਘੰਟੇ ਪਹਿਲਾਂ ਜਾਂ ਦੋ ਘੰਟੇ ਬਾਅਦ ਇਕ ਗਲਾਸ ਪਾਣੀ ਨਾਲ ਸੇਵਨ ਕਰੋ। ਦਵਾਈ ਨੂੰ ਰੋਜ਼ ਸੇਵਨ ਕਰਨ ਨਾਲ 3-4 ਮਹੀਨੇ ਵਿਚ ਹੇਠ ਲਿਖੇ ਰੋਗ ਠੀਕ ਹੁੰਦੇ ਹਨ :

### ਗੋਡਿਆਂ ਦਾ ਦਰਦ

ਹਰ ਰੋਜ਼ ਚਾਹ ਪੀਣ ਕਾਰਨ ਸਮਾਂ ਪਾ ਕੇ ਵਿਅਕਤੀ ਦੇ ਗੋਡੇ ਪੀੜ ਕਰਦੇ ਹਨ। ਇਸ ਦਵਾਈ ਨੂੰ ਹਰ ਰੋਜ਼ ਸੇਵਨ ਕਰਨ ਨਾਲ 3-4 ਮਹੀਨੇ ਵਿਚ ਗੋਡਿਆਂ ਦਾ ਦਰਦ ਵੀ ਠੀਕ ਹੋ ਜਾਂਦਾ ਹੈ। ਲੋਹ ਭਸਮ ਦੀ ਤਾਸੀਰ ਠੰਡੀ ਹੁੰਦੀ ਹੈ ਤੇ ਇਹ ਨਵਾਂ ਖ਼ੂਨ ਪੈਦਾ ਕਰਦੀ ਹੈ, ਇਸ ਕਰਕੇ ਤਾ-ਭੁਸ ਦਾ ਰੋਗੀ ਵੀ ਠੀਕ ਹੋ ਜਾਂਦਾ ਹੈ ਤੇ ਉਸ ਦੇ ਸਰੀਰ ਵਿਚ ਨਵਾਂ ਖ਼ੂਨ ਵੀ ਪੈਦਾ ਹੁੰਦਾ ਹੈ। ਇਸ ਨਾਲ ਰੋਗ ਵੀ ਦੂਰ ਹੋਵੇਗਾ ਤੇ ਸਰੀਰ 'ਚ ਤਾਕਤ ਵੀ ਆਉਂਦੀ ਹੈ। ਰੋਗੀ ਨੂੰ ਦੁੱਧ, ਘਿਓ, ਦਹੀਂ ਤੇ ਦਹੀਂ ਦੀ ਲੱਸੀ ਵੀ ਸੇਵਨ ਕਰਨੀ ਚਾਹੀਦੀ ਹੈ।

ਜਿਸ ਦਾ ਰੋਗ ਬੜਾ ਪੁਰਾਣਾ ਹੈ, ਜਾਂ ਜਿਸ ਨੇ ਬਦਪ੍ਰਹੇਜ਼ੀ ਕਰਕੇ ਰੋਗ ਵਧਾ ਲਿਆ ਹੈ, ਉਸ ਨੂੰ ਰਾਜ਼ੀ ਹੋਣ ਵਿਚ ਵੱਧ ਸਮਾਂ ਲੱਗ ਸਕਦਾ ਹੈ। ਇਲਾਜ ਕਰਦੇ ਸਮੇਂ ਤੇ ਰਾਜ਼ੀ ਹੋ ਕੇ ਵੀ ਖਾਣ-ਪੀਣ ਦਾ ਪ੍ਰਹੇਜ਼ ਬੜਾ ਜ਼ਰੂਰੀ ਹੈ। ਮਾਸ, ਸ਼ਰਾਬ, ਹਰ ਪ੍ਰਕਾਰ ਦੇ ਨਸ਼ੇ ਚਾਹ ਤੇ ਕੌਫ਼ੀ ਕੁਦਰਤੀ ਭੋਜਨ ਨਹੀਂ ਹਨ। ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਮੋਬਾਈਲ - 88729-46618

## ਨਿਰਪੱਖ, ਪਾਰਦਰਸ਼ੀ ਅਤੇ ਭੈਅ ਮੁਕਤ ਚੋਣਾਂ ਕਰਵਾਉਣ ਲਈ ਪਟਿਆਲਾ ਜ਼ਿਲ੍ਹਾ ਪ੍ਰਸ਼ਾਸ਼ਨ ਪੂਰੀ ਤਰ੍ਹਾਂ ਚੌਕਸ

# ਮਜ਼ਬੂਤ ਲੋਕਤੰਤਰ ਦਾ ਹਿੱਸਾ ਬਣਨ ਲਈ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਜ਼ਰੂਰੀ: ਸ਼ੌਕਤ ਅਹਿਮਦ ਪਰੇ ਭੈਅ ਮੁਕਤ ਤੇ ਸ਼ਾਂਤਮਈ ਢੰਗ ਨਾਲ ਚੋਣਾਂ ਕਰਵਾਉਣ ਲਈ ਪਟਿਆਲਾ ਪੁਲਿਸ ਪੂਰੀ ਤਰ੍ਹਾਂ ਮੁਸ਼ਤੈਦ: ਐਸ.ਐਸ.ਪੀ.

**ਪਟਿਆਲਾ, 10 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਲੋਕ ਸਭਾ ਚੋਣਾਂ ਲਈ ਜ਼ਿਲ੍ਹਾ ਪਟਿਆਲਾ ਦਾ ਚੋਣ ਮੈਨੇਜਮੈਂਟ ਪਲਾਨ ਜਾਰੀ ਕਰਦੇ ਹੋਏ।

ਨਿਰਪੱਖ, ਪਾਰਦਰਸ਼ੀ ਅਤੇ ਭੈਅ ਮੁਕਤ ਲੋਕ ਸਭਾ ਚੋਣਾਂ ਕਰਵਾਉਣ ਲਈ ਜ਼ਿਲ੍ਹਾ ਪ੍ਰਸਾਸ਼ਨ ਪਟਿਆਲਾ ਵਲੋਂ ਪੂਰੀ ਚੌਕਸੀ ਵਰਤੀ ਜਾ ਰਹੀ ਹੈ ਅਤੇ ਚੋਣ ਪ੍ਰਕਿਰਿਆ ਸਬੰਧੀ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਪ੍ਰੋਗਰਾਮਾਂ ਨੂੰ ਮੀਡੀਆ ਨਾਲ ਨਿਰੰਤਰ ਸਾਂਝਾ ਵੀ ਕੀਤਾ ਜਾ ਰਿਹਾ ਹੈ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਟਿਆਲਾ ਲੋਕ ਸਭਾ ਹਲਕੇ ਦੇ ਰਿਟਰਨਿੰਗ ਅਫ਼ਸਰ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜਿੱਥੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਲੋਕ ਸਭਾ ਚੋਣਾ ਬਾਰੇ ਜਨਤਕ ਨੋਟਿਸ ਜਾਰੀ ਕੀਤਾ, ਉਥੇ ਜ਼ਿਲ੍ਹਾ ਚੋਣ ਮੈਨੇਜਮੈਂਟ ਪਲਾਨ ਵੀ ਜਾਰੀ ਕੀਤਾ। ਇਸ ਮੌਕੇ ਐਸ.ਐਸ.ਪੀ. ਵਰੁਣ ਸ਼ਰਮਾ, ਐਸ.ਪੀ. (ਸਿਟੀ) ਸਰਫ਼ਰਾਜ ਆਲਮ ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ। ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਪੁਲਿਸ ਵੱਲੋਂ ਲੋਕ ਸਭਾ ਚੋਣਾਂ ਨਿਰਪੱਖ, ਪਾਰਦਰਸ਼ੀ ਅਤੇ ਭੈਅ ਮੁਕਤ ਢੰਗ ਨਾਲ ਕਰਵਾਉਣ ਲਈ ਸਮੁੱਚੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਸ਼ਾਂਤੀਪੂਰਵਕ ਮਾਹੌਲ ਦਿੱਤਾ ਜਾਵੇਗਾ, ਇਸ ਲਈ ਉਹ ਬਿਨ੍ਹਾਂ ਕਿਸੇ ਡਰ ਅਤੇ ਭੈਅ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਇੱਕ ਮਜ਼ਬੂਤ ਲੋਕਤੰਤਰ ਦਾ ਹਿੱਸਾ ਬਣਨ।ਉਨ੍ਹਾਂ ਦੱਸਿਆ ਕਿ 1 ਜੂਨ 2024 ਵੀਰਵਾਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣ ਵਾਲੀਆਂ ਵੋਟਾਂ ਲਈ ਨਾਮਜ਼ਦਗੀਆਂ ਸ਼ੁਰੂ ਹੋਣ ਨਾਲ ਸਾਰੇ ਵਿਧਾਨ ਸਭਾ ਹਲਕਿਆਂ 'ਚ ਗਠਿਤ ਸਟੈਟਿਕ ਸਰਵੇਲੈਂਸ ਟੀਮਾਂ ਵੱਲੋਂ ਸੜਕਾਂ 'ਤੇ ਬੈਰੀਕੇਡਿੰਗ ਲਗਾਕੇ ਵਾਹਨਾਂ ਨੂੰ ਰੋਕ ਕੇ ਚੈਕਿੰਗ ਸ਼ੁਰੂ ਕਰ ਦਿੱਤੀ ਗਈ ਹੈ।ਇਸ ਤੋਂ ਇਲਾਵਾ ਉਡਣ ਦਸਤਿਆਂ ਦੀਆਂ ਟੀਮਾਂ ਵੀ ਪੂਰੀ ਤਰ੍ਹਾਂ ਸਰਗਰਮੀ ਨਾਲ ਚੈਕਿੰਗ ਕਰ ਰਹੀਆਂ ਹਨ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ 10 ਮਈ ਤੋਂ 14 ਮਈ ਤੱਕ ਡਿਪਟੀ ਕਮਿਸ਼ਨਰ ਦੇ ਕੋਰਟ ਰੂਮ (ਕਮਰਾ ਨੰਬਰ 108) ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ 10 ਮਈ ਨੂੰ ਭਗਵਾਨ ਪਰਸ਼ੂਮਰਾਮ ਜੈਅੰਤੀ ਵਾਲੇ ਦਿਨ ਵੀ ਨਾਮਜ਼ਦਗੀ ਪੱਤਰ ਪ੍ਰਾਪਤ ਕੀਤੇ ਜਾਣਗੇ, ਕਿਉਂਕਿ ਇਸ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ 1881 ਤਹਿਤ ਛੁੱਟੀ ਨਹੀਂ ਹੈ। ਇਸ ਤੋਂ ਇਲਾਵਾ 11 ਮਈ ਨੂੰ ਦੂਜਾ ਸ਼ਨੀਵਾਰ ਤੇ 12 ਮਈ ਨੂੰ ਐਤਵਾਰ ਹੋਣ ਕਰਕੇ ਛੁੱਟੀ ਹੋਵੇਗੀ।ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਦੀ ਪੜਤਾਲ 15 ਮਈ ਬੁੱਧਵਾਰ ਨੂੰ ਹੋਵੇਗੀ ਅਤੇ ਉਮੀਦਵਾਰ 110 ਮਈ ਤੱਕ ਆਪਣੇ ਨਾਮਜ਼ਦਗੀ ਵਾਪਸ ਲੈ ਸਕਣਗੇ।ਉਨ੍ਹਾਂ ਦੱਸਿਆ ਕਿ ਇਸੇ ਦਿਨ ਸਾਰੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋ ਜਾਵੇਗੀ ਤੇ ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਉਨ੍ਹਾਂ ਨੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਉਣ।

ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ 85 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ, ਦਿਵਿਆਂਗਜਨ ਅਤੇ ਚੋਣਾਂ ਲਈ ਕਿਸੇ ਵੀ ਤਰ੍ਹਾਂ ਦੀ ਡਿਊਟੀ 'ਤੇ ਤਾਇਨਾਤ ਚੋਣ ਅਮਲੇ ਦੀਆ ਵੋਟਾਂ ਪੁਆਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਵੱਖ-ਵੱਖ ਫਾਰਮ 12 ਮਈ ਤੋਂ ਪਹਿਲਾਂ-ਪਹਿਲਾਂ ਭਰਵਾਉਣ ਦੇ ਪੂਰੇ ਪ੍ਰਬੰਧ ਵੀ ਕਰ ਲਏ ਹਨ।ਉਨ੍ਹਾਂ ਦੱਸਿਆ ਕਿ ਕੋਈ ਵੀ ਵੋਟਰ ਆਪਣੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ, ਬਲਕਿ ਪੂਰੇ ਉਤਸ਼ਾਹ ਨਾਲ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀ ਸਵੀਪ ਟੀਮ ਵਲੋਂ ਵੋਟ ਪਾਉਣ ਸਬੰਧੀ ਜਾਗਰੂਕਤਾ ਵੀ ਫੈਲਾਈ ਜਾ ਰਹੀ ਹੈ, ਤਾਂ ਜੋ ਚੋਣ ਕਮਿਸ਼ਨ ਵੱਲੋਂ ਨਿਰਧਾਰਤ 70 ਫੀਸਦੀ ਤੋਂ ਵੱਧ ਵੋਟਾਂ ਪੁਆਉਣ ਦੇ ਟੀਚੇ ਨੂੰ ਸਰ ਕੀਤਾ ਜਾ ਸਕੇ।

ਇਸ ਮੌਕੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਲੋਕ ਸਭਾ ਚੋਣਾਂ ਸ਼ਾਂਤੀਪੂਰਵਕ ਅਤੇ ਭੈਅ ਮੁਕਤ ਤਰੀਕੇ ਨਾਲ ਕਰਵਾਉਣ ਲਈ ਗ਼ਲਤ ਅਨਸਰਾਂ 'ਤੇ ਸਿਕੰਜ਼ਾ ਕੱਸਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ 85 ਫੀਸਦੀ ਲਾਇਸੈਂਸੀ ਅਸਲਾ ਜਮ੍ਹਾਂ ਕਰਵਾ ਲਿਆ ਗਿਆ ਹੈ। ਇਸ ਤੋਂ ਇਲਾਵਾ ਹਰਿਆਣਾ ਨਾਲ ਲੱਗਦੀ ਪਟਿਆਲਾ ਜ਼ਿਲ੍ਹੇ ਦੀ ਹੱਦ 'ਤੇ ਸੀਸੀਟੀਵੀ ਕੈਮਰਿਆਂ ਦੀ ਨਿਗਰਾਨੀ ਹੇਠ 24 ਘੰਟੇ ਨਿਰੰਤਰ 14 ਇੰਟਰਸਟੇਟ ਨਾਕੇ ਲੱਗੇ ਹੋਏ ਹਨ, ਜਿਥੇ ਨਸ਼ਿਆਂ, ਨਜਾਇਜ਼ ਸ਼ਰਾਬ, ਹਥਿਆਰਾਂ ਤੇ ਸ਼ੱਕੀ ਵਿਅਕਤੀਆਂ ਦੀ ਐਂਟਰੀ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਵੋਟਰਾਂ ਨੂੰ ਆਪਣੇ ਵੱਲ ਰੁਝਾਉਣ ਲਈ 'ਮਨੀ ਤੇ ਮਸਲ ਪਾਵਰ' ਦੀ ਵਰਤੋਂ ਰੋਕਣ ਤੇ ਅਚਨਚੇਤ ਚੈਕਿੰਗ ਲਈ ਫਲਾਇੰਗ ਸਕੁਐਡ ਟੀਮਾਂ ਵੀ ਪੂਰੀ ਤਰ੍ਹਾਂ ਸਰਗਰਮ ਹਨ।

ਐਸ.ਐਸ.ਪੀ. ਨੇ ਅੱਗੇ ਦੱਸਿਆ ਕਿ ਪਟਿਆਲਾ ਪੁਲਿਸ ਨੇ ਚੋਣ ਜ਼ਾਬਤਾ ਲੱਗਣ ਤੋਂ ਬਾਅਦ 20 ਲੱਖ ਰੁਪਏ ਦੀ ਨਜਾਇਜ਼ ਨਗ਼ਦੀ ਅਤੇ 19 ਕਿਲੋ ਚਾਂਦੀ ਬਰਾਮਦ ਕਰਨ ਤੋਂ ਇਲਾਵਾ 57 ਭਗੌੜੇ ਵੀ ਗ੍ਰਿਫ਼ਤਾਰ ਕੀਤੇ ਹਨ।ਜਦਕਿ ਐਨ.ਡੀ.ਪੀ.ਐਸ. ਐਕਟ ਤਹਿਤ 93 ਮੁਕਦਮੇ ਦਰਜ ਕਰਕੇ 10 ਕਿਲੋ ਅਫੀਮ, 3 ਕਿਲੋ ਹੈਰੋਇਨ ਬਰਾਮਦ ਕੀਤੀ ਹੈ ਤੇ 116 ਆਬਕਾਰੀ ਐਕਟ ਦੇ ਮੁਕੱਦਮੇ ਦਰਜ ਕੀਤੇ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਿਆਂ, ਨਜਾਇਜ਼ ਸ਼ਰਾਬ ਤੇ ਅਸਲੇ ਤੇ ਨਾਜਾਇਜ਼ ਨਗ਼ਦੀ 'ਤੇ ਵੀ ਤਿੱਖੀ ਨਜ਼ਰ ਰੱਖੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਾਕਮ ਥਾਪਰ, ਡੀ.ਐਸ.ਪੀ. ਰਾਜ ਕੁਮਾਰ ਸ਼ਰਮਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪ੍ਰਨੀਤ ਕੌਰ ਦੀ ਚੋਣ ਵਿਚ ਨੌਜਵਾਨ ਵਰਗ ਵਲੋਂ ਕੀਤੀ ਜਾ ਰਹੀ ਹੈ ਭਾਰੀ ਗਿਣਤੀ ਵਿੱਚ ਸ਼ਮੂਲੀਅਤ: ਬੰਨੀ ਚੈਹਿਲ

**ਪਟਿਆਲਾ, 10 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਮੁੱਖ ਮੰਤਰੀ ਪੰਜਾਬ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਜੀ ਦੇ ਪਰਿਵਾਰਕ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੰਜੇਇੰਦਰ ਸਿੰਘ ਬੰਨੀ ਚੈਹਿਲ ਜੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਪਟਿਆਲਾ ਤੋਂ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਜਿਨ੍ਹਾਂ ਨੇ ਹਮੇਸ਼ਾ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਹਲਕਿਆਂ ਵਿਚ ਅਨੇਕਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਹੈ ਅਤੇ ਹਮੇਸ਼ਾ ਹਰ ਇਕ ਦੇ ਦੁੱਖ ਸੁੱਖ ਵਿਚ ਹਮੇਸ਼ਾ ਸ਼ਮੂਲੀਅਤ ਕੀਤੀ ਹੈ ਅਤੇ ਹਰ ਇੱਕ ਵਰਕਰ ਨਾਲ ਖੜ੍ਹੇ ਹਨ ਜਿਸ ਕਾਰਨ ਪੂਰੇ ਲੋਕ ਸਭਾ ਹਲਕੇ ਵਿਚ ਪਬਲਿਕ ਭਾਰੀ ਗਿਣਤੀ ਵਿਚ ਜੁੜ ਰਹੀ ਹੈ ਖਾਸ ਕਰਕੇ ਨੌਜਵਾਨ ਵਰਗ ਵਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ ਉਹਨਾਂ ਕਿਹਾ ਕਿ ਪੂਰੇ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਲਹਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਕੇਂਦਰ ਵਿਚ ਮੁੜ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੇਗੀ ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਹਰ ਵਰਗ ਬਾਰੇ ਕੰਮ ਕੀਤਾ ਗਰੀਬ ਪਰਿਵਾਰਾਂ ਨੂੰ ਫਰੀ ਰਾਸਨ, ਅਸ਼ੂਮਾਨ ਸਕੀਮ ਅਧੀਨ ਬੀਮਾਰੀ ਦੇ ਇਲਾਜ ਲਈ ਪੰਜ ਲੱਖ ਤੱਕ ਦਾ ਇਲਾਜ,ਕਿਸਾਨ ਨਿੱਧੀ ਯੋਜਨਾ ਤਹਿਤ ਛੇ ਹਜ਼ਾਰ ਰੁਪਏ ਸਾਲ ਦੇ ਕਿਸਾਨਾਂ ਨੂੰ ਮਿਲ ਰਹੇ ਹਨ, ਅਨੇਕਾਂ ਵਸਤੂਆਂ ਤੇ ਸਬਸਿਡੀ ਕੇਂਦਰ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ ਅਤੇ ਹੋਰ ਬਹੁਤ ਸਾਰੀਆਂ ਸਕੀਮਾਂ ਗਰੀਬ ਪਰਿਵਾਰਾਂ ਅਤੇ ਆਮ ਵਰਗ ਲਈ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਹਨ ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਜੋ ਕਿ ਪਹਿਲਾਂ ਵੀ ਚਾਰ ਵਾਰ ਮੈਂਬਰ ਪਾਰਲੀਮੈਂਟ ਬਣ ਚੁੱਕੇ ਹਨ ਉਨ੍ਹਾਂ ਕਿਹਾ ਕਿ ਮਹਾਰਾਣੀ ਪ੍ਰਨੀਤ ਕੌਰ ਭਾਰਤ ਸਰਕਾਰ ਵਿਚ ਵਿਦੇਸ਼ ਮੰਤਰੀ ਰਹਿੰਦਿਆਂ ਬਾਹਰਲੇ ਦੇਸ਼ਾਂ ਵਿੱਚ ਫ਼ਸੇ ਭਾਰਤੀਆਂ ਅਤੇ ਲੜਕੀਆਂ ਨੂੰ ਵਾਪਸ ਭਾਰਤ ਲਿਆਉਣ ਵਿੱਚ ਯੋਗਦਾਨ ਪਾਇਆ ਅਤੇ ਹੁਣ ਮੁੜ ਪਟਿਆਲਾ ਵਾਸੀਆਂ ਦੇ ਸਹਿਯੋਗ ਨਾਲ ਮੁੜ ਮਹਾਰਾਣੀ ਪ੍ਰਨੀਤ ਕੌਰ ਲੋਕ ਸਭਾ ਚੋਣ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ।

# ਸਰਕਾਰੀ ਹਾਈ ਸਕੂਲ ਖਿਆਲੀ ਵਾਲਾ ਦਾ ਅੱਠਵੀਂ ਅਤੇ ਦਸਵੀਂ ਦਾ ਨਤੀਜਾ ਰਿਹਾ ਸੌ ਫ਼ੀਸਦੀ

**ਬਠਿੰਡਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਾਲ ਹੀ ਵਿੱਚ ਐਲਾਨੇ ਗਏ ਅੱਠਵੀਂ ਅਤੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਪਿੰਡ ਖਿਆਲੀ ਵਾਲਾ ਦੇ ਸਰਕਾਰੀ ਹਾਈ ਸਕੂਲ ਦਾ ਨਤੀਜ਼ਾ 100 ਫ਼ੀਸਦੀ ਰਿਹਾ ਸਕੂਲ ਦੇ ਮੁੱਖ ਅਧਿਆਪਕ ਸ. ਗੁਰਸ਼ਰਨ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਸਾਡੇ ਸਕੂਲ ਅਤੇ ਪੂਰੇ ਜਿਲੇ ਵਾਸਤੇ ਖੁਸ਼ੀ ਦੀ ਗੱਲ ਹੈ ਕਿ ਜਿਥੇ ਅੱਠਵੀਂ ਅਤੇ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ ਹੈ ਉੱਥੇ ਸਾਰੇ ਹੀ ਬੱਚੇ ਵਧੀਆ ਅੰਕਾਂ ਨਾਲ ਪਾਸ ਹੋਏ ਹਨ ਅੱਠਵੀ ਜਮਾਤ ਵਿੱਚੋਂ ਨਵਨੀਤ ਕੌਰ ਨੇ 95.83 , ਅਨਮੋਲਦੀਪ ਕੌਰ ਨੇ 90%, ਲਵਪ੍ਰੀਤ ਕੌਰ 83.66 ਅਤੇ ਹੁਸਨਪ੍ਰੀਤ ਕੌਰ ਨੇ ਵੀ 83.66 ਅੰਕ ਪ੍ਰਾਪਤ ਕੀਤੇ ਅਤੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ! ਇਸੇ ਤਰ੍ਹਾਂ ਹੀ ਦਸਵੀਂ ਜਮਾਤ ਵਿੱਚੋਂ ਮੰਨਤ ਵਰਮਾ ਨੇ 92.46%, ਖੁਸ਼ਪ੍ਰੀਤ ਕੌਰ ਨੇ 85% ਅਤੇ ਧਰਮਪ੍ਰੀਤ ਸਿੰਘ ਨੇ 84.31% ਅੰਕ ਪ੍ਰਾਪਤ ਕੀਤੇ ਅਤੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ !

ਮੁੱਖ ਅਧਿਆਪਕ ਗੁਰਸ਼ਰਨ ਸਿੰਘ ਨੇ ਅੱਗੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਿੱਥੇ ਅੱਠਵੀਂ ਅਤੇ ਦਸਵੀਂ ਜਮਾਤ ਦੇ ਨਤੀਜੇ ਸ਼ਾਨਦਾਰ ਰਹੇ ਹਨ ਉੱਥੇ ਹੀ ਮੈਰੀਟੋਰੀਅਸ ਸਕੂਲਾਂ ਲਈ ਹੋਈ ਦਾਖ਼ਲਾ ਪ੍ਰੀਖਿਆ ਵਿੱਚ ਵੀ ਸਰਕਾਰੀ ਹਾਈ ਸਕੂਲ ਖਿਆਲੀ ਵਾਲਾ ਦੇ 15 ਬਚਿਆ ਨੇ ਸਫਲਤਾ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ ਇਸ ਮੌਕੇ ਇਸ ਸਫ਼ਲਤਾ ਦੇ ਬਾਰੇ ਜਦੋਂ ਮੁੱਖ ਅਧਿਆਪਕ ਸਾਹਿਬ ਨਾਲ ਗੱਲ ਕੀਤੀ ਤਾਂ ਓਹਨਾ ਨੇ ਕਿਹਾ ਕਿ ਇਹ ਸਭ ਸਕੂਲ ਦੇ ਮਿਹਨਤੀ ਸਟਾਫ ਅਤੇ ਬਚਿਆ ਦੇ ਸਾਂਝੇ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ ਹੈ।

# ਵਿਸ਼ਵ ਅਸਥਮਾ ਦਿਵਸ ਮੌਕੇ ਕੱਢੀ ਜਾਗਰੂਕਤਾ ਰੈਲੀ



**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਅਸਥਮਾ ਦਿਵਸ ਮੌਕੇ ਅੱਜ ਟੀ.ਬੀ. ਹਸਪਤਾਲ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵੱਲੋਂ ਸ਼ੇਰਾਂਵਾਲਾ ਗੇਟ ਤੋਂ ਲੈਕੇ ਟੀ.ਬੀ. ਹਸਪਤਾਲ ਤੱਕ ਜਾਗਰੂਕਤਾ ਰੈਲੀ ਕੱਢ ਕੇ ਲੋਕਾਂ ਨੂੰ ਅਸਥਮਾ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਪ੍ਰੋਫੈਸਰ ਪਲਮੋਨਰੀ ਮੈਡੀਸਨ ਵਿਭਾਗ ਡਾ. ਵਿਸ਼ਾਲ ਚੋਪੜਾ ਨੇ ਆਏ ਮਹਿਮਾਨ ਦਾ ਧੰਨਵਾਦ ਕਰਦਿਆਂ ਦਮੇ ਦੀ ਬਿਮਾਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਸਥਮਾ ਫੇਫੜਿਆਂ ਦੀ ਇੱਕ ਬਿਮਾਰੀ ਹੈ, ਜਿਸਦਾ ਖਤਰਾ ਲਗਭਗ ਹਰ ਉਮਰ ਦੇ ਲੋਕਾਂ 'ਚ ਦੇਖਿਆ ਜਾਂਦਾ ਹੈ। ਇਸ ਦੇ ਮਰੀਜ਼ ਸਾਹ ਨਾਲੀਆਂ ਦੇ ਆਲੇ-ਦੁਆਲੇ ਮਾਸਪੇਸ਼ੀਆਂ ਦੀ ਸੋਜ ਅਤੇ ਅਕੜਾਅ ਤੋਂ ਪੀੜਤ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਲਈ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਅਸਥਮਾ ਦੇ ਮਰੀਜ਼ਾਂ ਲਈ ਬਹੁਤ ਸਾਰੀਆਂ ਵਾਤਾਵਰਣ ਦੀਆਂ ਸਥਿਤੀਆਂ ਸਮੱਸਿਆਵਾਂ ਨੂੰ ਵਧਾਉਣ ਵਾਲੀਆਂ ਮੰਨੀਆਂ ਜਾਂਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਇਸ ਬਿਮਾਰੀ ਤੋਂ ਪੀੜਤ ਲੋਕ ਸਾਵਧਾਨੀ ਵਰਤਣਾ ਜਾਰੀ ਰੱਖਣ। ਉਨ੍ਹਾਂ ਕਿਹਾ ਕਿ ਬਿਮਾਰੀ ਕਾਰਨ ਸਾਹ ਦੀ ਨਾਲੀ ਸੁੱਜ ਜਾਂਦੀ ਹੈ, ਜਿਸ ਕਾਰਨ ਸਾਹ ਲੈਣ 'ਚ ਮੁਸ਼ਕਲ ਮਹਿਸੂਸ ਹੁੰਦੀ ਹੈ। ਸਾਹ ਦੀ ਤਕਲੀਫ ਅਤੇ ਖੰਘ ਦੀ ਸਮੱਸਿਆ ਵੀ ਇਸ ਕਾਰਨ ਹੁੰਦੀ ਹੈ। ਅਜਿਹੇ 'ਚ ਜੇਕਰ ਮਰੀਜ਼ ਨੂੰ ਧੂੜ ਅਤੇ ਧੂੰਏਂ ਤੋਂ ਐਲਰਜੀ ਹੈ ਤਾਂ ਸਮੱਸਿਆ ਵੱਧ ਜਾਂਦੀ ਹੈ, ਨਾਲ ਹੀ ਜੇਕਰ ਜ਼ੁਕਾਮ ਅਤੇ ਖਾਂਸੀ ਵਰਗੀਆਂ ਲਾਗਾਂ ਹਨ ਤਾਂ ਅਸਥਮਾ ਦੀ ਸਮੱਸਿਆ ਵੱਧ ਸਕਦੀ ਹੈ। ਇਸ ਮੌਕੇ ਟੀ.ਬੀ. ਹਸਪਤਾਲ ਦੇ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ਼ ਤੇ ਵੀਰ ਹਕੀਕਤ ਰਾਏ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ੇਰਾਂਵਾਲਾ ਗੇਟ ਤੋਂ ਟੀ.ਬੀ. ਹਸਪਤਾਲ ਤੱਕ ਜਾਗਰੂਕਤਾ ਰੈਲੀ ਕੱਢੀ ਗਈ। ਸਮਾਗਮ ਵਿੱਚ ਸਰਕਾਰੀ ਰਾਜਿੰਦਰ ਹਸਪਤਾਲ ਦੇ ਡਿਪਟੀ ਮੈਡੀਕਲ ਸੁਪਰਡੈਂਟ ਡਾ. ਵੀ.ਕੇ. ਡੰਗਵਾਲ, ਡਾ. ਹਰਸਿਮਰਨ ਤੁਲੀ ਸਮੇਤ ਵੱਡੀ ਗਿਣਤੀ ਵਿਦਿਆਰਥੀ ਵੀ ਮੌਜੂਦ ਸਨ।

# ਖੂਨਦਾਨ ਸੇਵਾ ਦਾ ਪੂਰੀ ਦੁਨੀਆਂ ਵਿਚ ਕੋਈ ਬਦਲ ਨਹੀਂ: ਪ੍ਰੋ. ਬਡੂੰਗਰ

## ਰੈਗੂਲਰ ਤੌਰ ਤੇ ਖੂਨਦਾਨ ਕਰਨ ਨਾਲ ਘਟਦਾ ਹੈ ਦਿਲ ਦੀਆਂ ਬਿਮਾਰੀਆਂ ਦਾ ਜ਼ੋਖਮ: ਡਾ. ਅਮਰਿੰਦਰ ਸਿੰਘ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**





ਮਨੁੱਖਤਾ ਦੇ ਭਲੇ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਬਲੱਡ ਬੈਂਕ, ਸਰਕਾਰੀ ਰਜਿੰਦਰਾ ਹਸਪਤਾਲ ਵਿਖੇ 13ਵੇਂ ਸਾਲ ਦੀ ਸ਼ੁਰੂਆਤ ਕਰਦਿਆਂ 297ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ ਨੇ ਖੁਦ 13ਵੀਂ ਵਾਰ ਖ਼ੂਨਦਾਨ ਕਰਕੇ ਕੀਤਾ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਨੈਚਰੋਪੈਥੀ ਅਤੇ ਨਿਊਰੋਥੈਰੇਪੀ ਦੇ ਮਾਹਿਰ ਡਾਕਟਰ ਅਮਰਿੰਦਰ ਸਿੰਘ ਪਟਿਆਲਾ ਨੇ ਮਿਸ਼ਨ ਲਾਲੀ ਅਤੇ ਹਰਿਆਲੀ ਦੇ 13ਵੇਂ ਵਰ੍ਹੇ ਦੀ ਸ਼ੁਰੂਆਤ ਮੌਕੇ ਖ਼ੂਨਦਾਨ ਕਰਨ ਉਪਰੰਤ ਮੰਚ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣ ਦਾ ਮੌਕਾ ਦੇਣ ਲਈ ਮਿਸ਼ਨ ਲਾਲੀ ਅਤੇ ਹਰਿਆਲੀ ਦੇ ਸੰਚਾਲਕ ਸ. ਹਰਦੀਪ ਸਿੰਘ ਦਾ ਅਤੇ ਪ੍ਰਬੰਧਕਾਂ ਦਾ ਮੈਂ ਬਹੁਤ ਧਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ।

ਉਨ੍ਹਾਂ ਕਿਹਾ ਕਿ ਇਹ ਸੰਸਥਾ ਪਿਛਲੇ 12 ਸਾਲਾਂ ਤੋਂ ਲਗਾਤਾਰ ਖ਼ੂਨਦਾਨ ਕੈਂਪ ਆਯੋਜਿਤ ਕਰਕੇ ਸਮੁੱਚੀ ਮਨੁੱਖਤਾ ਦੀ ਸੇਵਾ ਕਰ ਰਹੇ ਹਨ ਅਤੇ ਕਈ ਲੋੜਵੰਦਾਂ ਦੀਆਂ ਬੇਸ਼ਕੀਮਤੀ ਜਾਨਾਂ ਬਚਾ ਰਹੇ ਹਨ, ਜੋ ਬਹੁਤ ਹੀ ਸ਼ਲਾਘਯੋਗ ਕਾਰਜ ਹੈ। ਨਾਲ ਹੀ ਉਨ੍ਹਾਂ ਨੇ ਹਾਜ਼ਰ ਪਤਵੰਤਿਆਂ ਨੂੰ ਖ਼ੂਨਦਾਨ ਕਰਨ ਦੇ ਸਿਹਤ ਸੰਬੰਧੀ ਫਾਇਦੇ ਅਤੇ ਨੈਚਰੋਪੈਥੀ ਅਤੇ ਨਿਊਰੋਥੈਰਪੀ ਰਾਹੀਂ ਬਿਨਾ ਦਵਾਈਆਂ ਦੇ ਇਲਾਜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਨਿਊਰੋਥੈਰਪੀ ਨਾਲ ਸ਼ਰੀਰ ਦੀ ਕੋਈ ਗ੍ਰੰਥੀ ਜਾਂ ਅੰਗ ਜੋ ਉਚਿਤ ਕੰਮ ਨਹੀਂ ਕਰਦਾ ਉਸ ਨੂੰ ਨਾੜੀ ਸ਼ੋਧਨ ਪ੍ਰੀਕਿਰਿਆ ਨਾਲ ਮੁੜ ਠੀਕ ਕੀਤਾ ਜਾ ਸਕਦਾ ਹੈ। ਸ਼ਰੀਰ ਦੇ ਅੰਦਰੋ ਹੀ ਕੈਮੀਕਲ ਅਤੇ ਹਾਰਮੋਨ ਬਣਾ ਕੇ ਸਰੀਰ ਨੂੰ ਸਿਹਤਮੰਦ ਬਣਾਇਆ ਜਾ ਸਕਦਾ ਹੈ ਅਤੇ ਬਿਨਾ ਅਪਰੇਸ਼ਨ ਦੇ ਰੋਗਾਂ ਦੇ ਨਿਜਾਤ ਪਾਈ ਜਾ ਸਕਦੀ ਹੈ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡਾ. ਅਮਰਿੰਦਰ ਸਿੰਘ ਨੂੰ ਸਨਮਾਨਤ ਕੀਤਾ ਅਤੇ ਕਿਹਾ ਕਿ ਖ਼ੂਨਦਾਨ ਸੇਵਾ ਦਾ ਪੂਰੀ ਦੁਨੀਆਂ ਵਿਚ ਕੋਈ ਬਦਲ ਨਹੀਂ ਹੈ। ਵਿਸ਼ੇਸ਼ ਮਹਿਮਾਨ ਸਾਬਕਾ ਡੀ. ਐਸ. ਪੀ. ਤੇ ਗੋਲਡਨ ਸਟਾਰ ਬਲੱਡ ਡੋਨਰ ਨਾਹਰ ਸਿੰਘ ਮਾਜਰੀ ਨੇ ਕਿਹਾ ਕਿ ਰੈਗੂਲਰ ਖ਼ੂਨਦਾਨ ਕੈਂਪਾਂ ਰਾਹੀਂ ਨੌਜਵਾਨਾਂ ਨੂੰ ਖ਼ੂਨਦਾਨ ਸੇਵਾ ਨਾਲ ਜੋੜ ਕੇ ਰੱਖਣਾ ਇੱਕ ਵੱਡਾ ਉਪਰਾਲਾ ਹੈ, ਕਿਉਂਕਿ ਕਿਸੇ ਵੀ ਮੁਹਿੰਮ ਨੂੰ ਲੰਮਾ ਸਮਾਂ ਚਲਾਉਣਾ ਬਹੁਤ ਵੱਡੀ ਚੁਣੌਤੀ ਹੁੰਦਾ ਹੈ। ਵਾਤਾਵਰਣ ਪ੍ਰੇਮੀ ਅਮਨ ਅਰੋੜਾ ਤੇ ਮਰੀਜ਼ ਮਿੱਤਰਾ ਦੇ ਸੰਸਥਾਪਕ ਗੁਰਮੁੱਖ ਸਿੰਘ ਗੁਰੂ ਨੇ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ ਜੋ ਹਰ ਮਹੀਨੇ ਦੋ ਕੈਂਪ ਬਲੱਡ ਬੈਂਕ ਵਿਖੇ ਲਗਾਉਂਦੇ ਹਨ।

ਇਸ ਮੌਕੇ ਰਵਿੰਦਰ ਸਿੰਘ ਭਾਂਖਰ ਨੇ 31ਵੀਂ ਵਾਰ, ਗੁਰਤੇਜ ਸਿੰਘ ਸਿਉਣਾ ਨੇ 29ਵੀਂ ਵਾਰ, ਠੇਕੇਦਾਰ ਗੁਰਬਚਨ ਸਿੰਘ ਪਟਿਆਲਾ ਨੇ 25ਵੀਂ ਵਾਰ, ਮਨਵਿੰਦਰ ਸਿੰਘ ਰਾਮਗੜ੍ਹ ਨੇ 18ਵੀਂ ਵਾਰ, ਮਨੀਸ਼ ਮੇਹਤਾ, ਬਸੰਤ ਸਿੰਘ ਚੌਹਾਨ, ਸੀਨੀਅਰ ਪੱਤਰਕਾਰ, ਸੁਰਿੰਦਰ ਸਿੰਘ ਪਟਿਆਲਾ, ਗੁਰਮੀਤ ਸਿੰਘ ਬਿਸ਼ਨਗੜ੍ਹ, ਪਰਦੀਪ ਕੁਮਾਰ ਦੌਣ ਕਲਾਂ, ਕੁਲਦੀਪ ਸਿੰਘ ਮੰਡੌਲੀ, ਕਰਮ ਸਿੰਘ ਭਾਨਰਾ ਤੇ ਜਸਵੀਰ ਸਿੰਘ ਝੰਡੀ ਸਮੇਤ 23 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਮਿਸ਼ਨਰੀ ਆਗੂਆਂ ਵਿਚ ਜਥੇਦਾਰ ਕਰਨ ਸਿੰਘ ਜੌਲੀ, ਜਥੇਦਾਰ ਸੁਖਜੀਤ ਸਿੰਘ ਬਘੌਰਾ, ਅਵਤਾਰ ਸਿੰਘ ਬਲਬੇੜਾ, ਕਿਰਪਾਲ ਸਿੰਘ ਪੰਜੌਲਾ, ਅਵਤਾਰ ਸਿੰਘ ਰੱਖੜਾ, ਭਾਈ ਜਰਨੈਲ ਸਿੰਘ ਝੰਡੀ, ਗੁਰਮੀਤ ਸਿੰਘ ਪੰਜੌਲਾ, ਹਰਮਨਦੀਪ ਸਿੰਘ, ਗੁਰਵੀਰ ਸਿੰਘ, ਮਹਿੰਦਰ ਸਿੰਘ ਨਨਿਓਲਾ, ਭੀਤਾ ਵੀਰ ਵੀ ਹਾਜ਼ਰ ਸਨ।

# ਸਵੀਪ ਪਟਿਆਲਾ ਵੱਲੋਂ ਪਹਿਲੀ ਵਾਰ ਵੋਟ ਪਾਉਣ ਜਾ ਰਹੇ ਵੋਟਰਾਂ ਨਾਲ ਮੀਟਿੰਗ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 1 ਜੂਨ 2024 ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਸਬੰਧੀ ਵੋਟਰਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਅੱਜ ਜ਼ਿਲ੍ਹਾ ਸਵੀਪ ਟੀਮ ਵੱਲੋਂ ਪਹਿਲੀ ਵਾਰ ਵੋਟ ਪਾਉਣ ਜਾ ਰਹੇ ਵੋਟਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ, ਪਹਿਲੀ ਮੀਟਿੰਗ ਸਰਕਾਰੀ ਆਯੁਰਵੈਦਿਕ ਕਾਲਜ ਪਟਿਆਲਾ ਵਿਖੇ ਹੋਈ। ਜਿੱਥੇ ਲਗਭਗ 200 ਦੇ ਕਰੀਬ ਵਿਦਿਆਰਥੀਆਂ ਨੇ ਚੋਣ ਕਮਿਸ਼ਨ ਦੀਆਂ ਵੋਟਰਾਂ ਲਈ ਸੁਵਿਧਾਵਾਂ ਜਿਵੇਂ ਕਿ ਵੱਖ-ਵੱਖ ਐਪਸ, 12-ਡੀ ਫਾਰਮ ਅਤੇ ਦਿਵਿਆਂਗ ਵੋਟਰਾਂ ਲਈ ਵਿਸ਼ੇਸ਼ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕੀਤੀ।

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਡਾ. ਸਵਿੰਦਰ ਰੇਖੀ ਨੇ ਵਿਦਿਆਰਥੀਆਂ ਨੂੰ ਉਪਰੋਕਤ ਜਾਣਕਾਰੀ ਆਪਣੇ ਦੋਸਤਾ, ਰਿਸ਼ਤੇਦਾਰਾਂ ਅਤੇ ਆਪਣੇ ਪੜੋਸੀਆਂ ਨਾਲ ਸਾਂਝੀ ਕਰਨ ਲਈ ਕਿਹਾ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਵਿਦਿਆਰਥੀ ਵੋਟਰਾਂ ਨੂੰ ਆਪਣੇ ਗੁਆਂਢ ਵਿੱਚ ਘਰੋ-ਘਰੀ ਜਾ ਕੇ ਵੋਟ ਪਾਉਣ ਦਾ ਸੁਨੇਹਾ ਦੇਣ ਲਈ ਪ੍ਰੇਰਿਤ ਕੀਤਾ।

# ਜ਼ੀਰਕਪੁਰ ਵਿਖੇ ਮਾਂ ਨਾਲ ਸਕੂਲ ਜਾ ਰਹੀ 7ਵੀਂ ਦੀ ਵਿਦਿਆਰਥਣ ਦੀ ਸੜਕ ਹਾਦਸੇ 'ਚ ਮੌਤ

**ਜ਼ੀਰਕਪੁਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ 'ਤੇ ਸਿੰਘਪੁਰਾ ਚੌਕ ਨੇੜੇ ਹਾਦਸੇ ਵਿੱਚ ਸੱਤਵੀਂ ਦੀ ਵਿਦਿਆਰਥਣ ਦੀ ਮੌਤ ਹੋ ਗਈ, ਜਦਕਿ ਉਸ ਦੀ ਮਾਂ ਵਾਲ ਵਾਲ ਦਾ ਬਚਾਅ ਹੋ ਗਿਆ। ਮ੍ਰਿਤਕਾ ਦੀ ਪਛਾਣ 12 ਸਾਲਾ ਦੀ ਅਨਨਿਆ ਅਤੇ ਉਸ ਦੀ ਮਾਂ ਪੁਸ਼ਪਾ ਵਾਸੀ ਪ੍ਰੀਤ ਕਲੋਨੀ ਵਜੋਂ ਹੋਈ ਹੈ।

ਅਨਨਿਆ ਨਗਲਾ ਰੋਡ 'ਤੇ ਨਿੱਜੀ ਸਕੂਲ 'ਚ ਪੜ੍ਹਦੀ ਸੀ। ਅੱਜ ਸਵੇਰ ਅੱਠ ਵਜੇ ਉਸ ਦੀ ਮਾਂ ਐਕਟੀਵਾ 'ਤੇ ਉਸ ਨੂੰ ਸਕੂਲ ਛੱਡਣ ਜਾ ਰਹੀ ਸੀ। ਇਸ ਦੌਰਾਨ ਜਦ ਉਹ ਹਾਈਵੇਅ ਤੋਂ ਸਰਵਿਸ ਲਾਈਨ 'ਤੇ ਆਉਣ ਲੱਗੀ ਤਾਂ ਪਿੱਛੋਂ ਆ ਰਹੇ ਟਰੱਕ ਨੇ ਐਕਟੀਵਾ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਪੁਸ਼ਪਾ ਇਕ ਪਾਸੇ ਡਿੱਗ ਕੇ ਵਾਲ ਵਾਲ ਬਚ ਗਈ, ਜਦਕਿ ਅਨਨਿਆ ਟਰੱਕ ਦੇ ਪਿੱਛਲੇ ਟਾਇਰ ਹੇਠਾਂ ਆ ਗਈ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ ਤੋਂ ਬਾਅਦ ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਟਰੱਕ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ।

# ਪੰਜਾਬ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

**ਨਾਭਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪਬਲਿਕ ਸਕੂਲ, ਨਾਭਾ ਦੇ ਵਿਦਿਆਰਥੀਆਂ ਨੇ ਆਈ.ਸੀ.ਐਸ.ਈ. (10ਵੀਂ) ਅਤੇ ਆਈ.ਐਸ.ਸੀ. (12ਵੀਂ) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਦਾ ਨਤੀਜਾ ਅੱਜ ਕੌਂਸਲ ਫਾਰ ਦਾ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਸੀਆਈਐਸਸੀਈ), ਨਵੀਂ ਦਿੱਲੀ ਵੱਲੋਂ ਘੋਸ਼ਿਤ ਕੀਤਾ ਗਿਆ। ਆਈ.ਸੀ.ਐਸ.ਈ. (10ਵੀਂ) ਵਿੱਚ ਇਸ਼ਮੀਤ ਕੌਰ ਅਤੇ ਅਨਾਹਤਜੋਤ ਕੌਰ ਰਹੀ 98.4% ਅੰਕ ਲੈ ਕੇ ਪਹਿਲੇ ਅਤੇ ਅੰਸ਼ਿਕਾ ਜੈਨ 97.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਪ੍ਰੀਖਿਆ ਦੇਣ ਵਾਲੇ 148 ਵਿਦਿਆਰਥੀਆਂ ਵਿੱਚੋਂ 118 ਡਿਸਟਿੰਕਸ਼ਨ ਨਾਲ ਪਾਸ ਹੋਏ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਦੇ ਸੰਪੂਰਨ ਅੰਕ ਪ੍ਰਾਪਤ ਕੀਤੇ ਜਿਵੇਂ 3 ਇਤਿਹਾਸ, 2 ਭੂਗੋਲ, 1 ਗਣਿਤ, 1 ਇਕਨੌਮਿਕਸ, 4 ਬਾਇਓਲੋਜੀ, 2 ਕਮਿਸਟਰੀ, 1 ਸਰੀਰਕ ਸਿੱਖਿਆ ਅਤੇ 11 ਕੰਪਿਊਟਰ ਐਪਲੀਕੇਸ਼ਨ। ਬੈਚ ਔਸਤ 83% ਰਹੀ ਆਈ.ਐਸ.ਸੀ. (12ਵੀਂ) ਵਿੱਚ ਕਨਿਸ਼ਕ ਗੋਇਲ (ਹਿਊਮੈਨਟੀਜ਼) 98.3% ਅੰਕ ਲੈ ਕੇ ਪਹਿਲੇ ਸਥਾਨ 'ਤੇ ਰਿਹਾ। ਸ਼ਰਿਨ ਰੰਧਾਵਾ (ਹਿਊਮੈਨਟੀਜ਼) 97.3% ਅੰਕ ਲੈ ਕੇ ਦੂਜੇ ਸਥਾਨ 'ਤੇ ਰਹੀ। ਅਮਨਪ੍ਰੀਤ ਦਿਓ (ਸਾਇੰਸ) 97% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਆਈ.ਐਸ.ਸੀ. ਦੀ ਪ੍ਰੀਖਿਆ ਦੇਣ ਵਾਲੇ 78 ਵਿਦਿਆਰਥੀਆਂ ਵਿੱਚੋਂ 67 ਡਿਸਟਿੰਕਸ਼ਨ ਨਾਲ ਪਾਸ ਹੋਏ। ਬੈਚ ਔਸਤ 84.8%ਰਹੀ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਦੇ ਸੰਪੂਰਨ ਅੰਕ ਪ੍ਰਾਪਤ ਕੀਤੇ ਜਿਵੇਂ 3 ਰਾਜਨੀਤੀ ਸ਼ਾਸਤਰ, 1 ਭੂਗੋਲ ਅਤੇ 1 ਕੰਪਿਊਟਰ ਸਾਇੰਸ। ਹਿਊਮੈਨਟੀਜ਼ ਵਿੱਚ ਕਨਿਸ਼ਕ ਗੋਇਲ 98.3% ਅੰਕ ਲੈ ਕੇ ਪਹਿਲੇ ਸ਼ਰਿਨ ਰੰਧਾਵਾ 97.3% ਅੰਕ ਲੈ ਕੇ ਦੂਜੇ ਅਤੇ ਸੁਰਖਾਬ ਕੌਰ 96.3% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਕਾਮਰਸ ਸਟਰੀਮ ਵਿੱਚ ਰੂਹਮਨਜੀਤ ਕੌਰ 93.5% ਅੰਕ ਲੈ ਕੇ ਪਹਿਲੇ, ਗੁਰਸ਼ਾਨ ਸਿੰਘ ਸਵਾਗ 91.8% ਅੰਕ ਲੈ ਕੇ ਦੂਜੇ ਅਤੇ ਭੁਵਨੇਸ਼ ਸਿੰਘ 90.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਿਹਾ। ਸਾਇੰਸ ਸਟਰੀਮ ਵਿੱਚ ਅਮਨਪ੍ਰੀਤ ਦਿਓ 97% ਅੰਕ ਲੈ ਕੇ ਪਹਿਲੇ, ਓਜਸਵੀ ਜੈਨ 96.8% ਅੰਕ ਲੈ ਕੇ ਦੂਜੇ ਅਤੇ ਪ੍ਰਤੀਤ ਕੌਰ 93.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਹੈੱਡਮਾਸਟਰ ਡਾ.ਡੀ.ਸੀ.ਸ਼ਰਮਾ ਨੇ ਸਕੂਲ ਮੈਨੇਜਮੈਂਟ ਵੱਲੋਂ ਆਈ.ਐਸ.ਸੀ. (12ਵੀਂ) ਅਤੇ ਆਈ.ਸੀ.ਐਸ.ਈ. (10ਵੀਂ) ਦੋਵਾਂ ਵਿੱਚ ਸ਼ਾਨਦਾਰ ਨਤੀਜੇ ਲਈ ਸਟਾਫ਼, ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਸਬੰਧਤਾਂ ਨੂੰ ਵਧਾਈ ਦਿੱਤੀ।

# ਪੀ.ਆਰ. 126 ਝੋਨੇ ਦਾ ਬੀਜ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਵਿੱਕਰੀ ਲਈ ਉਪਲਬਧ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਦੱਸਿਆ ਕਿ ਆਉਣ ਵਾਲੇ ਸਾਉਣੀ ਦੇ ਸੀਜ਼ਨ ਵਿਚ ਪੰਜਾਬ ਵਿਚ ਕਿਸਾਨਾਂ ਵੱਲੋਂ ਝੋਨੇ ਦੀ ਬਿਜਾਈ ਵੱਡੇ ਪੱਧਰ ਤੇ ਕੀਤੀ ਜਾਣੀ ਹੈ। ਯੂਨੀਵਰਸਿਟੀ ਵੱਲੋਂ ਬਿਜਾਈ ਲਈ ਪਰਮਲ ਝੋਨੇ ਦੀਆਂ 11 ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਜਿਨ੍ਹਾਂ ਵਿਚ ਪੀ.ਆਰ. 121, ਪੀ.ਆਰ 122, ਪੀ.ਆਰ 126, ਪੀ.ਆਪ 128 ਅਤੇ ਪੀ.ਆਰ 131 ਪ੍ਰਮੁੱਖ ਹਨ। ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਅਗੇਤੀ ਲਵਾਈ ਨੂੰ ਸੂਬੇ ਵਿਚ ਪਾਣੀ ਦਾ ਪੱਧਰ ਡਿੱਗਣ ਦਾ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ।

ਕਿਸਾਨਾਂ ਨੂੰ ਯੂਨੀਵਰਸਿਟੀ ਵੱਲੋਂ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਉਹ ਝੋਨੇ ਦੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਕਰਨ ਤਾਂ ਜੋ ਕਿਸਾਨ ਘੱਟ ਸਮੇਂ ਵਿਚ ਖਰਚੇ ਅਤੇ ਪਾਣੀ ਦੀ ਬੱਚਤ ਦੇ ਨਾਲ-ਨਾਲ ਪੂਰਾ ਝਾੜ ਲੈ ਸਕਣ। ਇਸੇ ਲੜੀ ਵਿਚ ਡਾ. ਗੁਰਉਪਦੇਸ਼ ਕੌਰ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ ਪਟਿਆਲਾ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਝੋਨੇ ਦੀ ਪੀ.ਆਰ 126 ਕਿਸਮ, ਜੋ ਕਿ ਕਿਸਾਨਾਂ ਦੀ ਹਰਮਨ ਪਿਆਰੀ ਕਿਸਮ ਹੈ ਦੀ ਕਾਸ਼ਤ ਵੱਧ ਤੋਂ ਵੱਧ ਕਰਨ।

# ਚੋਣ ਡਿਊਟੀ ਕਟਾਉਣ ਲਈ ਕਿਸੇ ਵੀ ਤਰ੍ਹਾਂ ਦੀ ਸਿਫ਼ਾਰਸ਼ ਨਾ ਕੀਤੀ ਜਾਵੇ: ਸਹਾਇਕ ਜ਼ਿਲ੍ਹਾ ਚੋਣ ਅਫਸਰ

**ਮਲੇਰਕੋਟਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਚੋਣਾਂ ਦੇ ਕੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨਾ ਜ਼ਿਲ੍ਹਾ ਪ੍ਰਸ਼ਾਸਨ ਦਾ ਪਹਿਲਾ ਕੰਮ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਕਮ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਜਪਾਲ ਸਿੰਘ ਨੇ ਜ਼ਿਲ੍ਹੇ ਦੇ ਪੋਲਿੰਗ ਸਟਾਫ਼ ਨੂੰ ਅਪੀਲ ਕਰਦਿਆ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਅਮਨ ਅਤੇ ਸਾਂਤੀ ਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸਾਸ਼ਨ ਨੂੰ ਸਹਿਯੋਗ ਦੇਣ ।

ਉਨ੍ਹਾਂ ਨੇ ਕਿਹਾ ਕਿ ਇਹ ਦੇਖਣ ਵਿਚ ਆਇਆ ਹੈ ਕਿ ਚੋਣਾਂ ਵਿੱਚ ਕਰਮਚਾਰੀ ਬਿਨ੍ਹਾਂ ਕਿਸੇ ਕਾਰਨ ਤੋਂ ਚੋਣ ਪ੍ਰਕਿਰਿਆ ਵਿਚ ਡਿਊਟੀ ਕਰਨ ਤੋਂ ਗੁਰੇਜ਼ ਕਰਦੇ ਹਨ ਜਦਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਅਸੀਂ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਹਿੱਸਾ ਬਣਨ ਦੇ ਲਈ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਾਂ

ਉਨ੍ਹਾਂ ਦੱਸਿਆ ਕਿ ਚੋਣ ਡਿਊਟੀਆਂ ਆਉਣ ਤੋਂ ਬਾਅਦ ਮੁਲਾਜ਼ਮ ਲਗਾਤਾਰ ਡਿਊਟੀ ਕਟਵਾਉਣ ਲਈ ਅਰਜ਼ੀਆਂ ਦੇ ਰਹੇ ਹਨ ।ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਸਪਸਟ ਕੀਤਾ ਕਿ ਜੇਕਰ ਕੋਈ ਮੁਲਾਜ਼ਮ ਪ੍ਰਸ਼ਾਸਨ ਨੂੰ ਗਲਤ ਤੱਥਾਂ ਜਾਂ ਮਜਬੂਰੀ ਦੇ ਆਧਾਰ ਉਤੇ ਡਿਊਟੀ ਕਟਵਾਉਣ ਲਈ ਅਪਲਾਈ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੂੰ ਹਰ ਸੰਭਵ ਸਹੂਲਤ ਉਪਲਬੱਧ ਕਰਵਾਉਣਾ ਜ਼ਿਲ੍ਹਾ ਪ੍ਰਸ਼ਾਸਨ ਦਾ ਫਰਜ਼ ਬਣਦਾ ਹੈ।

ਚੋਣਾਂ ਦੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਿਸੇ ਵੀ ਅਧਿਕਾਰੀ ਅਤੇ ਕਰਮਚਾਰੀ ਨੂੰ ਬਿਨਾਂ ਕਿਸੀ ਵੈਲਿਡ ਰੀਜ਼ਨ ਤੋਂ ਡਿਊਟੀ ਤੋਂ ਛੋਟ ਨਹੀਂ ਦਿੱਤੀ ਜਾਵੇਗੀ ਤੇ ਇਸ ਲਈ ਆਪਣੀ ਚੋਣ ਡਿਊਟੀ ਕਟਵਾਉਣ ਲਈ ਕਿਸੇ ਵੀ ਤਰ੍ਹਾਂ ਦੀ ਸਿਫ਼ਾਰਸ਼ ਨਾ ਕੀਤੀ ਜਾਵੇ ਅਤੇ ਜੇ ਕੋਈ ਅਧਿਕਾਰੀ ਕਰਮਚਾਰੀ ਬਿਨਾਂ ਕਿਸੇ ਵੈਲਿਡ ਰੀਜਨ ਤੋਂ ਸਿਫ਼ਾਰਿਸ਼ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ।

ਉਨ੍ਹਾਂ ਹੋਰ ਕਿਹਾ ਕਿ ਚੋਣ ਡਿਊਟੀ ਤੋਂ ਉਨ੍ਹਾਂ ਮੁਲਾਜ਼ਮਾਂ ਨੂੰ ਹੀ ਰਾਹਤ ਮਿਲ ਸਕਦੀ ਹੈ, ਜੋ ਮੈਡੀਕਲ ਸ਼ਰਤਾਂ ਦੇ ਆਧਾਰ ਉਤੇ ਡਿਊਟੀ ਕਰਨ ਦੇ ਸਮਰੱਥ ਨਹੀਂ ਹੋਣਗੇ। ਜੇਕਰ ਕੋਈ ਫਰਜ਼ੀ ਜਾਂ ਗਲਤ ਮੈਡੀਕਲ ਸਰਟੀਫਿਕੇਟ ਬਣਵਾ ਕੇ ਡਿਊਟੀ ਤੋਂ ਬਚਣ ਦਾ ਯਤਨ ਕਰੇਗਾ ਜਾਂ ਡਿਊਟੀ ਦੌਰਾਨ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਵਰਤੇਗਾ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੋਲਿੰਗ ਸਟਾਫ ਦੀ ਸਹੂਲਤ ਲਈ ਜ਼ਿਲ੍ਹਾ ਪੱਧਰ ਤੇ ਸਹਾਇਕ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਕਮੇਟੀ ਸਥਾਪਿਤ ਕੀਤੀ ਗਈ ਹੈ । ਕਿਹਾ ਕਿ ਜੇਕਰ ਕਰਮਚਾਰੀ ਸਿਹਤ ਖਰਾਬ ਹੋਣ ਜਾਂ ਕੋਈ ਵੈਧ ਰੀਜ਼ਨ ਕਰਕੇ ਡਿਊਟੀ ਤੇ ਹਾਜ਼ਰ ਨਹੀਂ ਹੋ ਸਕਦਾ ਤਾਂ ਇਸ ਸਬੰਧੀ ਕਮੇਟੀ ਪੂਰੀ ਤਰ੍ਹਾਂ ਨਾਲ ਜਾਂਚ ਕਰਨ ਉਪਰੰਤ ਹੀ ਡਿਊਟੀ ਤੋਂ ਛੋਟ ਸਬੰਧੀ ਫੈਸਲਾ ਦੇਵੇਗੀ।

ਉਨ੍ਹਾਂ ਨੇ ਕਿਹਾ ਕਿ ਜੇ ਕੋਈ ਕਰਮਚਾਰੀ ਝੂਠ ਬੋਲ ਕੇ ਜਾਂ ਬਿਨਾਂ ਕਿਸੇ ਵੈਧ ਰੀਜ਼ਨ ਦੇ ਡਿਊਟੀ ਤੋਂ ਛੋਟ ਲੈਂਦਾਂ ਪਾਇਆ ਗਿਆ ਤਾਂ ਉਸਦੇ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਗਲਤ ਮੈਡੀਕਲ ਸਰਟੀਫਿਕੇਟ ਦੇਣ ਤੋਂ ਗੁਰੇਜ ਕਰਨ ।

# ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਵਲੋਂ ਬਾਲ ਸਾਹਿਤ ਲਿਖਾਰੀ 'ਇਕਬਾਲ ਫਲੌਂਡ' ਨੂੰ ਸਾਈਕਲ ਦੇ ਕੇ ਕੀਤਾ ਸਨਮਾਨਿਤ

**ਮਲੇਰਕੋਟਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਮਲੇਰਕੋਟਲਾ ਦੇ ਪ੍ਰਧਾਨ ਪ੍ਰਦੀਪ ਸਿੰਘ ਗਰੇਵਾਲ ਰਿਟਾ. ਲੈਕ.ਬਾਇਓ ਅਤੇ ਜਿਲ੍ਹਾ ਐਸੋਸੀਏਸ਼ਨ ਦੀ ਸਮੁੱਚੀ ਟੀਮ ਵੱਲੋਂ ਬਾਲ ਸਹਿਤ ਲਿਖਾਰੀ ਇਕਬਾਲ ਫਲੌਂਡ ਨੂੰ ਉਸ ਦਾ ਸਨਮਾਨ ਕਰਦਿਆਂ ਇੱਕ ਨਵਾਂ ਸਾਈਕਲ ਭੇਟ ਕੀਤਾ ਗਿਆ । ਐਸੋਸੀਏਸ਼ਨ ਦੇ ਅਹੁਦੇਦਾਰ ਰਿਟਾ.ਕਮਾਂਡੈਂਟ ਦਲਜੀਤ ਸਿੰਘ ਤੱਤਲਾ ਅਤੇ ਜਸਵੰਤ ਸਿੰਘ ਗੋਗਾ ਅਹਿਮਦਗੜ੍ਹ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਇਕਬਾਲ ਫਲੌਂਡ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲਾ ਅਜਿਹਾ ਲਿਖਾਰੀ ਜੋ ਪ੍ਰਤੀ ਦਿਨ ਰੁਜ਼ਗਾਰ ਲਈ ਅਪਣੇ ਘਰ ਤੋਂ 20-22 ਕਿਲੋਮੀਟਰ ਸਾਈਕਲ ਉੱਤੇ ਇੱਕਪਾਸੜ ਸਫ਼ਰ ਤਹਿ ਕਰਦਾ ਹੈ। ਘਰ ਦਾ ਚੁੱਲ੍ਹਾ ਬਾਲਣ ਲਈ 40 ਤੋਂ 45 ਕਿਲੋਮੀਟਰ ਸਾਈਕਲ ਚਲਾ ਕੇ ਸ਼ਾਮ ਨੂੰ ਘਰ ਆਉਣ ਵਾਲਾ ਇਕਬਾਲ ਹੁਣ ਤੱਕ 'ਬਾਲ ਸਾਹਿਤ' ਦੀਆਂ ਪੰਜ ਕਿਤਾਬਾਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾ ਚੁੱਕਾ ਹੈ।

ਜਿਹਨਾ ਵਿੱਚੋਂ ਉਸ ਦੀਆਂ ਚਾਰ ਕਿਤਾਬਾਂ ਪੰਜਾਬ ਸਕੂਲ ਐਲੀਮੈਂਟਰੀ ਅਤੇ ਪ੍ਰਾਈਮਰੀ ਸਿੱਖਿਆ ਦੀਆਂ ਲਾਈਬ੍ਰੇਰੀਆਂ ਲਈ ਚੁਣੀਆਂ ਗਈਆਂ ਹਨ ਤੇ ਮਾਨਤਾ ਪ੍ਰਾਪਤ ਹਨ। ਜ਼ਿਲ੍ਹਾ ਪ੍ਰਧਾਨ ਪ੍ਰਦੀਪ ਸਿੰਘ ਨੇ ਕਿਹਾ, ਮਾਂ ਬੋਲੀ ਦੀ ਸੇਵਾ ਕਰਨ ਵਾਲੇ ਕਿਰਤੀ ਨੌਜਵਾਨ ਇਕਬਾਲ ਨੂੰ ਅਣਗੌਲੇ ਨਹੀਂ ਕਰਨਾ ਚਾਹੀਦਾ ਇਸ ਲਈ ਗੱਤਕਾ ਐਸੋਸੀਏਸ਼ਨ ਵੱਲੋਂ ਨਵਾਂ ਸਾਈਕਲ ਭੇਂਟ ਕਰਕੇ ਉਹਨਾਂ ਦਾ ਸਨਮਾਨ ਕੀਤਾ ਗਿਆ । ਓਹਨਾ ਕਿਹਾ ਕਿ ਜਿਵੇਂ ਨੈਸ਼ਨਲ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਦੀ ਸਰਪ੍ਰਸਤੀ ਹੇਠ ਬਣੀ ਗੱਤਕਾ ਐਸੋਸੀਏਸ਼ਨ ਵਿਰਾਸਤੀ ਖੇਡ ਗੱਤਕਾ ਦੇ ਮਹੱਤਵ ਨੂੰ ਸਮਝਦਿਆਂ ਨੌਜਵਾਨ ਪੀੜ੍ਹੀ ਨੂੰ ਨੈਸ਼ਨਲ ਪੱਧਰ ਉੱਤੇ ਗੱਤਕਾ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰ ਰਹੀ ਹੈ ।

ਉਸੇ ਤਰ੍ਹਾਂ ਸਾਡੀਆਂ ਪੰਜਾਬੀ ਸਾਹਿਤਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋੜਵੰਦ ਲੇਖਕਾਂ ਦੀ ਸਹਾਇਤਾ ਤੇ ਸਨਮਾਨ ਨੂੰ ਯਕੀਨੀ ਬਣਾਇਆ ਜਾਵੇ। ਇਸ ਸਮੇਂ ਸਮਾਜ ਸੇਵਾ ਕਲੱਬ ਰੁੜਕੀ ਕਲਾਂ ਦੇ ਪ੍ਰੈੱਸ ਸਕੱਤਰ ਲਖਵਿੰਦਰ ਕੌਸ਼ਿਕ ਕਨੇਡਾ ਨੇ ਕਿਹਾ ਕਿ ਅਜਿਹੇ ਲੇਖਕਾਂ ਦੇ ਸਹਿਯੋਗ ਲਈ ਸਾਹਿਤ ਸਭਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

# ਹਰਿਆਣਾ 'ਚ ਭਾਜਪਾ ਸਰਕਾਰ ਡਿਗਾਉਣ ਦੀ ਤਿਆਰੀ, ਦੁਸ਼ਯੰਤ ਚੌਟਾਲਾ ਨੇ ਰਾਜਪਾਲ ਨੂੰ ਲਿਖੀ ਚਿੱਠੀ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਰਾਜਨੀਤੀ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਸਾਬਕਾ ਉਪ-ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਹਰਿਆਣਾ ਦੇ ਰਾਜਪਾਲ ਨੂੰ ਚਿੱਠੀ ਲਿਖੀ ਹੈ। ਚੌਟਾਲਾ ਨੇ ਰਾਜਪਾਲ ਨੂੰ ਵਿਧਾਨ ਸਭਾ ਦਾ ਸੈਸ਼ਲ ਬੁਲਾ ਕੇ ਫਲੋਰ ਟੈਸਟ ਦੀ ਮੰਗ ਕੀਤੀ ਹੈ। ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਅਸੀਂ ਮੌਜੂਦਾ ਸਰਕਾਰ ਦਾ ਸਮਰਥਨ ਨਹੀਂ ਕਰਦੇ ਅਤੇ ਹਰਿਆਣਾ 'ਚ ਕਿਸੇ ਵੀ ਦੂਜੀ ਸਿਆਸੀ ਪਾਰਟੀ ਦੁਆਰਾ ਸਰਕਾਰ ਬਣਾਉਣ 'ਚ ਸਮਰਥਨ ਲਈ ਸਾਡੇ ਦਰਵਾਜ਼ੇ ਖੁੱਲੇ ਹਨ।

ਦੁਸ਼ਯੰਤ ਚੌਟਾਲਾ ਨੇ ਲਿਖਿਆ ਕਿ ਤਿੰਨ ਆਜ਼ਾਦ ਵਿਧਾਇਕਾਂ ਨੇ ਸਰਕਾਰ ਤੋਂ ਸਮਰਥਨ ਵਾਪਿਸ ਲਿਆ ਹੈ।



ਦੁਸ਼ਯੰਤ ਚੌਟਾਲਾ ਨੇ ਰਾਜਪਾਲ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਸਰਕਾਰ ਕੋਲ ਵਿਸ਼ਵਾਸ ਮਤ ਨਹੀਂ ਰਿਹਾ, ਇਸ ਲਈ ਵਿਧਾਨ ਸਭਾ ਦਾ ਸੈਸ਼ਲ ਬੁਲਾ ਕੇ ਸਰਕਾਰ ਫਲੋਰ ਟੈਸਟ ਪਾਸ ਕਰੇ।

ਦੱਸ ਦਈਏ ਕਿ ਹਰਿਆਣਾ ਸਰਕਾਰ ਛੱਡ ਕਾਂਗਰਸ ਨੂੰ ਸਮਰਥਨ ਦੇਣ ਪਹੁੰਚੇ ਤਿੰਨ ਵਿਧਾਇਕਾਂ ਤੋਂ ਬਾਅਦ ਹੁਣ ਭਾਜਪਾ ਦੀ ਸਹਿਯੋਗੀ ਜਨਨਾਇਕ ਜਨਤਾ ਪਾਰਟੀ ਦੇ ਸੁਪਰੀਮੋ ਦੁਸ਼ਯੰਤ ਚੌਟਾਲਾ ਨੇ ਭੁਪਿੰਦਰ ਸਿੰਘ ਹੁੱਡਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਜਿਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਜੇ.ਜੇ.ਪੀ. ਪਾਰਟੀ ਨੂੰ ਸਰਕਾਰ ਦੀ ਬੀ ਟੀਮ ਕਿਹਾ ਹੈ। ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਜੇਕਰ ਜਨਨਾਇਕ ਜਨਤਾ ਪਾਰਟੀ ਸਰਕਾਰ ਨੂੰ ਡੇਗਣ 'ਚ ਸਹਿਯੋਗ ਦੇਣ ਦੀ ਗੱਲ ਕਰ ਰਹੀ ਹੈ ਤਾਂ ਉਸ ਨੂੰ ਲਿਖਤੀ ਰੂਪ 'ਚ ਅਜਿਹਾ ਕਰਨਾ ਚਾਹੀਦਾ ਹੈ, ਤਾਂ ਹੀ ਕਾਂਗਰਸ ਦਾ ਵਫਦ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਕਰੇਗਾ। ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ 40 ਦੇ ਕਰੀਬ ਸਾਬਕਾ ਵਿਧਾਇਕ ਅਤੇ ਸੰਸਦ ਮੈਂਬਰ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ।

# ਚੰਡੀਗੜ੍ਹ 'ਚ ਵੀ ਹੋਈ ਆਮ ਆਦਮੀ ਪਾਰਟੀ ਮਜ਼ਬੂਤ, ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ !

## ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਤੋਂ ਲੋਕ ਸਭਾ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਆਪਣੇ ਸੈਂਕੜੇ ਸਮਰਥਕਾਂ ਸਮੇਤ ਹੋਏ 'ਆਪ' 'ਚ ਸ਼ਾਮਲ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਾਲ-ਨਾਲ ਚੰਡੀਗੜ੍ਹ 'ਚ ਵੀ ਆਮ ਆਦਮੀ ਪਾਰਟੀ (ਆਪ) ਨੂੰ ਕਾਫੀ ਮਜ਼ਬੂਤੀ ਮਿਲੀ ਹੈ। ਇਸ ਦੇ ਨਾਲ ਹੀ ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ ਲੱਗਾ ਹੈ। ਚੰਡੀਗੜ੍ਹ ਤੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਆਪਣੇ ਸੈਂਕੜੇ ਸਮਰਥਕਾਂ ਸਮੇਤ ਵੀਰਵਾਰ ਨੂੰ ਅਕਾਲੀ ਦਲ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ।

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਦੀਪ ਸਿੰਘ ਬੁਟੇਰਲਾ ਅਤੇ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਰਸਮੀ ਤੌਰ 'ਤੇ ਪਾਰਟੀ 'ਚ ਸ਼ਾਮਲ ਕਰਕੇ 'ਆਪ' ਪਰਿਵਾਰ ਵਿਚ ਸਵਾਗਤ ਕੀਤਾ।



ਹਰਦੀਪ ਸਿੰਘ ਬੁਟੇਰਲਾ ਚੰਡੀਗੜ੍ਹ ਤੋਂ ਤਿੰਨ ਵਾਰ ਵਾਰਡ ਕੌਂਸਲਰ ਰਹਿ ਚੁੱਕੇ ਹਨ। ਉਹ ਨਗਰ ਨਿਗਮ ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਵਜੋਂ ਵੀ ਆਪਣੀ ਜ਼ਿੰਮੇਵਾਰੀ ਨਿਭਾ ਚੁੱਕੇ ਹਨ। ਚੰਡੀਗੜ੍ਹ ਦੇ ਲੋਕਾਂ ਵਿੱਚ ਉਨ੍ਹਾਂ ਦੀ ਕਾਫੀ ਮਜ਼ਬੂਤ ਪਕੜ ਕਾਰਨ ਅਕਾਲੀ ਦਲ ਨੇ ਉਨ੍ਹਾਂ ਨੂੰ ਇਸ ਵਾਰ ਲੋਕ ਸਭਾ ਚੋਣਾਂ ਲਈ ਆਪਣਾ ਉਮੀਦਵਾਰ ਐਲਾਨ ਕੀਤਾ ਸੀ। ਉੱਥੇ ਹੀ ਹਰਦੀਪ ਸਿੰਘ ਵੱਲੋਂ ਪਾਰਟੀ ਛੱਡਣ 'ਤੇ ਅਕਾਲੀ ਨੂੰ ਕਾਫੀ ਵੱਡਾ ਨੁਕਸਾਨ ਝੱਲਣਾ ਪਵੇਗਾ।

ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਹਰਦੀਪ ਬੁਟੇਰਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਪਾਰਟੀ ਵਿੱਚ ਸ਼ਾਮਲ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਭਗਵੰਤ ਮਾਨ ਸਰਕਾਰ ਦੇ ਪਿਛਲੇ ਦੋ ਸਾਲਾਂ ਵਿੱਚ ਕੀਤੇ ਕੰਮਾਂ ਅਤੇ ਲੋਕ ਭਲਾਈ ਨੀਤੀਆਂ ਤੋਂ ਕਾਫੀ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਇਆ ਹਾਂ।

ਅੱਜ ਅਸੀਂ ਕਾਫੀ ਦੇਰ ਤੱਕ ਮੁੱਖ ਮੰਤਰੀ ਭਗਵੰਤ ਮਾਨ ਨਾਲ ਬੈਠ ਕੇ ਵਿਕਾਸ ਕਾਰਜਾਂ ਬਾਰੇ ਚਰਚਾ ਕੀਤੀ। ਪੰਜਾਬ ਦੇ ਵਿਕਾਸ ਲਈ ਉਨ੍ਹਾਂ ਦੀ ਵੱਡੀ ਸੋਚ ਹੈ।

ਉਨ੍ਹਾਂ ਕਿਹਾ ਕਿ ਮੈਂ ਮਹਿਸੂਸ ਕੀਤਾ ਕਿ ਚੰਡੀਗੜ੍ਹ ਦੇ ਲੋਕਾਂ ਲਈ ਕੰਮ ਕਰਵਾਉਣ ਲਈ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਕਿਸੇ ਨਾ ਕਿਸੇ ਪਾਰਟੀ ਨਾਲ ਹੱਥ ਮਿਲਾਉਣਾ ਪਵੇਗਾ, ਇਸ ਲਈ ਅਸੀਂ ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਨੂੰ ਚੁਣਿਆ ਹੈ, ਜਿਨ੍ਹਾਂ ਦੀ ਸੋਚ ਨਾਲ ਪੰਜਾਬ ਅੱਗੇ ਵਧ ਰਿਹਾ ਹੈ। ਅਸੀਂ ਚੰਡੀਗੜ੍ਹ ਨੂੰ ਵੀ ਉਨ੍ਹਾਂ ਦੀ ਸੋਚ ਦੇ ਤਹਿਤ ਅੱਗੇ ਲੈ ਕੇ ਜਾਵਾਂਗੇ।

# ਆਸਟਰੇਲੀਆ 'ਚ ਭਾਰਤੀ ਵਿਦਿਆਰਥੀ ਦੀ ਹੱਤਿਆ ਦੇ ਦੋਸ਼ 'ਚ ਦੋ ਹਰਿਆਣਵੀ ਭਰਾ ਗ੍ਰਿਫ਼ਤਾਰ

**ਮੈਲਬੋਰਨ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸਟਰੇਲਿਆਈ ਪੁਲੀਸ ਨੇ ਭਾਰਤ ਦੇ 22 ਸਾਲਾ ਐੱਮਟੈੱਕ ਵਿਦਿਆਰਥੀ ਦੀ ਹੱਤਿਆ ਦੇ ਮਾਮਲੇ ਵਿਚ ਲੋੜੀਂਦੇ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੋਵਾਂ 'ਤੇ ਹਰਿਆਣਾ ਦੇ ਕਰਨਾਲ ਵਾਸੀ ਨੌਜਵਾਨ



ਨਵਜੀਤ ਸੰਧੂ ਦੀ ਚਾਕੂ ਮਾਰਕੇ ਹੱਤਿਆ ਕਰਨ ਦਾ ਦੋਸ਼ ਹੈ। ਮੁਲਜ਼ਮਾਂ ਅਭਿਜੀਤ ਏ (26) ਅਤੇ ਰੌਬਿਨ ਗਾਰਟਨ (27) ਨੂੰ ਮੰਗਲਵਾਰ ਨੂੰ ਨਿਊ ਸਾਊਥ ਵੇਲਜ਼ ਦੇ ਗੌਲਬਰਨ ਸ਼ਹਿਰ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਪੁਲੀਸ ਉਨ੍ਹਾਂ ਨੂੰ ਵਿਕਟੋਰੀਆ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ। ਇਹ ਦੋਵੇਂ ਵੀ ਹਰਿਆਣਾ ਨਾਲ ਸਬੰਧਤ ਹਨ। ਨੋਬਲ ਪਾਰਕ ਨਿਵਾਸੀ ਨਵਜੀਤ ਸੰਧੂ ਦੀ ਸ਼ਨਿਚਰਵਾਰ ਦੇਰ ਰਾਤ ਮੈਲਬਰਨ ਦੇ ਦੱਖਣ-ਪੂਰਬ ਦੇ ਓਰਮੰਡ ਵਿੱਚ ਘਰ ਵਿੱਚ ਹੱਤਿਆ ਕਰਨ ਤੋਂ ਬਾਅਦ ਦੋਵੇਂ ਭਰਾ ਫ਼ਰਾਰ ਸਨ।

ਇਸ ਦੌਰਾਨ 30 ਸਾਲਾ ਵਿਅਕਤੀ ਵੀ ਜ਼ਖਮੀ ਹੋ ਗਿਆ।

# ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਮੁੱਖ ਮੰਤਰੀ ਮਾਨ ਦੇ ਕਾਫਲੇ ਦਾ ਕੀਤਾ ਨਿੱਘਾ ਸਵਾਗਤ



**ਕੁਹਾੜਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਦੌਰਾ ਜਾਰੀ ਹੈ ਅਤੇ ਹਰ ਲੋਕ ਸਭਾ ਉਮੀਦਵਾਰਾਂ ਨੂੰ ਜਿਤਾਉਣ ਲਈ ਲਗਾਤਾਰ ਮਿਹਨਤ ਕਰ ਰਹੇ ਹਨ ਅਤੇ ਹਰ ਹਲਕੇ ਵਿੱਚ ਜਾ ਰਹੇ ਹਨ, ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਲੁਧਿਆਣਾ ਜ਼ਿਲ੍ਹੇ ਅਤੇ ਜਗਰਾਓਂ ਦੇ ਦੌਰੇ ਦੌਰਾਨ ਕੁਹਾੜਾ ਵਿਖੇ ਰੁਕੇ। ਜਿੱਥੇ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਆਪਣੇ ਸੈਂਕੜੇ ਸਾਥੀਆਂ ਦੇ ਨਾਲ ਉਹਨਾਂ ਦਾ ਉੱਥੇ ਰੁਕਣ ਤੇ ਨਿੱਘਾ ਸਵਾਗਤ ਕੀਤਾ, ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਯਕੀਨ ਦਵਾਇਆ ਕਿ ਹਲਕਾ ਫਤਿਹਗੜ੍ਹ ਸਾਹਿਬ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ ਆਪਣੇ ਹਲਕੇ ਵਿੱਚੋਂ ਵੱਡੀ ਲੀਡ ਨਾਲ ਜਤਾ ਕੇ ਭੇਜਾਂਗੇ। ਇਸ ਮੌਕੇ ਮੁੱਖ ਮੰਤਰੀ ਪੰਜਾਬ ਨੇ ਆਏ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਦਰਦ ਚੰਗੀ ਤਰ੍ਹਾਂ ਸਮਝਦਾ ਹਾਂ। ਇਸ ਲਈ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹਰ ਇੱਕ ਉਮੀਦਵਾਰ ਨੂੰ ਜਿਤਾ ਕੇ ਭੇਜੋ ਅਤੇ ਸੈਂਟਰ ਸਰਕਾਰ ਤੋਂ ਪੰਜਾਬ ਦੇ ਵਿਕਾਸ ਲਈ ਫੰਡ ਜਾਰੀ ਕਰਵਾ ਸਕੀਏ। ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਧਾਇਕ ਮੁੰਡੀਆਂ ਬਹੁਤ ਹੀ ਇਮਾਨਦਾਰ ਅਤੇ ਸਾਫ ਛਵੀ ਵਾਲੇ ਇਨਸਾਨ ਹਨ ਜਦੋਂ ਵੀ ਹਲਕੇ ਦੇ ਵਿਕਾਸ ਲਈ ਕੋਈ ਵੀ ਮੰਗ ਕਰਨਗੇ ਮੈਂ ਹਮੇਸ਼ਾ ਹੀ ਹਾਜ਼ਰ ਹਾਂ।

ਉਹਨਾਂ ਨੇ ਨਾਲ ਇਹ ਵੀ ਕਿਹਾ ਕਿ ਤੁਸੀਂ ਆਪਣੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ ਜਿਤਾ ਕੇ ਭੇਜੋ ਬਾਕੀ ਕੰਮ ਮੇਰੇ ਉੱਪਰ ਛੱਡੋ ਮੈਂ ਕੀ ਕਰਨਾ ਹਾਂ, ਤੁਹਾਨੂੰ ਕਹਿਣ ਦੀ ਲੋੜ ਨਹੀਂ ਪਵੇਗੀ ਅਤੇ ਦੋ ਸਾਲ ਤੇ ਕੰਮਾਂ ਦਾ ਵੇਰਵਾ ਦਿੱਤਾ।

# ਜ਼ਰੂਰੀ ਸੇਵਾਵਾਂ ਸ਼੍ਰੇਣੀ ਵਿੱਚ ਸ਼ਾਮਲ ਵਿਭਾਗਾਂ ਦੇ ਸਟਾਫ਼ ਸਮੇਤ ਮਾਨਤਾ ਪ੍ਰਾਪਤ ਪੱਤਰਕਾਰ 23, 24 ਤੇ 25 ਮਈ ਨੂੰ ਪੋਸਟਲ ਬੈਲੇਟ ਪੇਪਰ ਨਾਲ ਪਾ ਸਕਣਗੇ ਵੋਟਾਂ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਸੂਚੀ ਮੁਤਾਬਕ ਜ਼ਰੂਰੀ ਸੇਵਾਵਾਂ ਵਿੱਚ ਲੱਗੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਮੁਲਾਜਮਾਂ ਸਮੇਤ ਮਾਨਤਾ ਪ੍ਰਾਪਤ ਪੱਤਰਕਾਰਾਂ ਦੀਆਂ ਵੋਟਾਂ ਲਾਜ਼ਮੀ ਪੁਆਉਣ ਲਈ ਨਿਰਧਾਰਤ ਫਾਰਮ ਨੰਬਰ 12-ਡੀ ਭਰੇ ਜਾ ਰਹੇ ਹਨ। ਇਹ ਪ੍ਰਗਟਾਵਾ ਨੋਡਲ ਅਫ਼ਸਰ ਲੋਕ ਸਭਾ ਚੋਣਾਂ-ਕਮ-ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨੀਸ਼ਾ ਰਾਣਾ ਅਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨੇ ਕੀਤਾ।

ਮਨੀਸ਼ਾ ਰਾਣਾ ਤੇ ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਹੇਠ ਫਾਰਮ 12 ਡੀ ਭਰਨ ਵਾਲੇ ਵੋਟਰਾਂ ਦੀਆਂ ਵੋਟਾਂ ਮਿਤੀ 23, 24 ਤੇ 25 ਮਈ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਬਣਾਏ ਜਾਣ ਵਾਲੇ ਵੋਟਰ ਫੈਸਿਲੀਟੇਸ਼ਨ ਸੈਂਟਰ ਵਿਖੇ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਪੁਆਈਆਂ ਜਾਣਗੀਆਂ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਪੋਸਟਲ ਬੈਲੇਟ ਦੀ ਸਹੂਲਤ ਲੈਣ ਵਾਲੇ ਵੋਟਰ, ਪੋਸਟਲ ਬੈਲਟ ਜਾਰੀ ਹੋਣ ਤੋਂ ਬਾਅਦ 1 ਜੂਨ ਨੂੰ ਆਪਣੀ ਵੋਟ ਆਪਣੇ ਬੂਥ ਵਿੱਚ ਨਹੀਂ ਪਾ ਸਕਣਗੇ, ਕਿਉਂਕਿ ਉਸਦੀ ਵੋਟ ਵੋਟਰ ਸੂਚੀ ਵਿੱਚ ਮਾਰਕਡ ਹੋ ਜਾਵੇਗੀ।

ਉਨ੍ਹਾਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਸੂਚੀ ਵਿੱਚ ਵੱਖ-ਵੱਖ ਵਿਭਾਗਾਂ ਸਮੇਤ ਚੋਣਾਂ ਸਮੇਂ ਮੀਡੀਆ ਕਵਰੇਜ ਕਰਨ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਵੀ ਲੋਕ ਸਭਾ ਚੋਣਾਂ 2024 ਵਿੱਚ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਲਈ ਸਬੰਧਤ ਵਿਭਾਗਾਂ ਦੇ ਨੋਡਲ ਅਫ਼ਸਰ ?ਜ਼ਰੂਰੀ ਸੇਵਾਵਾਂ ਸ਼੍ਰੇਣੀ ਵਿੱਚ ਆਉਣ ਵਾਲੇ ਵੋਟਰਾਂ ਦੇ ਫਾਰਮ 12-ਡੀ ਭਰਕੇ ਤੁਰੰਤ ਪੁੱਜਦੇ ਕਰਨੇ ਯਕੀਨੀ ਬਣਾਉਣ।

# ਬੀਐਸਐਫ ਵੱਲੋਂ ਪਾਕਿਸਤਾਨੀ ਡਰੋਨ ਦੁਆਰਾ ਸੁੱਟੀ ਗਈ ਹੀਰੋਇਨ

**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਧੀ ਰਾਤ ਨੂੰ ਪਾਕਿਸਤਾਨੀ ਸਮੱਗਲਰਾਂ ਨੇ ਇੱਕ ਵਾਰ ਫਿਰ ਭਾਰਤੀ ਸਰਹੱਦ ਵਿੱਚ ਡਰੋਨ ਭੇਜਿਆ, ਪਰ ਜਿਵੇਂ ਹੀ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੂੰ ਇਸ ਦੀ ਹਵਾ ਮਿਲੀ ਤਾਂ ਉਨ੍ਹਾਂ ਨੇ ਤੁਰੰਤ ਇਸ 'ਤੇ ਫਾਇਰਿੰਗ ਕਰਕੇ ਡਰੋਨ ਨੂੰ ਤਬਾਹ ਕਰ ਦਿੱਤਾ। ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਅਤੇ 01 ਪੈਕੇਟ ਹੈਰੋਇਨ ਦੀ ਖੇਪ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ। ਸੁਰੱਖਿਆ ਜਾਂਚ ਤੋਂ ਬਾਅਦ ਜਦੋਂ ਪੈਕੇਟ ਨੂੰ ਖੋਲ੍ਹਿਆ ਗਿਆ ਤਾਂ ਉਸ ਵਿੱਚ ਸ਼ੱਕੀ ਹੈਰੋਇਨ ਪਾਈ ਗਈ ਜਿਸ ਦਾ ਕੁੱਲ ਵਜ਼ਨ 550 ਗ੍ਰਾਮ ਹੈ। ਇਸ ਤੋਂ ਬਾਅਦ 66 ਬਟਾਲੀਅਨ ਦੇ ਕਮਾਂਡੈਂਟ ਸ਼੍ਰੀ ਅਰੁਣ ਕੁਮਾਰ ਵਰਮਾ ਦੀ ਦੇਖ-ਰੇਖ ਹੇਠ ਬੀ.ਐਸ.ਐਫ ਅਤੇ ਪੰਜਾਬ ਪੁਲਿਸ ਦੀ ਸਾਂਝੀ ਟੀਮ ਨੇ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਦਿਹਾਤੀ ਖੇਤਰ ਵਿੱਚ ਇੱਕ




ਤਿੱਖੀ ਤਲਾਸ਼ੀ ਮੁਹਿੰਮ ਚਲਾਈ। ਬੀਐਸਐਫ ਅਤੇ ਪੰਜਾਬ ਪੁਲਿਸ ਵੱਲੋਂ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਬੈਸਟ 66 ਬਟਾਲੀਅਨ ਬੀ.ਐਸ.ਐਫ ਵੱਲੋਂ ਆਪਣੀ ਜ਼ਿੰਮੇਵਾਰੀ ਨਾਲ ਆਪਣੇ ਖੇਤਰ ਵਿੱਚ ਅਜਿਹੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਜੋ ਨਿੱਜੀ ਲਾਭ ਲਈ ਨਸ਼ੇ ਵੇਚ ਕੇ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਰਹੇ ਹਨ, ਇਸੇ ਲੜੀ ਤਹਿਤ 07/08 ਮਈ 2024 ਦੀ ਰਾਤ ਨੂੰ ਡਰੋਨ ਸ ਮੌਜ਼ਮ ਬੇਸ ਏਰੀਆ 'ਚ ਬਰਾਮਦ ਕੀਤੀ ਗਈ ਸੀ ਅਤੇ ਅੱਜ 010 ਮਈ 2024 ਨੂੰ ਫਿਰ ਉਸੇ ਸਿਲਸਿਲੇ 'ਚ 550 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਬੀ.ਐਸ.ਐਫ ਵੱਲੋਂ ਇਹ ਨਸ਼ਾ ਛੁਡਾਊ ਮੁਹਿੰਮ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗੀ ਅਤੇ ਬੀ.ਐਸ.ਐਫ ਦੀ ਸਰਵੋਤਮ 66 ਬਟਾਲੀਅਨ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੀ ਰਹੇਗੀ।

# ਨਾਮਜ਼ਦਗੀਆਂ ਦੇ ਤੀਜੇ ਦਿਨ ਪਟਿਆਲਾ ਲੋਕ ਸਭਾ ਹਲਕੇ ਤੋਂ ਤਿੰਨ ਉਮੀਦਵਾਰਾਂ ਨੇ ਦਾਖ਼ਲ ਕੀਤੇ ਆਪਣੇ ਨਾਮਜ਼ਦਗੀ ਪੱਤਰ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ 1 ਜੂਨ 2024 ਨੂੰ ਲੋਕ ਸਭਾ ਦੀਆਂ ਹੋਣ ਵਾਲੀਆਂ ਆਮ ਚੋਣਾਂ ਲਈ ਲੋਕ ਸਭਾ ਹਲਕਾ ਪਟਿਆਲਾ-13 ਤੋਂ ਚੋਣ ਲੜਨ ਲਈ ਤਿੰਨ ਉਮੀਦਵਾਰਾਂ ਨੇ ਅੱਜ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫ਼ਸਰ ਕੋਲ ਦਾਖਲ ਕਰਵਾਏ ਹਨ। ਇਹ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਅੱਜ ਨਾਮਜ਼ਦਗੀਆਂ ਦੇ ਤੀਜੇ ਦਿਨ ਤਿੰਨ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਜਮ੍ਹਾਂ ਕਰਵਾਏ ਹਨ।

ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ ਹਿੰਦੋਸਤਾਨ ਸ਼ਕਤੀ ਸੇਨਾ ਦੇ ਉਮੀਦਵਾਰ ਕ੍ਰਿਸ਼ਨ ਕੁਮਾਰ ਪੁੱਤਰ ਰਾਮ ਚੰਦ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਤੋਂ ਬਿਨ੍ਹਾਂ ਆਜ਼ਾਦ ਉਮੀਦਵਾਰਾਂ ਅਰਵਿੰਦਰ ਕੁਮਾਰ ਪੁੱਤਰ ਪ੍ਰਕਾਸ਼ ਚੰਦ ਅਤੇ ਮਨੋਜ ਕੁਮਾਰ ਪੁੱਤਰ ਓਮ ਪ੍ਰਕਾਸ਼ ਨੇ ਨਾਮਜ਼ਦਗੀ ਪੱਤਰ ਜਮ੍ਹਾਂ ਕਰਵਾਏ ਹਨ।



ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ 14 ਮਈ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਏ-ਬਲਾਕ ਵਿਚ ਜਮੀਨੀ ਮੰਜ਼ਿਲ 'ਤੇ ਸਥਿਤ ਡਿਪਟੀ ਕਮਿਸ਼ਨਰ ਦੇ ਕੋਰਟ ਰੂਮ (ਕਮਰਾ ਨੰਬਰ 108) ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ। ਨਾਮਜ਼ਦਗੀਆਂ ਦੀ ਪੜਤਾਲ 15 ਮਈ ਬੁੱਧਵਾਰ ਨੂੰ ਹੋਵੇਗੀ ਅਤੇ ਉਮੀਦਵਾਰ 17 ਮਈ ਤੱਕ ਆਪਣੇ ਨਾਮਜ਼ਦਗੀ ਵਾਪਸ ਲੈ ਸਕਣਗੇ, ਇਸੇ ਦਿਨ ਸਾਰੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋ ਜਾਵੇਗੀ ਅਤੇ ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ।

ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ 10 ਮਈ ਨੂੰ ਭਗਵਾਨ ਪਰਸ਼ੂਰਾਮ ਜੈਅੰਤੀ ਵਾਲੇ ਦਿਨ ਵੀ ਨਾਮਜ਼ਦਗੀ ਪੱਤਰ ਪ੍ਰਾਪਤ ਕੀਤੇ ਜਾਣਗੇ, ਕਿਉਂਕਿ ਇਸ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ 1881 ਤਹਿਤ ਛੁੱਟੀ ਘੋਸ਼ਿਤ ਨਹੀਂ ਹੈ। ਜਦਕਿ 11 ਮਈ ਨੂੰ ਦੂਜੇ ਸ਼ਨੀਵਾਰ ਅਤੇ 12 ਮਈ ਨੂੰ ਐਤਵਾਰ ਹੋਣ ਕਰਕੇ ਛੁੱਟੀ ਹੋਵੇਗੀ ਤੇ ਇਸ ਦਿਨ ਨਾਮਜ਼ਦਗੀ ਪੱਤਰ ਜਮ੍ਹਾਂ ਨਹੀਂ ਹੋ ਸਕਣਗੇ।

ਜ਼ਿਲ੍ਹਾ ਚੋਣ ਅਫ਼ਸਰ ਨੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਲਾਗੂ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਉਣ।

# ਪੰਜਾਬ 'ਚ ਹਥਿਆਰਾਂ ਦੀ ਤਸਕਰੀ ਦਾ ਪਰਦਾਫ਼ਾਸ਼, 6 ਪਿਸਤੌਲਾਂ ਤੇ 7 ਮੈਗਜ਼ੀਨਾਂ ਸਮੇਤ 2 ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਸ ਵੱਲੋਂ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾਫ਼ਾਸ਼ ਕੀਤਾ ਗਿਆ ਹੈ। ਦਰਅਸਲ ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਿਤ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ 2 ਤਸਕਰਾਂ ਨੂੰ 6 ਗੈਰ ਕਾਨੂੰਨੀ ਪਿਸਤੌਲਾਂ ਅਤੇ 7 ਮੈਗਜ਼ੀਨਾਂ ਸਮੇਤ



ਗ੍ਰਿਫ਼ਤਾਰ ਕੀਤਾ ਹੈ। ਇਸ ਦੀ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਟਵਿੱਟਰ ਜ਼ਰੀਏ ਦਿੱਤੀ ਗਈ ਹੈ।

ਅਸਲਾ ਐਕਟ ਤਹਿਤ ਐੱਫ.ਆਈ.ਆਰ. ਅੰਮ੍ਰਿਤਸਰ ਵਿਖੇ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬ ਪੁਲਸ ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਵਿਚ ਸ਼ਾਮਲ ਸਾਰੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇਗੀ।

# ਕੁਝ ਕੁ ਸਰਮਾਏਦਾਰਾਂ ਨੂੰ ਫਾਇਦਾ ਪਹੁੰਚਾਉਣ ਲਈ ਮੋਦੀ ਸਰਕਾਰ ਕਰ ਰਹੀ ਦੇਸ਼ ਵਾਸੀਆਂ ਨਾਲ ਧੋਖਾ : ਡਾ. ਬਲਬੀਰ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਦੇਸ਼ ਵਿੱਚ ਪੈਂਦੇ ਵੱਖ ਵੱਖ ਸੂਬਿਆਂ ਦੇ ਸਹੀ ਵਿਕਾਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਕੇਂਦਰ ਵਿੱਚ ਲਿਆਉਣ ਲਈ ਲੋਕਾਂ ਨੂੰ ਆਪ ਮੁਹਾਰੇ ਵੋਟਾਂ ਪਾਉਣ ਦਾ ਫਰਜ਼ ਨਿਭਾਉਣਾ ਪਵੇਗਾ। ਕਿਉਂਕਿ ਆਪ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਇਹ ਪ੍ਰਗਟਾਵਾ ਲੋਕ ਸਭਾ ਪਟਿਆਲਾ ਦੇ ਉਮੀਦਵਾਰ ਅਤੇ ਕੈਬਿਨਟ ਮੰਤਰੀ ਡਾ ਬਲਬੀਰ ਸਿੰਘ ਨੇ ਵੱਖ ਵੱਖ ਪਿੰਡਾ ਦੀ ਫੇਰੀ ਦੌਰਾਨ ਲੋਕ ਮਿਲਣੀ ਦੌਰਾਨ ਕੀਤੇ। ਇਸ ਮੌਕੇ ਉਨਾਂ ਨਾਲ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਇਸ ਮੌਕੇ ਡਾ ਬਲਬੀਰ ਨੇ ਕਿਹਾ ਕਿ ਨਰਿੰਦਰ ਮੋਦੀ ਵੱਲੋਂ ਪਿਛਲੇ ਦਸ ਸਾਲ ਤੋਂ ਜਿਵੇਂ ਤਾਨਾਸ਼ਾਹੀ ਕੀਤੀ ਗਈ ਹੈ, ਉਸ ਨੂੰ ਖਤਮ ਕਰਨ ਲਈ ਆਪ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕੁੱਝ ਕੁ ਸਰਮਾਏਦਾਰ ਘਰਾਣਿਆਂ ਨੂੰ ਫ਼ਾਇਦਾ ਦੇਣ ਲਈ ਪੂਰੇ ਦੇਸ਼ ਦੇ ਲੋਕਾਂ ਨੂੰ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਅਤੇ ਕਿਸਾਨਾਂ ਨੂੰ ਤਰਸਯੋਗ ਹਾਲਤ ਵਿੱਚ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ "ਦੇਸ਼ ਅੰਦਰ ਸਥਾਪਤ ਕੀਤੀ ਜਾ ਰਹੀ ਤਾਨਾਸ਼ਾਹੀ ਨੂੰ ਖ਼ਤਮ ਕਰਨ ਲਈ ਵੋਟਰਾਂ ਕੋਲ ਇਹ ਸੁਨਹਿਰੀ ਮੌਕਾ ਹੈ। ਆਪ ਦੀ ਕੇਂਦਰ ਵਿੱਚ ਸਰਕਾਰ ਬਨਣ 'ਤੇ ਪਾਰਟੀ ਵੱਲੋਂ ਹਰ ਵਰਗ ਨਾਲ ਕੀਤੇ ਵਾਅਦੇ ਪੁਗਾਏ ਜਾਣਗੇ।

ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਵਿੱਚ



ਸੰਘੀ ਪ੍ਰਣਾਲੀ ਦੇ ਖ਼ਿਲਾਫ਼ ਹੈ ਅਤੇ ਕਿਸਾਨ ਵਿਰੋਧੀ ਹੈ। ਇਸੇ ਪਾਰਟੀ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰਕੇ ਸਾਰੀ ਖੇਤੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਖੇਤੀ ਤੇ ਨਿਰਭਰ ਹੈ ਅਤੇ ਭਾਜਪਾ ਕਿਸਾਨਾਂ ਦੇ ਹੱਥੋਂ ਖੇਤੀ ਨੂੰ ਖੋਹ ਕੇ ਕਾਰਪੋਰੇਟਾਂ ਦੇ ਹੱਥਾਂ ਚ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਜਿਸ ਲਈ ਮੋਦੀ ਸਰਕਾਰ ਦਾ ਤਖਤਾ ਪਲਟ ਕਰਨਾ ਹੀ ਹੋਵੇਗਾ ਅਤੇ ਇਸ ਦੀ ਸ਼ੁਭ ਸ਼ੁਰੂਆਤ ਵੀ ਦੇਸ਼ ਦਾ ਹਰ ਇੱਕ ਇੱਕ ਆਮ ਵਿਅਕਤੀ ਕਰੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਆਗੂਆਂ ਵਿੱਚ ਬਲਾਕ ਪ੍ਰਧਾਨ ਸੰਦੀਪ ਲਵਲੀ, ਫਜ਼ਲ ਜਾਂਸਲਾ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਜਸਪ੍ਰੀਤ ਸਿੰਘ ਲੇਹਲਾਂ, ਬਲਾਕ ਪ੍ਰਧਾਨ ਸ਼ਾਮ ਸੁੰਦਰ ਵਧਵਾ, ਰਾਜਵਿੰਦਰ ਕੌਰ, ਬਾਬਾ ਨਛੱਤਰ ਸਿੰਘ, ਪਿੰਕੀ ਗੱਜੂ ਖੇੜਾ, ਬਲਾਕ ਪ੍ਰਧਾਨ ਬਿਕਰਮਜੀਤ ਪਾਸੀ, ਕਿਰਨਜੀਤ ਪਾਸੀ, ਗੁਰਸੇਵਕ ਕਲੋਲੀ, ਬਲਾਕ ਪ੍ਰਧਾਨ ਜਗਦੀਪ ਅਲੂਣਾ, ਬਲਾਕ ਪ੍ਰਧਾਨ ਲਖਵਿੰਦਰ ਸਿੰਘ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਲਾਲਾ ਖਲੌਰ, ਜਸਵੀਰ ਸਿੰਘ ਕਨੌੜ, ਅਵਤਾਰ ਸਿੰਘ ਕਨੌੜ, ਗੁਰਜੀਤ ਸਿੰਘ ਕਰਾਲਾ, ਹਰਿੰਦਰ ਸਿੰਘ ਸਰਪੰਚ ਕਲਾਂ, ਰਿੰਕੀ ਸਰਪੰਚ ਗੱਜੂ ਖੇੜਾ, ਯੂਥ ਪ੍ਰਧਾਨ ਰਜੇਸ਼ ਬੋਵਾ, ਅਮਰਿੰਦਰ ਪਾਲ ਸਿੰਘ, ਮਨਦੀਪ ਸਰਾਓ ਅਤੇ ਹੋਰ ਕਈ ਪਿੰਡ ਵਾਸੀ ਮੌਜੂਦ ਰਹੇ।

# ਕਿਸਾਨਾਂ ਨੂੰ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਵਾਂਗੇ : ਡਾ: ਗਾਂਧੀ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਹਲਕੇ ਦੇ ਵੱਖੋ ਵੱਖ ਪਿੰਡਾਂ ਦਾ ਦੌਰਾ ਕਰਦਿਆਂ ਇਕੱਠਾਂ ਨੂੰ ਸੰਬੋਧਨ ਦੌਰਾਨ ਦੱਸਿਆ ਕਿ ਕਾਂਗਰਸ ਪਾਰਟੀ ਵੱਲੋਂ ਆਪਣੇ ਨਿਆਂ ਪੱਤਰ ਵਿੱਚ ਦਰਜ ਕੀਤਾ ਗਿਆ ਹੈ ਕਿ ਕਾਂਗਰਸ ਦੀ ਅਗਵਾਈ ਹੇਠ ਕੇਂਦਰ ਵਿੱਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਮਗਰੋਂ ਅਸੀਂ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਵਾਂਗੇ। ਓਹਨਾਂ ਕਿਹਾ ਕਿ ਭਾਜਪਾ ਅਤੇ ਆਪ ਦਾ ਕਿਸਾਨਾਂ ਪ੍ਰਤੀ ਰਵਈਆ ਦੁਸ਼ਮਣਾਂ ਵਾਂਗ ਰਿਹਾ ਹੈ ਅਤੇ ਇਹ ਦੋਵੇਂ ਪਾਰਟੀਆਂ ਕਿਸਾਨਾਂ ਨਾਲ਼ ਵਾਅਦੇ ਕਰਕੇ ਮੁੱਕਰੀਆਂ ਹਨ। ਓਹਨਾਂ ਨੇ ਕਿਹਾ ਕਿ ਸ਼੍ਰੀਮਤੀ ਪ੍ਰਨੀਤ ਕੌਰ ਦਾ ਮਹਿਲ ਘੇਰਨ ਜਾ ਰਹੇ ਕਿਸਾਨਾਂ ਨੂੰ ਪੰਜਾਬ ਸਰਕਾਰ ਦਾ ਪ੍ਰਸ਼ਾਸਨ ਵੱਡੇ ਬੈਰੀਕੇਡ, ਮਿੱਟੀ ਦੇ ਟਿੱਪਰ ਅਤੇ ਸਖ਼ਤ ਪੁਲਿਸ ਰੋਕਾਂ ਲਗਾ ਕੇ ਰੋਕਦਾ ਹੈ ਤਾਂ ਕਿ ਕਿਸਾਨ ਇਨਸਾਫ਼ ਨਾ ਮੰਗ ਸਕਣ। ਇਹ ਦੋਵੇਂ ਪਾਰਟੀਆਂ ਕਿਸਾਨਾਂ ਦੀਆਂ ਮੰਗਾਂ ਦੇ ਉਲਟ ਭੁਗਤਣ ਲਈ ਇਕਜੁੱਟ ਹਨ। ਇਸ ਲਈ ਇਹਨਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ।

ਇਸਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਮੋਦੀ ਨੇ ਅੰਬਾਨੀ - ਅਦਾਨੀ ਦਾ ਕਰਜ਼ ਮਾਫ਼ ਕੀਤਾ ਹੈ ਪਰ ਕਾਂਗਰਸ ਪਾਰਟੀ ਕਿਸਾਨਾਂ ਅਤੇ ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ਼ ਕਰੇਗੀ। ਇਸਤੋਂ ਇਲਾਵਾ ਕਿਸੇ ਵੀ ਕੁਦਰਤੀ ਆਫ਼ਤ ਕਾਰਨ ਹੋਣ ਵਾਲ਼ੇ ਫ਼ਸਲਾਂ ਦੇ ਨੁਕਸਾਨ ਦਾ ਸਿੱਧਾ ਮੁਆਵਜ਼ਾ ਕਿਸਾਨ ਨੂੰ ਉਸਦੇ ਬੈਂਕ ਖ਼ਾਤੇ ਰਾਹੀਂ 30 ਦਿਨਾਂ ਦੇ ਅੰਦਰ - ਅੰਦਰ ਮਿਲੇਗਾ।

ਉਹਨਾਂ ਨੇ ਕਿਸਾਨਾਂ ਨੂੰ ਇਕਜੁੱਟ ਹੋ ਕੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਭੁਗਤਣ ਲਈ ਅਪੀਲ ਕੀਤੀ ਤਾਂ ਜੋ ਕਿਸਾਨ ਵਿਰੋਧੀ ਮੋਦੀ ਸਰਕਾਰ ਨੂੰ ਚੱਲਦਾ ਕੀਤਾ ਜਾ ਸਕੇ।

# ਜੋਤਿਸ਼ ਦੀ ਨਜ਼ਰ ਵਿੱਚ ; ਮੋਦੀ ਨੂੰ ਸਰਕਾਰ ਬਣਾਉਣਾ ਹੋਵੇਗਾ ਮੁਸ਼ਕਲ ; ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣਾ ਔਖਾ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਵਾਰ 2024 ਦੀਆਂ ਲੋਕ ਸਭਾ ਚੋਣਾਂ ਲਈ ਹਰ ਪਾਰਟੀ ਆਪਣੀ ਪੂਰੀ ਵਾਹ ਲਾ ਰਹੀ ਹੈ। ਇਸ ਵਾਰ ਦੀਆਂ ਚੋਣਾਂ 2014 ਅਤੇ 2019 ਦੀਆਂ ਲੋਕ ਸਭਾ ਵਰਗੀਆਂ ਆਸਾਨ ਨਹੀਂ ਹਨ। ਕਿਉਂਕਿ ਇਸ ਵਾਰ ਮੋਦੀ ਦੀ ਕੁੰਡਲੀ ਵਿੱਚ ਮੰਗਲ ਦੀ ਮਹਾਦਸ਼ਾ ਵਿੱਚ ਸ਼ਨੀ ਦਾ ਅੰਤਰ ਅਪ੍ਰੈਲ 2024 ਤੋਂ ਮਈ 2025 ਤੱਕ ਰਹੇਗਾ। ਇਸ ਤੋਂ ਇਲਾਵਾ ਸ਼ਨੀ ਦੀ ਢੈਯਾ ਚੱਲ ਰਹੀ ਹੈ। ਜਨਤਾ ਦੇ ਕਾਰਕ ਸਵਾਮੀ ਚੰਦਰ ਦੀ ਸ਼ਨੀ 'ਤੇ ਨਜਰ ਹੈ, ਜਿਸ ਕਾਰਨ ਨਰਿੰਦਰ ਮੋਦੀ ਨੂੰ ਜਨਤਾ ਦੇ ਵਿਰੋਧ ਅਤੇ ਅਵਿਸ਼ਵਾਸ ਦਾ ਸਾਹਮਣਾ ਕਰਨਾ ਪਵੇਗਾ, ਜਿਸ ਕਾਰਨ ਇਸ ਵਾਰ ਭਾਜਪਾ ਦੀਆਂ ਸੀਟਾਂ 230 ਤੋਂ 250 ਤੱਕ ਸੁੰਗੜ ਕੇ ਰਹਿ ਜਾਣਗੀਆਂ, ਜਿਸ ਕਾਰਨ ਨਰਿੰਦਰ ਮੋਦੀ ਨੂੰ ਸਰਕਾਰ ਬਣਾਉਣਾ ਬਹੁਤ ਮੁਸ਼ਕਲ ਹੋਵੇਗਾ। ਕਿਉਂਕਿ ਗੋਚਰ ਦੇ ਸ਼ਨੀ ਦੀ ਜਨਮਾਂਕ ਦੇ ਸ਼ਨੀ 'ਤੇ ਦ੍ਰਿਸ਼ਟੀ ਹੋਣਾ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣਾ ਔਖਾ ਕਰ ਦਿੰਦਾ ਹੈ। ਫਿਲਹਾਲ ਸ਼ਨੀ ਦਾ ਅੰਤਰ ਪ੍ਰਤਯਤੰਤਰ 24 ਜੂਨ 2024 ਤੱਕ ਰਹੇਗਾ ਅਤੇ ਇਸ ਦੌਰਾਨ ਜਨਤਾ ਦੀ ਭਾਵਨਾ ਨਰਿੰਦਰ ਮੋਦੀ ਪ੍ਰਤੀ ਬਹੁਤੀ ਚੰਗੀ ਨਹੀਂ ਰਹੇਗੀ। ਜਿਸ ਕਾਰਨ ਮੌਜੂਦਾ ਚੋਣ ਬਹੁਤ ਹੀ ਮੁਕਾਬਲੇ ਵਾਲੀ ਹੋਵੇਗੀ ਅਤੇ ਬਹੁਤੇ ਉਮੀਦਵਾਰਾਂ ਦੀ ਜਿੱਤ ਜਾਂ ਹਾਰ ਬਹੁਤ ਘੱਟ ਫਰਕ ਨਾਲ ਤੈਅ ਹੋਵੇਗੀ। ਕੋਈ ਵੀ ਪਾਰਟੀ ਭਾਵੇਂ



ਸੂਰਿਆ ਕਾਂਤ ਵਰਮਾ, ਪ੍ਰਸਿੱਧ ਅੰਤਰਰਾਸ਼ਟਰੀ ਜੋਤਸ਼ੀ

ਉਹ ਨਰਿੰਦਰ ਮੋਦੀ (ਐਨਡੀਏ) ਗਠਜੋੜ ਹੋਵੇ ਜਾਂ ਰਾਹੁਲ ਗਾਂਧੀ (ਇੰਡੀਆ ਗਠਜੋੜ) ਪੂਰਨ ਬਹੁਮਤ ਹਾਸਲ ਕਰਨ ਦੇ ਯੋਗ ਨਹੀਂ ਹੋਵੇਗਾ।

ਨਰਿੰਦਰ ਮੋਦੀ ਦੀ ਕੁੰਡਲੀ ਵਿੱਚ ਬੁਧ 24 ਜੂਨ ਤੋਂ 21 ਅਗਸਤ 2024 ਤੱਕ ਪ੍ਰਤਯਤੰਤਰ ਰਹੇਗਾ, ਜੋ ਉਨ੍ਹਾਂ ਦੀ ਸਿਹਤ ਅਤੇ ਜੀਵਨ ਲਈ ਨੁਕਸਾਨਦੇਹ ਸਾਬਤ ਹੋਵੇਗਾ।

ਜੇਕਰ ਰਾਹੁਲ ਗਾਂਧੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਕੁੰਡਲੀ ਦੇ ਮੁਤਾਬਕ 28 ਮਾਰਚ ਤੋਂ 28 ਅਕਤੂਬਰ 2024 ਤੱਕ ਮੰਗਲ ਦੀ ਮਹਾਦਸ਼ਾ ਵਿੱਚ ਚੰਦਰ ਚੱਲ ਰਿਹਾ ਹੈ। ਜ਼ੋ ਉਨ੍ਹਾਂ ਦੇ ਵ੍ਰਿਸ਼ ਲਗਨ ਦੇ ਕਾਰਨ, ਮੰਗਲ ਮਿਥੁਨ ਵਿੱਚ ਤਣਾਅ ਦੇਣ ਵਾਲਾ ਹੁੰਦਾ ਹੈ। ਰਾਹੂ 110 ਮਈ ਤੱਕ ਰਾਹੁਲ ਗਾਂਧੀ ਦੀ ਕੁੰਡਲੀ ਵਿੱਚ ਰਹੇਗਾ ਜਿਸ ਕਾਰਨ ਉਨ੍ਹਾਂ ਨੂੰ ਪੂਰਾ ਬਹੁਮਤ ਨਹੀਂ ਮਿਲੇਗਾ। ਪਰ 30 ਜੁਲਾਈ 2024 ਤੋਂ 30 ਅਗਸਤ 2024 ਤੱਕ ਦਾ ਸਮਾਂ ਬਹੁਤ ਹੀ ਸ਼ੁਭ ਸਮਾਂ ਸਾਬਤ ਹੋਵੇਗਾ।

ਜੇਕਰ ਕਾਂਗਰਸ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਆਪਣਾ ਪੂਰਨ ਬਹੁਮਤ ਸਾਬਤ ਨਾ ਕਰ ਸਕੀ ਤਾਂ ਵੀ ਇਹ ਦੂਜੀ ਸਭ ਤੋਂ ਵੱਡੀ ਸਿਆਸੀ ਪਾਰਟੀ ਵਜੋਂ ਮੁੜ ਉਭਰ ਕੇ ਸਾਹਮਣੇ ਆਵੇਗੀ। ਕਾਂਗਰਸ ਉੱਤਰੀ ਭਾਰਤ ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਿੱਚ ਸਫਲ ਰਹੇਗੀ।

ਦੂਜੇ ਪਾਸੇ ਜੇਕਰ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਤਾਂ ਅਰਵਿੰਦ ਕੇਜਰੀਵਾਲ ਦੇ ਜੇਲ ਜਾਣ ਕਾਰਨ ਇਸ ਨੂੰ ਲੋਕਾਂ ਦੀ ਹਮਦਰਦੀ ਮਿਲੇਗੀ ਅਤੇ ਪੰਜਾਬ ਵਿਚ ਚੰਗਾ ਪ੍ਰਦਰਸ਼ਨ ਕਰਕੇ 7 ਤੋਂ 9 ਸੀਟਾਂ ਜਿੱਤਣ ਵਿਚ ਕਾਮਯਾਬ ਹੋ ਜਾਵੇਗੀ।

# ਗਰਮੀ ਅਤੇ ਲੂਅ ਤੋਂ ਬਚਣ ਲਈ ਪੀਓ ਵੱਧ ਤੋਂ ਵੱਧ ਤਰਲ ਪਦਾਰਥ -ਡਿਪਟੀ ਕਮਿਸ਼ਨਰ

**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਲੋਕਾਂ ਨੂੰ ਗਰਮੀ ਅਤੇ ਲੂ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਜਾਰੀ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਗਰਮੀ ਅਤੇ ਲੂ ਤੋਂ ਬਚਣ ਲਈ ਵੱਧ ਤੋਂ ਵੱਧ ਤਰਲ ਪਦਾਰਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਗਰਮ ਹਵਾਵਾਂ ਸਾਡੀ ਤ੍ਰੇਹ (ਪਿਆਸ) ਵਧਾਉਣ ਦੇ ਨਾਲ ਨਾਲ ਸਾਡੇ ਸਰੀਰ ਖਾਸ ਕਰਕੇ ਅੱਖਾਂ ਅਤੇ ਚਮੜੀ ਨੂੰ ਪੂਰੀ ਤਰ੍ਹਾਂ ਝੁਲਸਾ ਦਿੰਦੀਆਂ ਹਨ। ਜ਼ਿਆਦਾ ਗਰਮੀ ਹੋਣ ਤੇ ਸਾਡਾ ਸਰੀਰ ਪਸੀਨੇ ਦੇ ਰੂਪ ਵਿੱਚ ਗਰਮੀ ਬਾਹਰ ਕੱਢਦਾ ਹੈ ਅਤੇ ਤਾਪਮਾਨ ਨੂੰ ਨਿਯੰਤਰਿਤ ਰੱਖਦਾ ਹੈ। ਜਿਸ ਨਾਲ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਸਾਡੇ ਸਰੀਰ ਦਾ ਇਹ ਸਿਸਟਮ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਸਰੀਰ ਬਾਹਰ ਦੇ ਤਾਪਮਾਨ ਦੇ ਸਮਾਨ ਗਰਮ ਹੋ ਜਾਂਦਾ ਹੈ। ਜਿਸ ਨੂੰ ਲੂਅ ਲੱਗਣਾ ਕਹਿੰਦੇ ਜਾਂ ਫਿਰ ਹੀਟ ਸਟ੍ਰੋਕ ਕਹਿੰਦੇ ਹਨ।

ਉਨ੍ਹਾਂ ਕਿਹਾ ਕਿ ਗਰਮੀ ਜਾਂ ਲੂਅ ਲੱਗਣ ਦੇ ਲੱਛਣ ਜਿਸ ਵਿਚ ਅੱਖਾਂ ਦੇ ਸਾਹਮਣੇ ਹਨੇਰਾ ਛਾ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਗੱਲ ਸਮਝਣ ਵਿਚ ਮੁਸ਼ਕਲ ਆਉਣੀ, ਚਿੜਚਿੜਾਪਣ, ਜ਼ੁਬਾਨ ਦਾ ਲੜਖੜਾਉਣਾ, ਤੁਰਨ ਸਮੇਂ ਲੜਖੜਾਉਣਾ, ਦੌਰਾ ਪੈਣਾ ਆਦਿ, ਬੇਚੈਨੀ ਅਤੇ ਘਬਰਾਹਟ, ਹਲਕਾ ਜਾਂ ਤੇਜ਼ ਬੁਖਾਰ, ਜੀਅ ਖਰਾਬ ਹੋਣਾ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਅਤੇ ਉਲਟੀਆਂ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਗਰਮੀ ਕਰਕੇ ਪਿੱਤ ਦਾ ਹੋਣਾ, ਗਰਮੀ ਦੇ ਬਾਵਜੂਦ ਪਸੀਨਾ ਘੱਟ ਆਉਣਾ, ਮਾਸ਼ ਪੇਸ਼ੀਆਂ ਵਿੱਚ ਦਰਦ, ਲਾਲ, ਗਰਮ ਅਤੇ ਖੁਸ਼ਕ ਚਮੜੀ ਆਦਿ ਹਨ। ਲੂ ਲੱਗਣ ਵਿੱਚ ਮਰੀਜ਼ ਨੂੰ ਪਸੀਨਾ ਆਉਂਦੇ ਰਹਿਣਾ ਇੱਕ ਵਧੀਆ ਲੱਛਣ ਹੈ, ਇਸ ਨਾਲ ਸਰੀਰ ਦਾ ਤਾਪਮਾਨ ਸਥਿਰ ਰਹਿੰਦਾ ਹੈ।

ਗਰਮੀ ਅਤੇ ਲੂ ਲਗਣ ਦੀ ਖ਼ਤਰਨਾਕ ਸਥਿਤੀ ਜਿਸ ਵਿਚ ਤੇਜ਼ ਬੁਖਾਰ, ਜੋ 40 ਡਿਗਰੀ ਸੈਲਸੀਅਸ ਜਾਂ 104-105 ਡਿਗਰੀ ਫਾਰਨਹਾਈਟ ਤੋਂ ਜ਼ਿਆਦਾ ਹੋਵੇ, ਸਰੀਰ ਦੇ ਗਰਮ ਹੋਣ ਉੱਤੇ ਪਸੀਨਾ ਆਉਣਾ ਬੰਦ ਹੋ ਜਾਵੇ ਅਤੇ ਚਮੜੀ ਰੁੱਖੀ ਰੁੱਖੀ ਹੋ ਜਾਵੇ, ਮਰੀਜ਼ ਦਾ ਬੇਹੋਸ਼ ਹੋ ਜਾਣਾ, ਘਬਰਾਹਟ ਹੋਣਾ ਹਨ। ਉਨ੍ਹਾਂ ਕਿਹਾ ਕਿ ਲੂ ਦੇ ਲੱਛਣ ਨਜ਼ਰ ਆਉਣ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਵਿਅਕਤੀ ਦੇ ਕੱਪੜੇ ਢਿੱਲੇ ਕਰ ਦਿੱਤੇ ਜਾਣ, ਵਿਅਕਤੀ ਨੂੰ ਪੀਣ ਲਈ ਤਰਲ ਪਦਾਰਥ ਦਿੱਤਾ ਜਾਵੇ, ਸਰੀਰ ਦੇ ਤਾਪਮਾਨ ਨੂੰ ਘੱਟ ਕਰਨ ਦੇ ਲਈ ਠੰਢੇ ਪਾਣੀ ਦੀਆਂ ਪੱਟੀਆਂ ਕੀਤੀਆਂ ਜਾਣ, ਠੰਡੇ ਪਾਣੀ ਨਾਲ ਭਰੇ ਬਾਥ ਟੱਬ ਵਿੱਚ ਮਰੀਜ਼ ਨੂੰ ਗਲੇ ਤੱਕ ਲਿਟਾਇਆ ਜਾ ਸਕਦਾ ਹੈ, ਬੁਖਾਰ ਨੂੰ ਘੱਟ ਕਰਨ ਲਈ ਡਾਕਟਰ ਦੀ ਸਲਾਹ ਤੋਂ ਬਿਨ੍ਹਾ ਆਮ ਦਵਾਈਆਂ ਦਾ ਪ੍ਰਯੋਗ ਨਾ ਕੀਤਾ ਜਾਵੇ, ਮਰੀਜ਼ ਨੂੰ ਜਿੰਨੀ ਜਲਦੀ ਹੋ ਸਕੇ ਹਸਪਤਾਲ ਲੈ ਕੇ ਜਾਇਆ ਜਾਵੇ।

ਉਨ੍ਹਾਂ ਕਿਹਾ ਕਿ ਗਰਮੀ ਚ ਲੂਅ ਤੋਂ ਬਚਣ ਦੇ ਲਈ ਘਰ ਤੋਂ ਬਾਹਰ ਨਿਕਲਣਾ ਹੋਵੇ ਤਾਂ ਜ਼ਿਆਦਾ ਮਾਤਰਾ ਵਿੱਚ ਪਾਣੀ ਪੀਤਾ ਜਾਵੇ।

# ਲੋਕ ਸਭਾ ਪਟਿਆਲੇ ਦੀ ਜਿੱਤ ਲਈ ਲੋਕ ਪੱਬਾ ਭਾਰ: ਡਾ ਬਲਬੀਰ

## 'ਪੰਜਾਬ ਬਚਾਓ ਯਾਤਰਾ' ਨਹੀ ਬਾਦਲ ਪਰਿਵਾਰ ਬਚਾਓ ਯਾਤਰਾ ਕੱਢ ਰਹੇ ਸੁਖਬੀਰ ਬਾਦਲ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਅਕਾਲੀ ਭਾਜਪਾ ਦੀ ਤਰ੍ਹਾਂ ਵਰਤੇ ਛਲਾਵੇ ਤੇ ਲਾਰੇ ਨਹੀਂ ਲੱਗੇ, ਜਿਸ ਦਾ ਸਿੱਧਾ ਅਸਰ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਟਿਆਲਾ ਰੈਲੀ ਵਿੱਚ ਦਿ ?ਖਿਆ। ਇਹ ਪ੍ਰਗਟਾਵਾ ਸਿਹਤ ਅਤੇ ਪਰਿਵਾਰ ਭਲਾਈ ਕੈਬਿਨਟ ਮੰਤਰੀ ਤੇ ਲੋਕ ਸਭਾ ਉਮੀਦਵਾਰ ਨੇ ਪਟਿਆਲਾ ਦੇ ਕਈ ਇਲਾਕਿਆਂ ਦੇ ਲੋਕਾਂ ਨਾਲ ਮੁਲਾਕਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਤੇਜਿੰਦਰ ਮਹਿਤਾ ਸ਼ਹਿਰੀ ਪ੍ਰਧਾਨ, ਜੇ ਪੀ ਸਿੰਘ ਅਤੇ ਹੋਰ ਪਾਰਟੀ ਨੇਤਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਉਨ੍ਹਾਂ ਇੱਥੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਭਾਜਪਾ ਵੱਲੋਂ ਲਾਰੇ ਤੇ ਨਾਅਰਿਆਂ ਦੀ ਘੜੀ ਰਾਜਨੀਤੀ ਜੱਗ ਜ਼ਾਹਿਰ ਹੋ ਚੁੱਕੀ ਹੈ ਅਤੇ ਹੁਣ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੂੰ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣੇ ਔਖੇ ਹੋ ਰਹੇ ਹਨ। ਇਹ ਹੀ ਨਹੀ ਅਕਾਲੀ ਸਰਕਾਰ ਨੇ 'ਪੰਜਾਬ ਬਚਾਓ ਯਾਤਰਾ* ਵੀ ਕੱਢ ਰਹੀ ਹੈ ਜਦੋਂ ਕਿ ਗੱਲ ਪੁੱਛਣ ਵਾਲੀ ਹੈ ਕਿ ਪੰਜਾਬ ਨੂੰ 70 ਸਾਲਾਂ ਤੋਂ ਖਾਣ ਤੇ ਡੁਬਾਉਣ ਵਾਲੇ ਤੁਸੀ ਆਪ ਹੀ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬ ਬਚਾਉਣ ਦੇ ਨਾਂ 'ਤੇ ਪਰਿਵਾਰ ਦੀ ਸਿਆਸੀ ਸਾਖ਼ ਬਚਾਉਣ ਲਈ ਯਾਤਰਾ ਕੱਢ ਰਹੇ ਹਨ। ਡਾ ਬਲਬੀਰ ਨੇ ਕਿਹਾ ਕਿ ਹੁਣ ਇਸ ਦਾ ਅੰਦਾਜ਼ਾ ਲੋਕ ਸਭਾ ਚੋਣਾਂ ਦੇ ਸਾਰਥਿਕ ਨਤੀਜਿਆਂ ਤੋਂ ਲੱਗ ਜਾਵੇਗਾ। ਉਨਾਂ ਕਿਹਾ ਕਿ ਮੁੱਖ ਮੰਤਰੀ ਮਾਨ ਪਟਿਆਲਾ ਦੀ ਮੈਗਾ ਰੈਲੀ ਦੇਖ ਬਹੁਤ ਖੁਸ਼ ਸਨ।



ਜਿਸ ਕਰਕੇ ਉਨਾਂ ਵਾਅਦਾ ਵੀ ਕੀਤਾ ਹੈ ਕਿ ਲੋਕ ਸਭਾ ਦੀ ਜਿੱਤ ਮਗਰੋਂ ਪਟਿਆਲਾ ਲਈ ਵਿਸ਼ੇਸ਼ ਪੈਕੇਜ਼ ਐਲਾਨ ਕੀਤੇ ਜਾਣਗੇ। ਜਿਸ ਨਾਲ ਪਟਿਆਲੇ ਦੀ ਨੁਹਾਰ ਬਦਲੀ ਜਾਵੇਗੀ। ਉਨਾਂ ਕਿਹਾ ਕਿ ਇਹ ਚੋਣਾਂ ਪੰਜਾਬ ਅੰਦਰ 'ਆਪ' ਦੀ ਸਰਕਾਰ ਦੇ ਲੋਕ ਭਲਾਈ ਕੰਮਾਂ ਨੂੰ ਤਸਦੀਕ ਕਰਨਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸਾਰੇ ਹਲਕਿਆਂ 'ਤੇ ਜਿੱਤ ਪ੍ਰਾਪਤ ਕਰਨ ਦੇ ਦਿੱਤੇ ਟੀਚੇ ਨੂੰ ਸਰ ਕਰਨ ਲਈ ਸਾਰੇ ਆਗੂ, ਵਰਕਰ ਪੱਬਾਂ ਭਾਰ ਹਨ ਅਤੇ ਲੋਕਾਂ ਵੱਲੋਂ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਹੁੰਗਾਰਾ ਮਿਲ ਰਿਹਾ ਹੈ।

ਅੱਜ ਦੇ ਚੋਣ ਪ੍ਰਚਾਰ ਦੌਰਾਨ ਡਾ ਬਲਬੀਰ ਡੋਗਰਾ ਮੁਹੱਲਾ, ਧੰਮੋ ਮਾਜ਼ਰਾ, ਅਜੀਤ ਨਗਰ, ਚਰਨ ਬਾਗ, ਧੀਰੂ ਨਗਰ, ਸਨੋਰੀ ਅੱਡਾ, ਅਰਾਈ ਮਾਜ਼ਰਾ, ਮਥੁਰਾ ਕਲੋਨੀ, ਪੁਰਾਣੀ ਕੋਤਵਾਲੀ ਚੌਕ, ਤੋਪ ਖਾਨਾਂ ਮੋੜ, ਟੋਭਾ ਕਸ਼ਮੀਰੀਆਂ, ਛੱਪੜ ਬਦਾ ਮੁਹੱਲਾ, ਧੋਬੀ ਘਾਟ, ਲਾਹੌਰੀ ਗੇਟ, ਤੇਜ ਬਾਗ਼ ਕਾਲੋਨੀ ਅਤੇ ਹੋਰ ਨੇੜਲੀਆਂ ਕਾਲੋਨੀਆਂ ਵਿੱਚ ਗਏ। ਇਸ ਦੌਰਾਨ ਉਨ੍ਹਾਂ ਅਹਿਦ ਲਿਆ ਕਿ ਉਹ ਹਲਕੇ ਨੂੰ ਹਰ ਪੱਖ ਤੋਂ ਉਦਾਹਰਣ ਵਾਲਾ ਹਲਕਾ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਲ ਜੇ ਵੀ ਸਿੰਘ, ਤੇਜਿੰਦਰ ਮਹਿਤ ਸ਼ਹਿਰੀ ਪ੍ਰਧਾਨ, ਜਸਬੀਰ ਗਾਂਧੀ ਆਫਿਸ ਇੰਚਾਰਜ, ਕਰਮਜੀਤ ਸਿੰਘ ਬਸੀ ਬਲਾਕ ਇੰਚਾਰਜ, ਲਾਲ ਸਿੰਘ ਬਲਾਕ ਇੰਚਾਰਜ, ਮੋਹਿਤ ਕੁਮਾਰ ਬਲਾਕ ਇੰਚਾਰਜ, ਜਸਵਿੰਦਰ ਬੱਸੀ ਬਲਾਕ ਇੰਚਾਰਜ, ਗੁਰਕਿਰਪਾਲ ਸਿੰਘ ਬਲਾਕ ਇੰਚਾਰਜ, ਗੱਜਣ ਸਿੰਘ, ਗੁਰਚਰਨ ਸਿੰਘ ਭੰਗੂ, ਕਾਕਾ ਜੀ, ਹਰਪਾਲ ਸਿੰਘ, ਰੁਪਿੰਦਰ ਕੋਚ, ਹਨੀ ਲੁਥਰਾ, ਹਰਮਨ ਸੰਧੂ, ਸਾਗਰ, ਗੁਰੀ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਗੁਰਸ਼ਰਨ ਸਿੰਘ, ਸਨੀ ਡੱਬੀ, ਜਗਤਾਰ ਸਿੰਘ, ਲੱਕੀ, ਜ਼ਸਬੀਰ ਸਿੰਘ ਬਿੱਟੂ, ਸੰਜੀਵ ਕੁਮਾਰ ਅਤੇ ਹੋਰ ਕਈ ਆਪ ਵਰਕਰ ਤੇ ਸਥਾਨਕ ਲੋਕ ਮੌਜੂਦ ਰਹੇ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਲੋਕ ਸਭਾ ਚੋਣਾਂ ਲਈ ਚੋਣ ਪ੍ਰੋਗਰਾਮ ਦਾ ਐਲਾਨ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸੂਬੇ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਚੋਣਾਂ ਲਈ ਗਜ਼ਟ ਨੋਟੀਫਿਕੇਸ਼ਨ 10 ਮਈ, 2024 ਨੂੰ ਜਾਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 14 ਮਈ, 2024 (ਮੰਗਲਵਾਰ) ਹੈ ਅਤੇ ਨਾਮਜ਼ਦਗੀਆਂ ਦੀ ਪੜਤਾਲ 15 ਮਈ (ਬੁੱਧਵਾਰ) ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਉਮੀਦਵਾਰ 110 ਮਈ, 2024 (ਸ਼ੁੱਕਰਵਾਰ) ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਵਿੱਚ 1 ਜੂਨ, 2024 (ਸ਼ਨੀਵਾਰ) ਨੂੰ ਵੋਟਾਂ ਪੈਣਗੀਆਂ ਅਤੇ ਪੰਜਾਬ ਸਮੇਤ ਦੇਸ਼ ਵਿੱਚ ਪਈਆਂ ਵੋਟਾਂ ਦੀ ਗਿਣਤੀ 4 ਜੂਨ, 2024 (ਮੰਗਲਵਾਰ) ਨੂੰ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ, 2024 (ਵੀਰਵਾਰ) ਹੈ। ਉਨ੍ਹਾਂ ਦੱਸਿਆ ਕਿ ਵੋਟਾਂ ਪੈਣ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।



ਸਿਬਿਨ ਸੀ ਨੇ ਦੱਸਿਆ ਕਿ 10 ਮਈ 2024 ਤੋਂ 14 ਮਈ, 2024 ਤੱਕ ਜਨਤਕ ਛੁੱਟੀ ਤੋਂ ਇਲਾਵਾ ਬਾਕੀ ਸਾਰੇ ਨਿਰਧਾਰਤ ਦਿਨਾਂ ਦੌਰਾਨ ਹਲਕਿਆਂ ਦੇ ਡਿਪਟੀ ਕਮਿਸ਼ਨਰਾਂ-ਕਮ-ਰਿਟਰਨਿੰਗ ਅਫ਼ਸਰਾਂ ਕੋਲ ਸਵੇਰੇ 11.00 ਵਜੇ ਤੋਂ ਸ਼ਾਮ 3.00 ਵਜੇ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ।

ਦੱਸਣਯੋਗ ਹੈ ਕਿ ਨਾਮਜ਼ਦਗੀ ਪੱਤਰ ਫਾਰਮ 21 ਵਿੱਚ ਭਰੇ ਜਾਣੇ ਹਨ। ਜ਼ਿਕਰਯੋਗ ਹੈ ਕਿ ਖਾਲੀ ਫਾਰਮ ਸਬੰਧਤ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਲ ਉਪਲਬਧ ਹਨ। ਟਾਈਪ ਕੀਤੇ ਨਾਮਜ਼ਦਗੀ ਪੱਤਰ ਵੀ ਸਵੀਕਾਰ ਕੀਤੇ ਜਾਣਗੇ ਬਸ਼ਰਤੇ ਉਹ ਮੁੱਖ ਚੋਣ ਦਫਤਰ ਦੀ ਵੈੱਬਸਾਈਟ (https://www. ceopunjab.gov.in) 'ਤੇ ਦਰਸਾਏ ਗਏ ਨਿਰਧਾਰਤ ਫਾਰਮੈਟ ਵਿੱਚ ਹੋਣ।

ਉਨ੍ਹਾਂ ਕਿਹਾ ਕਿ ਭਗਵਾਨ ਪਰਸ਼ੂਰਾਮ ਜੈਅੰਤੀ (10 ਮਈ, 2024) ਵਾਲੇ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਨਹੀਂ ਹੈ। ਇਸ ਲਈ 10 ਮਈ, 2024 ਨੂੰ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਕੋਲ ਭਰੇ ਜਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 11 ਮਈ, 2024 ਨੂੰ ਦੂਜਾ ਸ਼ਨੀਵਾਰ ਅਤੇ 12 ਮਈ, 2024 ਨੂੰ ਐਤਵਾਰ ਹੋਣ ਕਰਕੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਹੋਵੇਗੀ।

ਇਸ ਲਈ ਇਨ੍ਹਾਂ ਦੋਵੇਂ ਦਿਨਾਂ ਦੌਰਾਨ ਨਾਮਜ਼ਦਗੀ ਪੱਤਰ ਨਹੀਂ ਭਰੇ ਜਾ ਸਕਣਗੇ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਐਲਾਨ ਦੀ ਮਿਤੀ 16 ਮਾਰਚ, 2024 ਤੋਂ ਸੂਬੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ ਜੋ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਅਰਥਾਤ 06.06.2024 ਤੱਕ ਲਾਗੂ ਰਹੇਗਾ।

# ਸ੍ਰੀ ਸ਼ਿਰਡੀ ਸਾਈ ਮੰਦਰ ਨੇ ਲਗਾਇਆ ਅੱਖਾਂ ਦਾ ਮੁਫਤ ਚੈਕਅੱਪ ਕੈਂਪ




ਸਾਈ ਮੰਦਰ ਦੇ ਪ੍ਰਧਾਨ ਪੀ.ਦਾਸ ਗੁਪਤਾ ਅਤੇ ਹੋਰ ਟਰੱਸਟੀ ਮੈਂਬਰ ਕੈਂਪ ਦੌਰਾਨ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸ਼ਿਰਡੀ ਸਾਈ ਮੰਦਰ ਟਰੱਸਟ ਵੱਲੋਂ ਪੁਰਾਣਾ ਬਿਸ਼ਨ ਨਗਰ ਸਾਹਮਣੇ ਐਲ.ਆਈ.ਜੀ ਫਲੈਟਸ ਐਸ.ਐਸ.ਟੀ ਨਗਰ ਵਿਖੇ ਅੱਖਾਂ ਦੇ ਮਾਹਰ ਡਾ. ਮਨਪ੍ਰੀਤ ਸਿੰਘ ਐਮ.ਐਸ.ਆਈ ਦੀ ਅਗਵਾਈ ਹੇਠ ਅੱਖਾਂ ਦਾ ਮੁਫਤ ਚੈੱਕ ਅਪ ਲਗਾਇਆ ਗਿਆ। ਜਿਸ ਵਿੱਚ ਆਸਪਾਸ ਦੇ ਇਲਾਕਿਆਂ ਦੇ 150 ਦੇ ਕਰੀਬ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਕੇ ਉਹਨਾਂ ਨੂੰ ਮੁਫਤ ਡਾਕਟਰੀ ਸਲਾਹ, ਐਨਕਾਂ ਅਤੇ ਹਰ ਤਰਾਂ ਦੀ ਦਵਾਈ ਵੀ ਦਿੱਤੀ ਗਈ। ਇਸ ਮੌਕੇ ਸ਼੍ਰੀ ਸ਼ਿਰਡੀ ਸਾਈਂ ਮੰਦਿਰ ਦੇ ਪ੍ਰਧਾਨ ਪੀ. ਦਾਸ ਗੁਪਤਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੰਦਿਰ ਟਰੱਸਟ ਵੱਲੋ ਭਵਿੱਖ ਵਿਚ 25 ਕਰੀਬ ਦੇ ਲੋੜਵੰਦ ਮਰੀਜ਼ਾਂ ਦੇ ਚਿੱਟੇ ਮੋਤੀਆ ਬਿੰਦ ਦੇ ਆਪਰੇਸ਼ਨ ਡਾ. ਮਨਪ੍ਰੀਤ ਸਿੰਘ ਦੀ ਯੋਗ ਅਗਵਾਈ ਵਿੱਚ ਗਲੋਬਲ ਆਈ ਹਸਪਤਾਲ ਵਿਖੇ ਕਰਵਾਏ ਜਾਣਗੇ। ਇਸ ਮੌਕੇ ਡਾ. ਹਰਿੰਦਰ ਕੌਸ਼ਲ, ਅਸ਼ੋਕ ਸ਼ਰਮਾ, ਆਸ਼ੀਸ਼ ਸਿੰਗਲਾ, ਬੰਟੀ ਜੀ, ਅਸ਼ੋਕ ਗੋਇਲ, ਡਾ.ਨੀਰਜ ਕੌਸ਼ਲ, ਅਨਿਲ ਮਲਹੋਤਰਾ, ਧੀਰਜ਼ ਚਲਾਣਾ, ਅਵਿਨਾਸ਼ ਗੌੜ, ਦਿਨੇਸ਼, ਕਰਨ, ਕਮਲ, ਅਜੇ ਮਲਹੋਤਰਾ, ਰੋਹਿਤ ਖੰਨਾ ਅਤੇ ਹੋਰ ਵੀ ਮੈਂਬਰ ਇਸ ਕੈਂਪ ਵਿੱਚ ਮੌਜੂਦ ਸਨ।

# ਡਾ. ਸੰਜੇ ਗੋਇਲ ਬਣੇ ਪਟਿਆਲਾ ਦੇ ਨਵੇਂ ਸਿਵਲ ਸਰਜਨ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੁਕਮਾਂ ਅਨੁਸਾਰ ਡਾ. ਸੰਜੇ ਗੋਇਲ ਨੇਂ ਜਿਲ੍ਹਾ ਪਟਿਆਲਾ ਵਿਖੇ ਬਤੌਰ ਸਿਵਲ ਸਰਜਨ ਆਪਣਾ ਅਹੁਦਾ ਸੰਭਾਲ ਲਿਆ ਹੈ।ਜਿਕਰਯੋਗ ਹੈ ਕਿ ਡਾ. ਸੰਜੇ ਗੋਇਲ ਜਨਰਲ ਸਰਜਨ ਹਨ, ਜੋ ਕਿ ਸਬ ਡਵੀਜ਼ਨ ਹਸਪਤਾਲ ਨਾਭਾ ਵਿਖੇ ਬਤੌਰ ਸੀਨੀਅਰ ਮੈਡੀਕਲ ਅਫਸਰ ਤੈਨਾਤ ਸਨ, ਦੀ ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸੀਨੀਅਰ ਮੈਡੀਕਲ ਅਫਸਰ ਤੋਂ ਪੱਦ ਉਨਤੀ ਬਤੌਰ ਡਿਪਟੀ ਡਾਇਰੈਕਟਰ ਕਮ ਸਿਵਲ ਸਰਜਨ ਹੋਣ ਕਾਰਣ ਉਹਨਾਂ ਨੂੰ ਪਟਿਆਲਾ ਦਾ ਸਿਵਲ ਸਰਜਨ ਲਗਾਇਆ ਗਿਆ ਅਤੇ ਅੱਜ



ਉਹਨਾਂ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬਤੌਰ ਸਿਵਲ ਸਰਜਨ ਆਪਣਾ ਅੱਹੁਦਾ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਤੇ ਦਫਤਰ ਵਿਖੇ ਸਿਹਤ ਪ੍ਰੋਗਰਾਮ ਅਫਸਰਾਂ ਅਤੇ ਸਟਾਫ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਮੁਬਾਰਕਬਾਦ ਦਿੱਤੀ ਗਈ।ਅਹੁਦਾ ਸੰਭਾਲਣ ਤੇ ਡਾ. ਸੰਜੇ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਜੋ ਜਿਮੇਂਵਾਰੀ ਉਹਨਾਂ ਨੂੰ ਸੋਂਪੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮਿਆਰੀ ਸਿਹਤ ਸਹੂਲਤਾਂ ਨੂੰ ਜਿਲ੍ਹੇ ਦੇ ਸਾਰੇ ਨਾਗਰਿਕਾਂ ਤੱਕ ਪੰਹੁਚਾਉਣ ਲਈ ਵਚਨਬੱਧ ਹੋਣਗੇ। ਦਫਤਰ ਸਿਵਲ ਸਰਜਨ ਵਿਖੇ ਕੰਮ ਲਈ ਆਉਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ।ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋ ਸਮੇਂ ਸਮੇਂ ਤੇ ਸਿਹਤ ਪ੍ਰੋਗਰਾਮਾਂ ਸਬੰਧੀ ਜੋ ਵੀ ਦਿੱਤੇ ਟੀਚੇ ਉਹਨਾਂ ਨੂੰ ਦਿੱਤੇ ਜਾਣਗੇ ,ਉਹ ਮਿਥੇ ਸਮੇਂ ਵਿੱਚ ਪੂਰੇ ਕਰਵਾਏ ਜਾਣਗੇ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਪੰਜਾਬ ਦੇ 13 ਜ਼ਿਲ੍ਹਿਆਂ ਵਿੱਚ ਬੀ.ਜੇ.ਪੀ. ਅਤੇ ਮਹਾਰਾਣੀ ਪ੍ਰਨੀਤ ਕੌਰ ਦੇ ਪੁਤਲੇ ਸਾੜੇ ਗਏ



**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਪੰਜਾਬ ਦੇ 13 ਜਿਲਿਆ ਵਿੱਚ ਬੀ.ਜੇ.ਪੀ. ਅਤੇ ਮਹਾਰਾਣੀ ਪ੍ਰਨੀਤ ਕੌਰ ਦੇ ਪੁਤਲੇ ਸਾੜੇ ਗਏ। ਜਿਲਾ ਪਟਿਆਲਾ ਦੇ ਪਿੰਡ ਆਕੜੀ ਦੇ ਸੁਰਿੰਦਰ ਪਾਲ ਸਿੰਘ ਨੂੰ ਜਦੋਂ ਹੋਰ ਕਿਸਾਨਾਂ ਸਮੇਤ ਐਸ.ਕੇ.ਐਮ. ਵਲੋਂ ਜੋ ਪੂਰੇ ਭਾਰਤ ਵਿੱਚ ਬੀ.ਜੇ.ਪੀ. ਤੋਂ ਸਵਾਲ ਪੁੱਛਣ, ਵਿਰੋਧ ਕਰਨ ਅਤੇ ਬੀ.ਜੇ.ਪੀ. ਨੂੰ ਚੋਣ ਪ੍ਰਚਾਰ ਦੌਰਾਨ ਕਾਲੇ ਝੰਡੇ ਦਿਖਾਉਣ ਦਾ ਜੋ ਪ੍ਰੋਗਰਾਮ ਦਿੱਤਾ ਗਿਆ ਸੀ, ਉਸੇ ਦੌਰਾਨ ਪ੍ਰਨੀਤ ਕੌਰ ਦੀ ਕਾਰ ਵਿੱਚ ਬੈਠ ਕੇ ਆਏ ਹਰਿੰਦਰਪਾਲ ਸਿੰਘ ਨੇ ਇੱਕ ਕਿਸਾਨ ਨੂੰ ਧੱਕਾ ਮਾਰ ਕੇ ਡੇਗ ਦਿੱਤਾ ਸੀ, ਸਿ ਦੌਰਾਨ ਉਸ ਦੀ ਮੌਤ ਹੋ ਗਈ ਸੀ। ਜਿਸ ਦਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵਲੋਂ ਨੋਟਿਸ ਲੈਦਿਆ ਅੱਜ ਪੰਜਾਬ ਦੇ ਸਾਰੇ ਜਿਲਿਆਂ, ਹੈਡ ਕੁਆਟਰਾਂ, ਤਹਿਸੀਲਾਂ ਤੇ ਪਰਨੀਤ ਕੌਰ ਦਾ ਅਤੇ ਬੀ.ਜੇ.ਪੀ. ਦੇ ਪੁੱਤਲੇ ਫੂਕਣ ਦਾ ਪ੍ਰੋਗਰਾਮ ਦਿੱਤਾ ਗਿਆ ਸੀ। ਜੋ ਪੂਰੀ ਤਰ੍ਹਾਂ ਸਫਲ ਰਿਹਾ। ਅੱਜ ਪਟਿਆਲਾ ਦੇ 5 ਤਹਿਸੀਲਾਂ ਤੇ ਕਿਸਾਨਾ ਵਲੋਂ ਬੀ.ਜੇ.ਪੀ. ਅਤੇ ਪ੍ਰਨੀਤ ਕੌਰ ਦੇ ਵਿਰੁੱਧ ਨਾਅਰੇਬਾਜੀ ਕਰਦਿਆਂ ਮੰਗ ਪੱਤਰ ਦਿੱਤੇ ਗਏ। ਜਿਸ ਵਿੱਚ ਮੰਗ ਕੀਤੀ ਗਈ ਕਿ ਜਿਸ ਤਰ੍ਹਾਂ ਪ੍ਰਨੀਤ ਕੌਰ ਆਪਣੇ ਨਾਲ ਹਮਲਾਵਰ ਬੰਦੇ ਲੈ ਕੇ ਆਈ ਸੀ ਅਤੇ ਉਸਨੇ ਉੱਥੇ ਮਾਹੌਲ ਖਰਾਬ ਕਰਨ ਲਈ ਸਾਜਿਸ਼ ਰਚੀ ਸੀ ਉਸ ਤੇ ਵੀ ਬਣਦੀ ਕਾਰਵਾਈ ਕਰਨੀ ਬਣਦੀ ਹੈ ਤਾਂ ਕੇ ਅੱਗੇ ਤੋਂ ਪੰਜਾਬ ਦੇ ਕਿਸਾਨਾਂ ਦੇ ਕਾਤਲ ਅਜਿਹਾ ਕਾਰਾ ਨਾ ਕਰ ਸਕਣ। ਅੱਜ ਕਿਸਾਨ ਦਾ ਬਣਦਾ ਮੁਆਵਜਾ ਪਰਿਵਾਰ ਦੇ ਇੱਕ ਜੀ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਪਟਿਆਲਾ ਤਹਿਸੀਲ ਵਿਖੇ ਅਗਵਾਈ ਕਰਨ ਵਾਲਿਆ ਵਿੱਚ ਗੁਰਮੀਤ ਸਿੰਘ ਦਿੱਤੂਪੁਰ, ਸੁਖਵਿੰਦਰ ਸਿੰਘ ਤੁਲੇਵਾਲ, ਟੇਕ ਸਿੰਘ ਅਸਰਪੁਰ, ਸੁਖਵਿੰਦਰ ਸਿੰਘ ਲਾਲੀ ਭੁਨਰਹੇੜੀ ਦੇ ਪ੍ਰਧਾਨ, ਜਿਲਾ ਜਨਰਲ ਸਕੱਤਰ ਅਵਤਾਰ ਸਿੰਘ ਕੌਰਜੀਵਾਲਾ ਸ਼ਾਮਿਲ ਹੋਏ।

# ਇਸ ਵਾਰ 70 ਪਾਰ ਦਾ ਨਾਰਾ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜਿਆ ਸਾਈਕਲ ਚਾਲਕ ਮਨਮੋਹਨ ਸਿੰਘ



**ਸ੍ਰੀ ਅਨੰਦਪੁਰ ਸਾਹਿਬ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਸਵੀਪ ਗਤੀਵਿਧੀਆਂ ਅਧੀਨ ਆਮ ਲੋਕਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ ਲਈ ਸੰਗਰੂਰ ਤੋਂ ਸਾਈਕਲ ਚਾਲਕ ਮਨਮੋਹਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਪਹੁੰਚੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ ਕੰਮ ਐਸਡੀਐਮ ਰਾਜਪਾਲ ਸਿੰਘ ਸੇਖੋ ਨੇ ਦੱਸਿਆ ਕਿ ਸਾਈਕਲ ਚਾਲਕ ਮਨਮੋਹਨ ਸਿੰਘ ਨੇ ਵੋਟਰਾਂ ਨੂੰ ਪ੍ਰੇਰਿਤ ਕਰਨ ਵਾਲਾ ਆਪਣਾ ਇਹ ਸਫਰ 30 ਅਪ੍ਰੈਲ ਨੂੰ ਸੰਗਰੂਰ ਜਿਲੇ ਤੋਂ ਸ਼ੁਰੂ ਕੀਤਾ ਸੀ।

ਉਹਨਾਂ ਨੂੰ ਉਥੋਂ ਦੇ ਜਿਲਾ ਚੋਣਕਾਰ ਅਫਸਰ ਕਮ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਸੀ ਆਪਣੇ ਇਸ ਸਫਰ ਦੇ ਦੌਰਾਨ ਮਨਮੋਹਨ ਸਿੰਘ ਸਾਈਕਲ ਰਾਹੀਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੀ ਯਾਤਰਾ ਕਰਨਗੇ ਅਤੇ ਰਸਤੇ ਵਿੱਚ ਲੋਕਾਂ ਨੂੰ ਮਿਲਦੇ ਹੋਏ 1 ਜੂਨ ਨੂੰ ਹੋਣ ਵਾਲੀਆਂ ਆਗਾਮੀ ਲੋਕ ਸਭਾ ਚੋਣਾਂ ਵਿੱਚ ਆਪਣੀ ਵੋਟ ਪਾਉਣ ਲਈ ਪ੍ਰੇਰਤ ਕਰਨਗੇ ।

ਇਸ ਸਬੰਧ ਵਿੱਚ ਅੱਜ ਮਨਮੋਹਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਪਹੁੰਚਣ ਉੱਥੇ ਤਹਿਸੀਲਦਾਰ ਸੰਦੀਪ ਕੁਮਾਰ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨਾਂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਕ ਜੂਨ ਨੂੰ ਆਪਣਾ ਵੋਟ ਬਿਨਾਂ ਕਿਸੇ ਲਾਲਚ, ਡਰ- ਭੈ ਤੋਂ ਜਰੂਰ ਦੇਣ।

# ਚੋਰਾਂ ਦੇ ਹੌਂਸਲੇ ਇੰਨੇ ਬੁਲੰਦ ਉਹ ਦਿਨ-ਦਿਹਾੜੇ ਕਰਨ ਲੱਗੇ ਵਾਰਦਾਤਾਂ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਵੀ ਅਪਰਾਧਿਕ ਤੱਤ ਸਰਗਰਮ ਹਨ ਅਤੇ ਪੁਲਿਸ ਦੀ ਨੱਕ ਹੇਠ ਕਤਲ, ਲੁੱਟ-ਖੋਹ ਅਤੇ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਸ਼ਹਿਰ ਵਿੱਚ ਅੱਜ ਦਿਨ ਦਿਹਾੜੇ ਇੱਕ ਵੱਡੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਆਟੋ ਵਿੱਚ ਸਫ਼ਰ ਕਰ ਰਹੀਆਂ ਦੋ ਔਰਤਾਂ ਨੂੰ ਸ਼ਿਕਾਰ ਬਣਾਇਆ ਗਿਆ ਹੈ। 20-21 ਦੀ ਲਾਈਟ ਨੇੜੇ ਆਟੋ ਚਾਲਕ ਸਮੇਤ ਦੋ ਵਿਅਕਤੀਆਂ ਨੇ ਔਰਤਾਂ ਤੋਂ ਪੈਸੇ ਚੋਰੀ ਕਰ ਲਏ ਅਤੇ ਉਨ੍ਹਾਂ ਦੇ ਤਿੰਨ ਬੈਗ ਲੈ ਕੇ ਭੱਜ ਗਏ। ਜਦਕਿ ਇੱਕ ਹੋਰ ਬਦਮਾਸ਼ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ। ਜਿਸ ਦੀ ਪਛਾਣ ਬਿਜਨੌਰ ਦੇ ਰਹਿਣ ਵਾਲੇ ਜੀਸ਼ਾਨ ਵਜੋਂ ਹੋਈ ਹੈ।

ਪੀੜਤ ਔਰਤਾਂ ਦਾ ਕਹਿਣਾ ਹੈ ਕਿ ਆਟੋ 'ਚ ਬੈਠੇ ਸਾਰੇ ਬਦਮਾਸ਼ ਉਨ੍ਹਾਂ ਦੇ ਬੈਗ 'ਚੋਂ ਹੌਲੀ-ਹੌਲੀ ਪੈਸੇ ਕੱਢ ਰਹੇ ਸਨ। ਜਦੋਂ ਔਰਤਾਂ ਨੂੰ ਸ਼ੱਕ ਹੋਇਆ ਅਤੇ ਆਟੋ ਰੋਕਿਆ ਤਾਂ ਉਹ ਤੇਜ਼ੀ ਨਾਲ ਭੱਜ ਗਿਆ।

ਇਸ ਦੌਰਾਨ ਉਕਤ ਔਰਤਾਂ ਨੇ ਲੁਟੇਰਿਆਂ ਦੇ ਚੁੰਗਲ 'ਚੋਂ ਆਪਣਾ ਪੈਸਿਆਂ ਵਾਲਾ ਬੈਗ ਤਾਂ ਖੋਹ ਲਿਆ



ਪਰ ਉਨ੍ਹਾਂ ਦੇ ਤਿੰਨ ਹੋਰ ਬੈਗ ਆਟੋ 'ਚ ਹੀ ਰਹਿ ਗਏ । ਔਰਤਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਬੈਗ ਵਿੱਚ ਕਰੀਬ ਚਾਰ ਲੱਖ ਰੁਪਏ ਸਨ। ਉਸ ਦੇ ਬੈਗ ਵਿਚ ਲੋੜੀਂਦੇ ਪੈਸੇ ਨਹੀਂ ਹਨ। ਔਰਤਾਂ ਦਾ ਬੁਰਾ ਹਾਲ ਹੈ, ਰੋ ਰਿਹਾ ਹੈ।

ਫਿਲਹਾਲ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਅਗਲੇਰੀ ਜਾਂਚ ਦੇ ਨਾਲ-ਨਾਲ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ। ਪੁਲੀਸ 'ਤੇ ਦੇਰੀ ਨਾਲ ਪੁੱਜਣ ਦਾ ਵੀ ਦੋਸ਼ ਹੈ।

ਜਾਣਕਾਰੀ ਮਿਲੀ ਹੈ ਕਿ ਦੋਵੇਂ ਔਰਤਾਂ ਬਹੁਤ ਚੰਗੇ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਯੂਪੀ ਤੋਂ ਚੰਡੀਗੜ੍ਹ ਵਾਪਸ ਆਈਆਂ ਸਨ। ਇਸ ਦੌਰਾਨ ਜਦੋਂ ਉਸ ਨੇ ਮਲੋਆ ਨੂੰ ਆਉਣ ਲਈ ਰੇਲਵੇ ਸਟੇਸ਼ਨ 'ਤੇ ਆਟੋ ਲੈਣ ਦੀ ਕੋਸ਼ਿਸ਼ ਕੀਤੀ ਤਾਂ ਇਹ ਬਦਮਾਸ਼ ਉਸ ਨੂੰ ਮਿਲੇ ਅਤੇ ਕਿਹਾ ਕਿ ਉਹ ਉਸ ਨੂੰ ਮਲੋਆ ਕੋਲ ਛੱਡ ਦੇਣਗੇ। ਜਿਸ ਤੋਂ ਬਾਅਦ ਦੋਵੇਂ ਔਰਤਾਂ ਆਪਣਾ ਸਮਾਨ ਲੈ ਕੇ ਆਟੋ 'ਚ ਸਵਾਰ ਹੋ ਗਈਆਂ।ਫੜੇ ਗਏ ਚੋਰ ਦਾ ਨਾਂ ਜ਼ੀਸ਼ਾਨ ਹੈ ਜੋ ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਦਾ ਰਹਿਣ ਵਾਲਾ ਹੈ।

ਪੀੜਤ ਔਰਤ ਵਲੋ ਦੋਸ਼ ਲਗਾਇਆ ਗਿਆ ਹੈ ਕਿ ਬਦਮਾਸ਼ਾਂ ਨੇ ਉਨ੍ਹਾਂ ਦਾ ਸਾਮਾਨ ਉਨ੍ਹਾਂ ਦੇ ਉੱਪਰ ਰੱਖਿਆ ਅਤੇ ਇਸ ਦੌਰਾਨ ਉਨ੍ਹਾਂ ਦੇ ਪੈਸਿਆਂ ਵਾਲਾ ਬੈਗ ਆਪਣੇ ਵੱਲ ਲੈ ਗਏ। ਇਸ ਦੌਰਾਨ ਉਹ ਹੌਲੀ-ਹੌਲੀ ਬੈਗ 'ਚੋਂ ਪੈਸੇ ਕੱਢਦਾ ਰਿਹਾ। ਔਰਤਾਂ ਅਨੁਸਾਰ ਉਨ੍ਹਾਂ ਨੇ ਉਸ ਨੂੰ ਕਈ ਵਾਰ ਬੈਗ ਪਿੱਛੇ ਰੱਖਣ ਲਈ ਕਿਹਾ ਪਰ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਨਹੀਂ ਮੰਨੀ। ਇਸ ਦੌਰਾਨ ਜਦੋਂ ਉਸ ਨੂੰ ਸ਼ੱਕ ਹੋਇਆ ਤਾਂ ਉਸ ਨੇ 20-30 / 32-33 ਲਾਈਟ ਨੇੜੇ ਆਟੋ ਨੂੰ ਰੋਕ ਲਿਆ ਸ਼ੋਰ ਪਾਇਆ ਫੜੇ ਗਏ ਚੋਰ ਨੇ ਦੱਸਿਆ ਕਿ ਉਸ ਦੇ ਦੋ ਹੋਰ ਸਾਥੀ ਸਨ ਜੋ ਪੀੜਤਾਂ ਦੇ ਤਿੰਨ ਬੈਗ ਲੈ ਕੇ ਭੱਜ ਗਏ।

# ਨਾਭਾ ਸਾਹਿਬ ਦੇ ਬਜ਼ੁਰਗਾਂ ਨੇ ਸੁਖਬੀਰ ਨੂੰ ਬਾਦਲ ਤੇ ਟੌਹੜਾ ਦੀ ਯਾਦ ਕਰਵਾਈ

## ਪੰਜਾਬ ਬਚਾਓ ਯਾਤਰਾ ਵਿੱਚ ਵੱਖ-ਵੱਖ ਵਰਗਾਂ ਨੇ ਰੱਖੀਆਂ ਆਪਣੀਆਂ ਸਮੱਸਿਆਵਾਂ

**ਜ਼ੀਰਕਪੁਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਸ਼ਾਮ ਪੰਜਾਬ ਬਚਾਓ ਯਾਤਰਾ ਲੈ ਕੇ ਜ਼ੀਰਕਪੁਰ ਪਹੁੰਚੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਜਦੋਂ ਨਾਭਾ ਸਾਹਿਬ ਪੁੱਜੇ ਤਾਂ ਕਿਸਾਨਾਂ ਨੇ ਆਪਣੀਆਂ ਸਮੱਸਿਆਵਾਂ ਦੱਸਦਿਆਂ ਉਨ੍ਹਾਂ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੀ ਯਾਦ ਤਾਜ਼ਾ ਕਰਵਾਈ।



ਪਟਿਆਲਾ ਲੋਕ ਸਭਾ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਅਤੇ ਸਾਬਕਾ ਵਿਧਾਇਕ ਐਨ.ਕੇ.ਸ਼ਰਮਾ ਦੀ ਅਗਵਾਈ ਹੇਠ ਸਿੰਘਪੁਰਾ ਚੌਕ, ਮੈਟਰੋ, ਵੀ.ਆਈ.ਪੀ ਰੋਡ, ਗੁਰਦੁਆਰਾ ਨਾਭਾ ਸਾਹਿਬ ਨੇੜੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਸਵਾਗਤ ਕਰਦਿਆਂ ਆਪਣੀਆਂ ਸਮੱਸਿਆਵਾਂ ਦੱਸੀਆਂ। ਗੁਰਦੁਆਰਾ ਨਾਭਾ ਸਾਹਿਬ ਦੇ ਬਾਹਰ ਅਗਾਂਹਵਧੂ ਕਿਸਾਨ ਸੁਖਵਿੰਦਰ ਸੁੱਖੀ ਨੇ ਦੱਸਿਆ ਕਿ ਪਿਛਲੇ ਦਿਨੀਂ ਹੋਈ ਬਰਸਾਤ ਅਤੇ ਗੜ੍ਹੇਮਾਰੀ ਕਾਰਨ ਉਨ੍ਹਾਂ ਦੇ ਪੌਲੀ ਹਾਊਸ ਤਬਾਹ ਹੋ ਗਏ ਅਤੇ ਉਨ੍ਹਾਂ ਦੀ ਫਸਲ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ।

ਅਜੇ ਤੱਕ ਕਿਸੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਮੁਆਵਜ਼ੇ ਦੀ ਗੱਲ ਤਾਂ ਦੂਰ, ਗਿਰਦਾਵਰੀ ਲਈ ਵੀ ਕੋਈ ਨਹੀਂ ਆਇਆ ਹੈ। ਇਸ ਮੌਕੇ ਹਾਜ਼ਰ ਵੈਟਰਨ ਕਿਸਾਨਾਂ ਦਵਿੰਦਰ ਸਿੰਘ, ਜਸਪਾਲ ਸਿੰਘ ਅਤੇ ਭੁਪਿੰਦਰ ਸਿੰਘ ਨੇ ਸੁਖਬੀਰ ਬਾਦਲ ਨੂੰ ਟਰੈਕਟਰ ਮਾਡਲ ਅਤੇ ਹਰਾ ਚਾਰਾ ਭੇਟ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਂਦੀ ਸੀ। ਇਸੇ ਤਰ੍ਹਾਂ ਅਕਾਲੀ ਦਲ ਵੀ ਪੰਜਾਬ ਵਿਚ ਹਰਿਆ-ਭਰਿਆ ਰਹੇ ਅਤੇ ਪੰਜਾਬ ਦੇ ਲੋਕ ਖੁਸ਼ ਰਹਿਣ। ਕਿਸਾਨਾਂ ਨੇ ਦੱਸਿਆ ਕਿ ਪਿਛੋਕੜ 'ਚ ਬਾਦਲ ਅਤੇ ਟੌਹੜਾ ਦੀ ਜੋੜੀ ਕਈ ਵਾਰ ਨਾਭਾ ਸਾਹਿਬ ਤੋਂ ਯਾਤਰਾਵਾਂ ਦੀ ਸ਼ੁਰੂਆਤ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਕੁਝ ਨੌਜਵਾਨਾਂ ਨੇ ਸੁਖਬੀਰ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੱਸਿਆ ਕਿ ਬੇਰੁਜ਼ਗਾਰੀ ਦੂਰ ਕਰਨ ਦੇ ਨਾਮ 'ਤੇ ਸਿਰਫ਼ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਤਾਂ ਦਿੱਤੇ ਗਏ ਹਨ ਪਰ ਜੁਆਇਨਿੰਗ ਰਿਪੋਰਟ ਨਹੀਂ ਹੋਈ ਹੈ। ਜਿਨ੍ਹਾਂ ਦੀ ਜੁਆਇਨਿੰਗ ਰਿਪੋਰਟ ਹੋ ਚੁੱਕੀ ਹੈ, ਉਨ੍ਹਾਂ ਦੀ ਸੂਚਨਾ ਵਿੱਤ ਵਿਭਾਗ ਕੋਲ ਨਹੀਂ ਜਾ ਰਹੀ ਹੈ। ਅਜਿਹੇ 'ਚ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇ ਨਾਮ 'ਤੇ ਗੁੰਮਰਾਹ ਕੀਤਾ ਜਾ ਰਿਹਾ ਹੈ।

ਸੁਖਬੀਰ ਬਾਦਲ ਨੇ ਹਾਜ਼ਰ ਲੋਕਾਂ ਨੂੰ ਐਨ.ਕੇ.ਸ਼ਰਮਾ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਆਉਣ ਤੋਂ ਬਾਅਦ ਇੱਕ-ਇੱਕ ਕਰਕੇ ਸਾਰਿਆਂ ਦੇ ਮਸਲੇ ਹੱਲ ਕੀਤੇ ਜਾਣਗੇ।

# ਸੰਤ ਸਮਾਜ ਵਲੋਂ ਕੁਟੀਆ ਸੰਤ ਗੰਗਾ ਰਾਮ ਭੋਖੜਾ ਵਿਖੇ ਲਗਾਈ ਗਈ ਸੂਫ਼ੀ ਮਹਿਫਲ ਤੇ ਬਠਿੰਡਾ ਕਮੇਟੀ ਦਾ ਕੀਤਾ ਗਿਆ ਗਠਨ

**ਬਠਿੰਡਾ 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਸਮਾਜ ਵੈਲਫ਼ੇਅਰ ਸੋਸਾਇਟੀ ਪੰਜਾਬ ਵੱਲੋਂ ਜ਼ਿਲ੍ਹਾ ਬਠਿੰਡਾ ਦੀ ਮੀਟਿੰਗ ਅਤੇ ਸੂਫ਼ੀ ਮਹਿਫ਼ਿਲ ਕੁਟੀਆ ਸੰਤ ਬਾਬਾ ਗੰਗਾ ਰਾਮ ਜੀ ਪਿੰਡ ਭੋਖੜਾ ਜ਼ਿਲ੍ਹਾ ਬਠਿੰਡਾ ਵਿਖੇ ਲਗਾਈ ਗਈ ਜਿਸ ਵਿੱਚ ਉੱਚੇਚੇ ਤੌਰ ਤੇ ਸਾਈਂ ਮਧੂ ਜੀ ਚੇਅਰਮੈਨ ਸੰਤ ਸਮਾਜ , ਪ੍ਰੋਫੈਸਰ ਸੁੱਖਵਿੰਦਰ ਸਾਗ਼ਰ ਸੂਬਾ ਪ੍ਰਧਾਨ ਸੰਤ ਸਮਾਜ , ਪ੍ਰੋਫ਼ੈਸਰ ਬਾਈ ਭੋਲਾ ਯਮਲਾ, ਜਗਦੇਵ ਮਾਨ ਸਕੱਤਰ ਪੰਜਾਬ, ਸੁਰਪ੍ਰੀਤ ਸਿੰਮੀ ਪੰਜਾਬ ਸਕੱਤਰ ਵੂਮਨ ਸੈੱਲ, ਸ਼ਹਿਜ਼ਾਦੀ ਰੂਬਲ ਯੂਥ ਵਿੰਗ ਇੰਚਾਰਜ ਪੰਜਾਬ ਸੰਤ ਸਮਾਜ, ਅਤੇ ਬਾਬਾ ਨਿੱਕੂ ਦਾਸ ਜੀ ਉਦਾਸੀਨ,ਜ਼ਿਲ੍ਹਾ ਬਠਿੰਡਾ ਦੀ ਕਮੇਟੀ ਦਾ ਗਠਨ ਕਰਨ ਲਈ ਪਹੁੰਚੇ ,ਅਤੇ ਖ਼ਾਸ ਤੌਰ ਤੇ ਡਾਇਰੈਕਟਰ ਪੰਜਾਬ ਜਲ ਸਰੋਤ ਪ੍ਰਬੰਧਨ ਨਿਗਮ ਅਤੇ ਯੂਥ ਵਾਈਸ ਪ੍ਰਧਾਨ ਪੰਜਾਬ ਰਾਜਨ ਅਮਰਦੀਪ ਸਿੰਘ ਆਮ ਆਦਮੀ ਪਾਰਟੀ ਬਠਿੰਡਾ, ਐਮ ਐਲ ਏ ਮਾਸਟਰ ਜਗਸੀਰ ਸਿੰਘ ਅਤੇ ਬਲਕਾਰ ਸਿੰਘ ਮੈਂਬਰ ਮੰਡੀ ਬੋਰਡ ਪੰਜਾਬ ਪਹੁੰਚੇ ਤੇ ਰਾਜਨ ਅਮਰਦੀਪ ਅਤੇ ਮਾਸਟਰ ਜਗਸੀਰ ਸਿੰਘ ਨੇ ਸੰਤ ਸਮਾਜ ਦੀ ਇਸ ਕੰਮ ਲਈ ਸ਼ਾਲਾਘਾ ਕੀਤੀ ਇਸ ਕਮੇਟੀ ਵਿੱਚ ਸਾਰਿਆਂ ਦੀ ਸਹਿਮਤੀ ਨਾਲ ਗਾਇਕ ਜੀਤ ਜੋਗੀ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਅਤੇ ਕਮੇਟੀ ਦੇ ਪ੍ਰਧਾਨ ਬਾਬਾ ਪ੍ਰੀਤ ਜੀ ਦਇਆਲਪੁਰਾ ਭਾਈਕਾ, ਉਪ ਪ੍ਰਧਾਨ ਡਾਕਟਰ ਵੀਰ ਸਿੰਘ, ਜਨਰਲ ਸਕੱਤਰ ਸ੍ਰ. ਬਲਕਰਨ ਸਿੰਘ ਜੀ ਪੰਚਾਇਤ ਅਫ਼ਸਰ ,ਖ਼ਜਾਨਚੀ ਜਗਵੀਰ ਸਿੰਘ ਭੋਖੜਾ, ਸਕੱਤਰ ਬਾਬਾ ਕੁਲਵਿੰਦਰ ਸਿੰਘ, ਮੀਡੀਆ ਸਕੱਤਰ ਇੰਦਰ ਸਿੰਘ ਭੋਖੜਾ,ਪ੍ਰਿੰਟ ਮੀਡੀਆ ਸਰੋਵਰ ਸਿੰਘ, ਜੁਆਇੰਟ ਸਕੱਤਰ ਬਾਬਾ ਕੌਰ ਸਿੰਘ ਸੇਲਬਰਾ, ਮੁੱਖ ਸਲਾਹਕਾਰ ਪ੍ਰਵੀਨ ਕਾਲੀਆ ਜੀ,ਇਸ ਤਰ੍ਹਾਂ ਕਮੇਟੀ ਦਾ ਗਠਨ ਕੀਤਾ ਗਿਆ।



# ਐਮਐਸਐਮਈ ਦੇ ਬਿਹਤਰ ਕੰਮਕਾਜ ਲਈ ਖਾਤਿਆਂ ਨੂੰ ਵਿਵਸਥਿਤ ਰੱਖਣਾ ਮਹੱਤਵਪੂਰਨ

**ਡੇਰਾ ਬਸੀ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ--**

ਐਮਐਸਐਮਈ ਨੂੰ ਆਪਣੇ ਕਾਰੋਬਾਰ ਨੂੰ ਉਤਸ਼ਾਹਿਤ ਕਰਕੇ ਉਸਨੂੰ ਸਹੀ ਢੰਗ ਨਾਲ ਚਲਾਉਣ ਲਈ ਆਪਣੇ ਖਾਤਿਆਂ ਨੂੰ ਵਿਵਸਥਿਤ ਰੱਖਣਾ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਕਰਜ਼ ਸਹੂਲਤਾਂ ਮਿਲ ਸਕਣ। ਇਹ ਜਾਣਕਾਰੀ ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਡੇਰਾਬੱਸੀ ਇੰਡਸਟਰੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਸਥਾਨਕ ਨੇਚਿਕੇਤਾ ਪੇਪਰਜ਼ ਇੰਡਸਟਰੀ ਕੰਪਲੈਕਸ ਵਿਖੇ ਮਾਈਕਰੋ, ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜ਼ਿਜ਼ (ਐਮਐਸਐਮਈ) ਕਾਰਨੀਵਲ ਵਿੱਚ ਭਾਗ ਲੈਣ ਆਏ ਉਦਯੋਗਪਤੀਆਂ ਨੂੰ ਬੁਲਾਰਿਆਂ ਵੱਲੋਂ ਦਿੱਤੀ ਗਈ।

ਪ੍ਰੋਗਰਾਮ ਦਾ ਵਿਸ਼ਾ ਸੀ ਪ੍ਰਭਾਵਸ਼ਾਲੀ ਵਿੱਤੀ ਪ੍ਰਬੰਧਨ ਰਾਹੀਂ ਟਿਕਾਊ ਕਾਰੋਬਾਰੀ ਵਿਕਾਸ ਨੂੰ ਪ੍ਰਾਪਤ ਕਰਨਾ।

ਇਸ ਮੌਕੇ 'ਤੇ ਪਹੁੰਚੇ ਨੁਮਾਇੰਦਿਆਂ ਦਾ ਸਵਾਗਤ ਕਰਦੇ ਹੋਏ ਪੀਐਚਡੀਸੀਸੀਆਈ ਦੀ ਖੇਤਰੀ ਨਿਰਦੇਸ਼ਕ ਸ਼੍ਰੀਮਤੀ ਭਾਰਤੀ ਸੂਦ ਨੇ ਐਮਐਸਐਮਈਜ਼ ਦੇ ਵਿਕਾਸ ਲਈ ਵਿੱਤੀ ਸਮਝ ਅਤੇ ਭਲਾਈ ਦੇ ਵਧਦੇ ਮਹੱਤਵ ਬਾਰੇ ਗੱਲ ਕੀਤੀ। ਬੈਂਕਿੰਗ ਅਤੇ ਵਿੱਤੀ ਸੇਵਾਵਾਂ ਸਬ-ਕਮੇਟੀ, ਪੰਜਾਬ ਚੈਪਟਰ ਪੀਐਚਡੀਸੀਸੀਆਈ ਦੇ ਕਨਵੀਨਰ ਮੁਕੁਲ ਬਾਂਸਲ ਨੇ ਵਿੱਤੀ ਸਹਾਇਤਾ ਚਾਹੁਣ ਵਾਲੇ ਐਮਐਸਐਮਈ ਲਈ ਰਣਨੀਤਕ ਮੁੱਖ ਨੁਕਤਿਆਂ ਬਾਰੇ ਗੱਲ ਕੀਤੀ, ਕਰਜ਼ੇ ਅਤੇ ਇਕੁਇਟੀ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਐਮਐਸਐਮਈਜ਼ ਨੂੰ ਨਿਯਮਤ ਤੌਰ 'ਤੇ ਆਪਣੀ ਬੈਲੇਂਸ ਸ਼ੀਟ ਬਣਾਈ ਰੱਖਣ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਕਰਜ਼ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ।

ਬੈਂਕਿੰਗ ਅਤੇ ਵਿੱਤੀ ਸੇਵਾਵਾਂ ਸਬ-ਕਮੇਟੀ ਦੇ ਕੋ-ਕਨਵੀਨਰ ਸ਼ਿਵ ਸ਼ੰਕਰ ਸ਼ਰਮਾ ਨੇ ਬੈਂਕ ਤੋਂ ਸਹੀ ਉਤਪਾਦ ਦੀ ਚੋਣ ਕਰਨ ਦੀ ਮਹੱਤਤਾ ਨੂੰ ਸਮਝਾਇਆ ਅਤੇ ਵੱਖ-ਵੱਖ ਪ੍ਰਕਾਰ ਦੀਆਂ ਐਂਟਰੀ ਰੁਕਾਵਟਾਂ ਜਿਵੇਂ ਕਿ ਪ੍ਰਵਾਨਗੀਆਂ, ਐਨਓਸੀ ਅਤੇ ਪਾਲਣਾ ਬਾਰੇ ਦੱਸਿਆ। ਇਸ ਮੌਕੇ ਸ਼੍ਰੀਰਾਮ ਫਾਈਨਾਂਸ ਦੀ ਸੀਨੀਅਰ ਮੈਨੇਜਰ ਸ਼੍ਰੀਮਤੀ ਪਰੀਨਾ ਗੋਇਲ ਨੇ ਬੈਂਕਾਂ ਵੱਲੋਂ ਵਿੱਤੀ ਸਕੀਮਾਂ/ਸਹਾਇਤਾ ਬਾਰੇ ਚਰਚਾ ਕੀਤੀ। ਡੇਰਾਬੱਸੀ ਇੰਡਸਟਰੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਕੇਸ਼ ਰਤਨ ਨੇ ਖੇਤਰ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਐਮਐਸਐਮਈ ਅਤੇ ਵੱਖ-ਵੱਖ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਵਿਚਕਾਰ ਸਹਿਯੋਗ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਇਸ ਮੌਕੇ 'ਤੇ ਖੇਤਰੀ ਪੀਐਚਡੀਸੀਸੀਆਈ ਸ਼ੀ-ਫੋਰਮ ਦੀ ਪ੍ਰਧਾਨ ਸ਼੍ਰੀਮਤੀ ਪੂਜਾ ਨਾਇਰ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਭਾਜਪਾ ਦੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਦਾ ਮੌਲਿਕ ਹੱਕ ਨਾ ਮਿਲਣਾ ਚੋਣ ਅਮਲ ਉੱਤੇ ਸਵਾਲੀਆ ਨਿਸ਼ਾਨ : ਸੁਨੀਲ ਜਾਖੜ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਦੌਰਾਨ ਪਾਏ ਜਾ ਰਹੇ ਅੜਿੱਕਿਆਂ ਨੂੰ ਲੈ ਕੇ ਕਿਸੇ ਵੀ ਕਿਸਮ ਦੀ ਚਾਰਾਜੋਈ ਨਾ ਹੋਣਾ ਸੂਬੇ ਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਪ੍ਰਕਿਰਿਆ ਦੇ ਅਮਲ ਉੱਤੇ ਸਵਾਲੀਆ ਨਿਸ਼ਾਨ ਲਾ ਰਹੀ ਹੈ। ਏਨਾ ਹੀ ਨਹੀਂ ਵਿਰੋਧ ਪ੍ਰਦਰਸ਼ਨਾਂ ਨੂੰ ਕਾਬੂ ਚ ਰੱਖਣ ਚ ਅਸਫਲ ਭਗਵੰਤ ਮਾਨ ਸਰਕਾਰ ਉਲਟਾ ਪੀੜਤ ਭਾਜਪਾ ਆਗੂਆਂ ਉੱਤੇ ਪਰਚੇ ਦਰਜ ਕਰਕੇ ਸੂਬੇ 'ਚ ਕਾਨੂੰਨ ਦਾ ਰਾਜ ਨਾ ਹੋਣ ਦਾ ਸਬੂਤ ਦੇ ਰਹੀ ਹੈ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸ਼੍ਰੀ ?ਸਿਬਨ ਸੀ ਨੂੰ ਮਿਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬੀਤੇ ਦਿਨੀਂ ਪਟਿਆਲਾ ਦੇ ਪਿੰਡ ਸੇਹਰਾ ਚ ਪਾਰਟੀ ਉਮੀਦਵਾਰ ਪ੍ਰਨੀਤ ਕੌਰ ਦਾ ਕਾਫਲਾ ਰੋਕਣ ਸਮੇਂ ਇੱਕ ਕਿਸਾਨ ਸੁਰਿੰਦਰਪਾਲ ਸਿੰਘ ਪਿੰਡ ਆਕੜੀ , ਜੋ ਕਿ ਗਰਮੀ ਤੇ ਧੁੱਪ ਕਾਰਨ ਆਪਣੇ ਆਪ ਸੜਕ ਉੱਤੇ ਡਿੱਗਿਆ ਤੇ ਉਸ ਦੀ ਇਲਾਜ ਦੌਰਾਨ ਅਫਸੋਸਨਾਕ ਮੌਤ ਹੋਈ, ਪਰ ਸਿੱਤਮ ਦੀ ਗੱਲ ਇਹ ਹੈ ਕਿ ਉਕਤ ਘਟਨਾਚੱਕਰ ਸਬੰਧੀ ਵੀਡੀਓ ਸਾਹਮਣੇ ਆਉਣ ਦੇ ਬਾਵਜੂਦ ਮੌਕੇ ਉੱਤੇ ਮੌਜੂਦ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਤੇ ਹੋਰਨਾਂ ਅਣਪਛਾਤਿਆਂ ਖਿਲਾਫ਼ ਧਾਰਾ 304 ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਜਾਖੜ ਦੇ ਨਾਲ ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਬਰਾੜ ਤੇ ਜਗਮੋਹਨ ਰਾਜੂ, ਲੀਗਲ ਕੀਲ ਦੇ ਸੂਬਾ ਮੁਖੀ ਐਨ.ਕੇ. ਵਰਮਾ ਅਤੇ ਮੀਡੀਆ ਸੈੱਲ ਦੇ ਸੂਬਾ ਮੁਖੀ ਵਿਨਿਤ ਜੋਸ਼ੀ ਹਾਜ਼ਰ ਸਨ। ਪ੍ਰਧਾਨ ਜਾਖੜ ਨੇ ਕਿਹਾ ਕਿ ਇੱਕ ਪਾਸੇ ਸੂਬੇ ਦੇ ਵੱਖ-ਵੱਖ ਪਾਰਲੀਮਾਨੀ ਹਲਕਿਆਂ ਚ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਸੂਬੇ ਦੀ ਭਗਵੰਤ ਮਾਨ



ਸਰਕਾਰ ਹੱਥ ਉੱਤੇ ਹੱਥ ਧਰੀ ਤਮਾਸ਼ਮੀਨ ਬਣੀ ਬੈਠੀ ਹੈ। ਜਾਖੜ ਨੇ ਪੁੱਛਿਆ ਕਿ ਕੀ ਇਸ ਸਥਿਤੀ ਨੂੰ ਸੂਬੇ ਚ ਇੱਕ ਆਦਰਸ਼ ਲੋਕਤਾਂਤਰਿਕ ਪ੍ਰਣਾਲੀ ਤਹਿਤ ਚੱਲ ਰਿਹਾ ਸੁਤੰਤਰ ਤੇ ਪਾਰਦਰਸ਼ੀ ਚੋਣ ਅਮਲ ਕਿਹਾ ਜਾ ਸਕਦਾ ਹੈ ? ਪ੍ਰਧਾਨ ਜਾਖੜ ਨੇ ਕਿਹਾ ਕਿ ਸੂਬੇ ਚ ਭਾਜਪਾ ਉਮੀਦਵਾਰਾਂ ਨੂੰ ਵੀ ਬਾਕੀ ਪਾਰਟੀਆਂ ਦੇ ਮੁਕਾਬਲੇ ਚੋਣ ਪ੍ਰਚਾਰ ਕਰਨ ਦੇ ਸੰਵਿਧਾਨਕ ਹੱਕ ਹਨ ਤੇ ਇਹਨਾਂ ਹੱਕਾਂ ਨੂੰ ਮੁੱਹਈਆ ਕਰਾਉਣਾ ਪੰਜਾਬ ਰਾਜ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਜਾਖੜ ਨੇ ਕਿਹਾ ਕਿ ਅੱਜ ਇਸ ਸਬੰਧੀ ਚੀਫ ਇਲੈਕਟ੍ਰੋਲ ਆਫਿਸਰ (ਸੀਈਓ) ਸ਼੍ਰੀ ਸਿਬਨ ਸੀ. ਨੂੰ ਇੱਕ ਮੰਗ ਪੱਤਰ ਦਿੱਤਾ, ਜਿਸ ਤਹਿਤ ਇਹ ਮੰਗ ਗਈ ਕਿ ਪੰਜਾਬ ਰਾਜ ਚੋਣ ਕਮਿਸ਼ਨ ਆਪਣੇ ਹੱਕਾਂ ਨੂੰ ਵਰਤ ਕੇ ਸੂਬੇ ਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਅਮਲ ਚਲਾਉਣ ਲਈ ਬਣਦੀ ਜ਼ਿੰਮੇਵਾਰੀ ਨਿਭਾਵੇ। ਜਾਖੜ ਨੇ ਸੂਬੇ ਚ ਬਦਅਮਨੀ ਵਾਲੀ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਆਏ ਦਿਨ ਆਪਣੀ ਸਟੇਟ ਹੈੱਡ ਦੀ ਭੂਮਿਕਾ ਨੂੰ ਪਾਸੇ ਰੱਖ ਜਿੱਥੇ ਆਪ ਅਰਵਿੰਦ ਕੇਜਰੀਵਾਲ ਨਾਲ ਮਿਲਣ ਲਈ ਤਿਹਾੜ ਜੇਲ੍ਹ ਚ ਮੁਲਾਕਾਤਾਂ ਨੂੰ ਤਰਜੀਹ ਦੇ ਰਹੇ ਹਨ, ਉੱਥੇ ਸੂਬੇ ਦੇ ਲੋਕਾਂ ਨੂੰ ਲਾਵਾਰਸਾਂ ਵਾਂਗ ਛੱਡ ਵੱਖ-ਵੱਖ ਸੂਬਿਆਂ ਆਮ ਆਦਮੀ ਪਾਰਟੀ ਦੇ ਪ੍ਰਚਾਰ ਚ ਮਘਨ ਹਨ। ਜਾਖੜ ਨੇ ਦੱਸਿਆ ਕਿ ਸੂਬੇ ਚ ਆਏ ਦਿਨ ਹੋ ਰਹੀ ਕਤਲੋਗਾਰਤ ਤੇ ਲੁੱਟ-ਖੋਹ ਦੇ ਮਾਹੌਲ ਦੌਰਾਨ ਚੋਣ ਅਮਲ ਜਿਵੇਂ ਰੱਬ ਆਸਰੇ ਚੱਲ ਰਿਹਾ ਹੈ ਤੇ ਬਦਅਮਨੀ ਵਾਲੀ ਸਥਿਤੀ ਦੌਰਾਨ ਚ ?ਚੋਣ ਪ੍ਰਕਿਰਿਆ ਦੌਰਾਨ ਕੋਈ ਮੰਦਭਾਗੀ ਘਟਨਾ ਵਾਪਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸ਼੍ਰੀ ?ਸਿਬਨ ਸੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੂਬੇ ਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਪ੍ਰਕਿਰਿਆ ਨੂੰ ਸਿਰੇ ਚੜ੍ਹਾਉਣ ਲਈ ਕਦਮ ਚੁੱਕਣ ਤੇ ਭਾਜਪਾ ਆਗੂਆਂ ਉੱਤੇ ਧੱਕੇ ਨਾਲ ਦਰਜ ਕੀਤੇ ਜਾ ਰਹੇ ਪੁਲਿਸ ਕੇਸਾਂ ਦਾ ਵੀ ਸਖਤ ਨੋਟਿਸ ਲੈਣ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਦੇ ਖਿਲਾਫ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਕਾਰਵਾਈ ਲਈ ਚਿੱਠੀ ਪੱਤਰ ਲਿਖਣ।

## ਕੇਂਦਰੀ ਜੇਲ੍ਹ ‘ਚੋਂ ਨਹੀਂ ਰੁੱਕ ਰਿਹਾ ਮੋਬਾਇਲ ਮਿਲਣ ਦਾ ਸਿਲਸਿਲਾ, ਫਿਰ ਤੋਂ 12 ਫੋਨ ਤੇ ਹੋਰ ਸਾਮਾਨ ਬਰਾਮਦ

ਤਰਨਤਾਰਨ 10 ਮਈ। । ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰ ਜੇਲ੍ਹ ਪ੍ਰਸ਼ਾਸਨ ਵੱਲੋਂ ਤਲਾਸ਼ੀ ਅਭਿਆਨ ਦੌਰਾਨ ਮੋਬਾਈਲ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਇਸ ਸਬੰਧੀ ਪੁਲਸ ਨੇ ਚਾਰ ਹਵਾਲਾਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ



ਸਾਹਿਬ ਦੇ ਸਹਾਇਕ ਸੁਪਰਡੈਂਟ ਅਵਤਾਰ ਸਿੰਘ ਅਤੇ ਰਘਬੀਰ ਸਿੰਘ ਵੱਲੋਂ ਚਲਾਏ ਗਏ ਵੱਖ-ਵੱਖ ਤਲਾਸ਼ੀ ਅਭਿਆਨ ਦੌਰਾਨ ਜੇਲ੍ਹ ’ਚੋਂ ਵੱਖ-ਵੱਖ ਬੈਰਕਾਂ ਅੰਦਰ ਮੌਜੂਦ 12 ਮੋਬਾਈਲ, 12 ਸਿਮ ਕਾਰਡ ਅਤੇ 3 ਈਅਰ ਪੌਡ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਸਹਾਇਕ ਸੁਪਰਡੈਂਟ ਦੇ ਬਿਆਨਾਂ ਹੇਠ ਮਨਪ੍ਰੀਤ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਖਵਾਸਪੁਰ, ਅਮਨ ਕੁਮਾਰ ਪੁੱਤਰ ਬਨਾਰਸੀ ਦਾਸ, ਦੀਪ ਸਿੰਘ ਉਰਫ ਰਾਜਾ ਪੁੱਤਰ ਸੇਵਕ ਸਿੰਘ ਅਤੇ ਗੁਲਾਬ ਸਿੰਘ ਪੁੱਤਰ ਰਾਜ ਸਿੰਘ ਤੋਂ ਇਲਾਵਾ ਇਕ ਅਣਪਛਾਤੇ ਵਿਅਕਤੀ ਖ?ਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਕੱਢਿਆ

ਕਿਸ਼ਨ ਪਾਲ

ਚੰਡੀਗੜ੍ਹ 10 ਮਈ। । ਸ੍ਰੋਮਣੀ ਅਕਾਲੀ ਦਲ ਨੇ ਅੱਜ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਹਰਜਿੰਦਰ ਕੌਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ’ਚ ਸ਼ਾਮਲ ਹੋਣ ਕਾਰਨ ਪਾਰਟੀ ਦੀ ਮੁੱਢਲੀ ਮੈਂਬਰਸ?ਿਪ ਤੋਂ ਖਾਰਜ ਕਰ ਦਿੱਤਾ ਹੈ। ਇਸ ਬਾਰੇ ਫੈਸਲਾ ਪਾਰਟੀ ਦੇ ਸਕੱਤਰ ਜਨਰਲ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਅਕਾਲੀ ਦਲ ਦੀ ਚੰਡੀਗੜ੍ਹ ਇਕਾਈ ਵੱਲੋਂ ਕੇਂਦਰ ਸਾਸਤ ਪ੍ਰਦੇਸ ਵਿਚ ਭਾਜਪਾ ਉਮੀਦਵਾਰ ਸੰਜੇ ਟੰਡਨ ਦੀ ਹਮਾਇਤ ਕਰ ਕੇ ਜਾਣ-ਬੁੱਝ ਕੇ ਪਾਰਟੀ ਨੂੰ ਸਾਬੋਤਾਜ ਕਰਨ ਦੀਆਂ ਕੀਤੀਆਂ ਸ?ਿਕਾਇਤਾਂ ਦੇ ਮੱਦੇਨਜਰ ਲਿਆ ਗਿਆ ਹੈ। ਸਕੱਤਰ ਜਨਰਲ ਨੇ ਕਿਹਾ ਕਿ ਉਨ੍ਹਾਂ ਨੂੰ ਬੀਬੀ ਹਰਜਿੰਦਰ ਕੌਰ ਦੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਦਾ ਵੀਡੀਓ ਸਬੂਤ ਮਿਲਿਆ ਸੀ ਅਤੇ ਉਹ ਇਹ ਕਦਮ ਚੁੱਕਣ ਵਾਸਤੇ ਮਜਬੂਰ ਹੋਏ ਹਨ ਤਾਂ ਜੋ ਸਪਸਟ ਸੰਦੇਸ ਦਿੱਤਾ ਜਾ ਸਕੇ ਕਿ ਅਕਾਲੀ ਦਲ ਸ੍ਰੋਮਣੀ ਕਮੇਟੀ ਮੈਂਬਰ ਦੇ ਅਨੈਤਿਕ ਵਿਹਾਰ ਨੂੰ ਬਿਲਕੁਲ ਵੀ ਬਰਦਾਸਤ ਨਹੀਂ ਕਰੇਗਾ। ਸ. ਭੂੰਦੜ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਸ੍ਰੋਮਣੀ ਕਮੇਟੀ ਮੈਂਬਰ ਪਾਰਟੀ ਦੇ ਸਿਧਾਂਤਾਂ ਦੇ ਉਲਟ ਗਏ ਹਨ। ਇਸ ਤੋਂ ਪਹਿਲਾਂ ਵੀ ਸ?ਿਕਾਇਤਾਂ ਮਿਲੀਆਂ ਸਨ ਕਿ ਬੀਬੀ ਹਰਜਿੰਦਰ ਕੌਰ ਨੇ ਭਾਜਪਾ ਨਾਲ ਸਮਝੌਤਾ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਕੇਸਰੀਆ ਪਾਰਟੀ ਦੀ ਹਮਾਇਤ ਬਦਲੇ ਅਹਿਮ ਅਹੁਦੇ ਮਿਲਣੇ ਹਨ। ਉਨ੍ਹਾਂ ਕਿਹਾ ਕਿ




ਅਸੀਂ ਉਨ੍ਹਾਂ ਨੂੰ ਲੰਬਾ ਸਮਾਂ ਦਿੱਤਾ ਤਾਂ ਜੋ ਉਹ ਆਪਣੀਆਂ ਗਲਤੀਆਂ ਮਹਿਸੂਸ ਕਰਨ ਅਤੇ ਦਿਲੋਂ ਪੰਥਕ ਸਫਾਂ ਵਿਚ ਵਾਪਸ ਆ ਜਾਣ ਪਰ ਇਸ ਵਾਰ ਸ੍ਰੋਮਣੀ ਕਮੇਟੀ ਮੈਂਬਰ ਸਭ ਹੱਦ-ਬੰਨੇ ਟੱਪ ਗਏ ਤੇ ਉਨ੍ਹਾਂ ਨੇ ਚੰਡੀਗੜ੍ਹ ਵਿਚ ਭਾਜਪਾ ਉਮੀਦਵਾਰ ਦੀ ਹਮਾਇਤ ਕਰ ਦਿੱਤੀ ਹੈ। ਅਜਿਹਾ ਕਰਦਿਆਂ ਉਨ੍ਹਾਂ ਨੇ ਨਾ ਸਿਰਫ ਪਾਰਟੀ ਲੀਹਾਂ ਨੂੰ ਤੋੜਿਆ ਹੈ, ਸਗੋਂ ਪੰਜਾਬੀਆਂ ਅਤੇ ਖਾਸ ਤੌਰ ’ਤੇ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਅਪਮਾਨ ਕੀਤਾ ਹੈ ਕਿਉਂਕਿ ਕੇਂਦਰ ਦੇ ਕਿਸਾਨ ਵਿਰੋਧੀ ਕਦਮਾਂ ਦੇ ਨਾਲ-ਨਾਲ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਤੋਂ ਇਨਕਾਰ ਕਰਨ ਕਾਰਨ ਸਿੱਖ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘ 26 ਤੋਂ 28 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ ਪਰ ਫਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਬੀਬੀ ਹਰਜਿੰਦਰ ਕੌਰ ਵਰਗੀ ਸੀਨੀਅਰ ਆਗੂ ਨੂੰ ਸੋਭਾ ਨਹੀਂ ਦਿੰਦਾ ਕਿ ਉਹ ਪਾਰਟੀ ਦੇ ਮੂਲ ਫਲਸਫੇ ਦੇ ਖ?ਿਲਾਫ ਜਾਣ। ਸਰਦਾਰ ਭੂੰਦੜ ਨੇ ਸਪਸਟ ਕੀਤਾ ਕਿ ਬੀਬੀ ਹਰਜਿੰਦਰ ਕੌਰ ਨੂੰ ਪਾਰਟੀ ਵਿਚੋਂ ਕੱਢਣ ਦਾ ਫੈਸਲਾ ਪਾਰਟੀ ਦੀ ਚੰਡੀਗੜ੍ਹ ਇਕਾਈ ਦੇ ਨਾਲ ਸਲਾਹ ਮਸਵਰਾ ਕਰਨ ਮਗਰੋਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਸ?ਿਕਾਇਤ ਕਰਤਾਵਾਂ ਦੇ ਨਾਲ-ਨਾਲ ਚੰਡੀਗੜ੍ਹ ਇਕਾਈ ਦੇ ਅਹੁਦੇਦਾਰਾਂ ਨਾਲ ਸਲਾਹ-ਮਸਵਰਾ ਕਰਨ ਮਗਰੋਂ ਲਿਆ ਹੈ ਜਿਨ੍ਹਾਂ ਨੇ ਮੈਨੂੰ ਪਾਰਟੀ ਦੇ ਹਿੱਤਾਂ ਵਿਚ ਇਹ ਕਦਮ ਚੁੱਕਣ ਵਾਸਤੇ ਆਖਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਵੀ ਰਿਪੋਰਟਾਂ ਮਿਲੀਆਂ ਹਨ ਕਿ ਭਾਜਪਾ ਪਾਰਲੀਮਾਨੀ ਚੋਣ ਵਿਚ ਪਾਰਟੀ ਆਗੂਆਂ ਨੂੰ ਆਕਰਸਤ ਕਰਨ ਵਾਸਤੇ ਵੱਡੇ ਅਹੁਦੇ ਦੇਣ ਦੀ ਪੇਸਕਸ ਕਰ ਰਿਹਾ ਹੈ। ਅਕਾਲੀ ਆਗੂ ਨੇ ਚੰਡੀਗੜ੍ਹ ਇਕਾਈ ਵੱਲੋਂ ਇਕਜੁੱਟ ਰਹਿ ਕੇ ਅਕਾਲੀ ਦਲ ਨਾਲ ਡਟੇ ਰਹਿਣ ਦੀ ਵੀ ਸਲਾਘਾ ਕੀਤੀ ਅਤੇ ਕਿਹਾ ਕਿ ਇਕਾਈ ਪਹਿਲਾਂ ਹੀ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਚੰਡੀਗੜ੍ਹ ਲੋਕ ਸਭਾ ਹਲਕੇ ਦੇ ਮਾਮਲੇ ਵਿਚ ਫੈਸਲਾ ਲੈਣ ਦੇ ਅਧਿਕਾਰ ਦੇ ਚੁੱਕੀ ਹੈ।

## ਮਈ ਦੇ ਪਹਿਲੇ ਹਫਤੇ ਹੀ ਗਰਮੀ ਨੇ ਕਢਾਏ ‘ਵੱਟ’, ਅਸਮਾਨੀ ਚੜ੍ਹਿਆ ਪਾਰਾ, ਜਨਤਾ ਹੋਈ ਹਾਲੋ-ਬੇਹਾਲ

ਜਲੰਧਰ 10 ਮਈ। । ਭਿਆਨਕ ਗਰਮੀ ਦਾ ਕਹਿਰ ਸ਼ੁਰੂ ਹੋ ਚੁੱਕਾ ਹੈ, ਜਿਸ ਨਾਲ ਜਨਤਾ ਹਾਲੋ-ਬੇਹਾਲ ਹੈ। ਦੁਪਹਿਰ ਸਮੇਂ ਚੱਲਣ ਵਾਲੀਆਂ ਗਰਮ ਹਵਾਵਾਂ ਨਾਲ ਹਾਲਾਤ ਜ?ਿਆਦਾ ਖਰਾਬ ਹੋ ਰਹੇ ਹਨ, ਜਿਸ ਕਾਰਨ ਸਾਵਧਾਨੀ ਵਰਤਣ ਦੀ ਲੋੜ ਹੈ। ਇਸੇ ਸਿਲਸਿਲੇ ਵਿਚ 10-11 ਮਈ ਨੂੰ ਮੌਸਮ ਬਦਲਣ ਦੀ ਸੰਭਾਵਨਾ ਹੈ। ਮਈ ਦੇ ਪਹਿਲੇ ਹਫਤੇ ਵਿਚ ਹੀ ਪੰਜਾਬ ਦਾ ਵੱਧ ਤੋਂ ਵੱਧ ਤਾਪਮਾਨ 42 ਡਿਗਰੀ ਦੇ ਪਾਰ ਚੁੱਕਾ ਹੈ, ਜਿਸ ਤੋਂ ਅੰਦਾਜਾ ਲਾਇਆ ਜਾ ਰਿਹਾ ਹੈ ਕਿ ਇਸ ਵਾਰ ਗਰਮੀ ਆਪਣਾ ਪੂਰਾ ਰੰਗ ਦਿਖਾਏਗੀ। ਦੂਜੇ ਪਾਸੇ ਗੁਆਂਢੀ ਸੂਬੇ ਹਰਿਆਣਾ ਵਿਚ ਪੰਜਾਬ ਦੇ ਮੁਕਾਬਲੇ ਗਰਮੀ ਜ?ਿਆਦਾ ਪੈ ਰਹੀ ਹੈ ਅਤੇ ਤਾਪਮਾਨ 43 ਡਿਗਰੀ ਨੂੰ ਛੂਹ ਚੁੱਕਾ ਹੈ। 10 ਮਈ। ਨੂੰ ਇਕ ਤਾਜਾ ਪੱਛਮੀ ਗੜਬੜੀ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਕਾਰਨ 10 ਅਤੇ 11 ਮਈ ਨੂੰ ਪੰਜਾਬ ਤੇ ਗੁਆਂਢੀ ਸੂਬਿਆਂ ਦੇ ਮੌਸਮ ਵਿਚ ਬਦਲਾਅ ਹੋਵੇਗਾ। ਇਸ ਸਿਲਸਿਲੇ ਵਿਚ ਮੀਂਹ ਅਤੇ ਤੂਫਾਨ ਦੀ ਸੰਭਾਵਨਾ ਹੈ। ਇਸ ਅਨੁਸਾਰ 11 ਅਤੇ 12 ਤਰੀਕ ਨੂੰ ਕੁਝ ਥਾਵਾਂ ’ਤੇ ਹਲਕੇ ਤੋਂ ਦਰਮਿਆਨਾ ਅਤੇ 12 ਤਰੀਕ ਨੂੰ ਦਰਮਿਆਨਾ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ ਭਾਰੀ ਮੀਂਹ ਅਤੇ ਤੂਫਾਨ ਦਾ ਵੀ ਅਲਰਟ ਹੈ। ਵਧ ਰਹੇ ਤਾਪਮਾਨ ਵਿਚਕਾਰ ਸਰਹੱਦੀ ਇਲਾਕੇ ਅੰਮ੍ਰਿਤਸਰ (ਅਟਾਰੀ) ਵਿਚ ਪਾਰਾ 42 ਡਿਗਰੀ ਤੋਂ ਉਪਰ ਪਹੁੰਚ ਗਿਆ, ਜਦਕਿ ਫ?ਿਰੋਜਪੁਰ ਵਿਚ ਵੀ ਤਾਪਮਾਨ 42 ਡਿਗਰੀ ਨੂੰ ਛੂਹ ਚੁੱਕਾ ਹੈ। ਇਸੇ ਤਰ੍ਹਾਂ ਲੁਧਿਆਣਾ ਵਿਚ ਵੱਧ ਤੋਂ ਵੱਧ ਤਾਪਮਾਨ 41.2 ਅਤੇ ਪਟਿਆਲਾ ਵਿਚ 40.9 ਡਿਗਰੀ ਦਰਜ ਕੀਤਾ ਗਿਆ।

## ਵਿਦੇਸ਼ ਜਾਣ ਤੋਂ 10 ਦਿਨ ਬਾਅਦ ਤਰਨਤਾਰਨ ਦੇ ਗੁਰਜੰਟ ਦੀ ਮੌਤ, ਲਾਸ਼ ਦੇਖ ਧਾਹਾਂ ਮਾਰ ਰੋਇਆ ਪਰਿਵਾਰ

ਅੰਮ੍ਰਿਤਸਰ 10 ਮਈ। ਖਾੜੀ ਮੁਲਕਾਂ ਅੰਦਰ ਰੱਬ ਦੇ ਫਰਿਸਤੇ ਵੱਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ.ਐੱਸ.ਪੀ.ਸਿੰਘ ਓਬਰਾਏ ਦੇ ਯਤਨਾਂ ਸਦਕਾ ਅੱਜ ਤਰਨਤਾਰਨ ਜ?ਿਲ੍ਹੇ ਦੇ ਪਿੰਡ ਨਾਰਲਾ ਨਾਲ ਸਬੰਧਤ 35 ਸਾਲਾ ਗੁਰਜੰਟ ਸਿੰਘ ਪੁੱਤਰ ਕਾਬਲ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਇੱਕ ਮਾਸੂਮ ਬੱਚੇ ਦਾ ਪਿਤਾ ਗੁਰਜੰਟ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਫਨੇ ਲੈ ਕੇ ਅਜੇ ਬੀਤੀ 21 ਮਾਰਚ ਨੂੰ ਹੀ ਦੁਬਈ ਆਇਆ ਸੀ ਕਿ ਸਿਰਫ 10 ਦਿਨ ਬਾਅਦ ਹੀ 31 ਮਾਰਚ ਨੂੰ ਅਣਕਿਆਸੇ ਹਾਲਾਤ ‘ਚ ਉਸਦੀ ਮੌਤ ਹੋ ਗਈ। ਡਾ.ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਜਦੋਂ ਮ੍ਰਿਤਕ ਦੇ ਵਾਰਸਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਟੀਮ ਰਾਹੀਂ ਮਿਲ ਕੇ ਆਪਣੇ ਨਾਲ ਹੋਈ ਇਸ ਅਣਹੋਣੀ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਭਾਰਤ ਤੋਂ ਗੁਰਜੰਟ ਦੇ ਰਿਸਤੇਦਾਰ ਗੁਰਪ੍ਰੀਤ ਸਿੰਘ ਨੂੰ ਦੁਬਈ ਬੁਲਾ ਕੇ ਉਸ ਦੇ ਮ੍ਰਿਤਕ ਸਰੀਰ ਦੀ ਪਹਿਚਾਣ ਕਰਵਾਉਣ ਉਪਰੰਤ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ ‘ਚ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਅੱਜ ਗੁਰਜੰਟ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਏ ਖਰਚ ਦੀ ਜ?ਿੰਮੇਵਾਰੀ ਉਸ ਦੇ ਇੱਕ ਰਿਸਤੇਦਾਰ ਨੇ ਨਿਭਾਈ ਹੈ। ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਗੁਰਜੰਟ ਸਿੰਘ ਦੀ ਵਿਧਵਾ ਨੂੰ 1500 ਰੁਪਏ ਜਦ ਕਿ ਅੰਗਹੀਣ ਪਿਤਾ ਨੂੰ 1000 ਰੁਪਏ, ਕੁੱਲ 2500 ਰੁਪਏ ਪ੍ਰਤੀ ਮਹੀਨਾ ਪੈਨਸਨ ਦਿੱਤੀ ਜਾਵੇਗੀ। ਗੁਰਜੰਟ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ ਉਸ ਦੇ ਬਜੁਰਗ ਤੇ ਅੰਗਹੀਣ ਪਿਤਾ ਕਾਬਲ ਸਿੰਘ ਤੇ ਮਾਤਾ ਕਸਮੀਰ ਕੌਰ ਨੇ ਰੋਂਦਿਆਂ ਹੋਇਆਂ ਦੱਸਿਆ ਕਿ ਗੁਰਜੰਟ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਆਪਣੇ ਹਿੱਸੇ ਦੀ ਜਮੀਨ ਵੇਚ ਕੇ ਦੁਬਈ ਰਾਹੀਂ ਕਿਸੇ ਹੋਰ ਦੇਸ ਜਾਣ ਦੀ ਕੋਸ?ਿਸ ਵਿਚ ਸੀ ਕਿ ਅਚਾਨਕ ਉਨ੍ਹਾਂ ਨੂੰ ਕਿਸੇ ਦੂਰ ਦੇ ਰਿਸਤੇਦਾਰ ਦਾ ਫੋਨ ਆਇਆ ਕਿ ਗੁਰਜੰਟ ਦੀ ਉਸਦੀ ਦੁਬਈ ਵਿਚਲੀ ਰਿਹਾਇਸ ਵਾਲੀ ਬਿਲਡਿੰਗ ਤੋਂ ਡਿੱਗਣ ਕਾਰਨ ਮੌਤ ਹੋ ਗਈ ਹੈ।

# ਨਾਮਜਦਗੀ ਦਾਖਲ ਕਰਦੇ ਹੀ ਉਮੀਦਵਾਰਾਂ ਦੇ ਖਾਤੇ ’ਚ ਜੁੜਨਾ ਸ਼ੁਰੂ ਹੋ ਜਾਵੇਗਾ ਪ੍ਰਚਾਰ ਦਾ ਖਰਚ

ਏਜੰਸੀਆਂ

ਲੁਧਿਆਣਾ 10 ਮਈ। । ਲੋਕ ਸਭਾ ਚੋਣਾਂ ਦੌਰਾਨ ਪੰਜਾਬ ’ਚ ਆਖਰੀ ਪੜਾਅ ’ਚ ਹੋਣ ਵਾਲੀ ਵੋਟਿੰਗ ਨੂੰ ਲੈ ਕੇ ਉਮੀਦਵਾਰਾਂ ਦੇ ਨਾਮਜਦਗੀ ਦਾਖਲ ਕਰਨ ਦੀ ਪ੍ਰਕਿਰਿਆ ਮੰਗਲਵਾਰ ਨੂੰ ਸ਼ੁਰੂ ਹੋ ਗਈ ਹੈ। ਭਾਵੇਂ ਪਹਿਲੇ ਦਿਨ ਲੁਧਿਆਣਾ ’ਚ ਕਿਸੇ ਉਮੀਦਵਾਰ ਵੱਲੋਂ ਨਾਮਜਦਗੀ ਦਾਖਲ ਨਹੀਂ ਕੀਤਾ ਗਿਆ ਹੈ ਪਰ ਚੋਣ ਕਮਿਸ਼ਨ ਵੱਲੋਂ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਨਾਮਜਦਗੀ ਦਾਖਲ ਕਰਨ ਦੇ ਨਾਲ ਹੀ ਉਮੀਦਵਾਰਾਂ ਦੇ ਖਾਤੇ ’ਚ ਪ੍ਰਚਾਰ ਦਾ ਖਰਚ ਜੁੜਨਾ ਸ਼ੁਰੂ ਹੋ ਜਾਵੇਗਾ। ਇਸ ਤੋਂ ਪਹਿਲਾਂ ਇਹ ਖਰਚ ਸਿਆਸੀ ਪਾਰਟੀਆਂ ਦੇ ਅਕਾਊਂਟ ’ਚ ਜੋੜਿਆ ਜਾ ਰਿਹਾ ਸੀ। ਇਸ ਸਬੰਧ ’ਚ ਡੀ. ਸੀ. ਸਾਕਸ਼ੀ ਸਾਹਨੀ ਦਾ ਕਹਿਣਾ ਹੈ ਕਿ ਚੋਣ ਪ੍ਰਚਾਰ ’ਤੇ ਹੋਣ ਵਾਲੇ ਖਰਚ ਨੂੰ ਲੈ ਕੇ ਚੋਣ ਕਮਿਸ਼ਨ ਵੱਲੋਂ ਫਾਈਨਲ ਕੀਤੀ ਗਈ ਰੇਟ ਲਿਸਟ ਪਹਿਲਾਂ ਹੀ ਸਿਆਸੀ ਪਾਰਟੀਆਂ ਨੂੰ ਦੇ ਦਿੱਤੀ ਗਈ ਹੈ ਅਤੇ ਹੁਣ ਨਾਮਜਦਗੀ ਦਾਖਲ ਕਰਨ ਸਮੇਂ ਵੀ ਉਮੀਦਵਾਰਾਂ ਨੂੰ ਦਿੱਤੀਆਂ ਜਾਣਗੀਆਂ, ਜਿਸ ਦੇ ਆਧਾਰ ’ਤੇ ਉਨ੍ਹਾਂ ਦੇ ਖਾਤੇ ’ਚ ਖਰਚ ਦਰਜ ਕਰਨ ਲਈ ਵਿਧਾਨ ਸਭਾ ਏਰੀਆ ਵਾਈਜ ਐੱਸ. ਐੱਸ. ਟੀ. ਅਤੇ ਫਲਾਈਂਗ ਸਕੁਐਡ ਟੀਮਾਂ ਦੀ ਡਿਊਟੀ ਲਗਾਈ ਗਈ ਹੈ। ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਲਈ ਜੋ ਆਬਜ਼ਰਵਰਾਂ ਦੀ




ਨਿਯੁਕਤੀ ਕੀਤੀ ਗਈ ਹੈ, ਉਹ ਲੁਧਿਆਣਾ ਪੁੱਜਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ’ਚ 2 ਆਈ. ਆਰ. ਐੱਸ. ਅਫਸਰ ਸ਼ਾਮਲ ਹਨ, ਜਿਨ੍ਹਾਂ ਨੂੰ ਉਮੀਦਵਾਰਾਂ ਵੱਲੋਂ 95 ਲੱਖ ਦੀ ਲਿਮਟ ਦੇ ਅੰਦਰ ਖਰਚ ਕਰਨ ਦੀ ਨਿਗਰਾਨੀ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਕਤ ਆਬਜ਼ਰਵਰਾਂ ਵੱਲੋਂ ਮੰਗਲਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੇ ਸਬੰਧਿਤ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਆਬਜ਼ਰਵਰਾਂ ਨੂੰ ਕੋਡ ਆਫ ਕੰਡਕਟ ਲਾਗੂ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿਚ ਹੁਣ ਤੱਕ 30 ਕਰੋੜ ਤੋਂ ਜ਼ਿਆਦਾ ਦੀ ਨਕਦੀ, ਸ਼ਰਾਬ, ਨਸ਼ਾ ਅਤੇ ਹੋਰ ਪਾਬੰਦੀਸ਼ੁਦਾ ਸਾਮਾਨ ਜਬਤ ਕਰਨ ਦਾ ਪਹਿਲੂ ਮੁੱਖ ਰੂਪ ਵਿਚ ਸ਼ਾਮਲ ਹੈ। ਲੋਕ ਸਭਾ ਚੋਣਾਂ ਲਈ ਮਾਨਜਦਗੀ ਦਾਖਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਦੇ ਨਾਲ ਹੀ ਚੋਣ ਕਮਿਸ਼ਨ ਵਲੋਂ ਨਕਦੀ ਅਤੇ ਸ਼ਰਾਬ ਦੀ ਚੈਕਿੰਗ ਨੂੰ ਲੈ ਕੇ ਸਖਤੀ ਵਧਾ ਦਿੱਤੀ ਗਈ ਹੈ, ਜਿਸ ਦੇ ਲਈ ਵਿਧਾਨ ਸਭਾ ਏਰੀਆ ਵਾਈਜ ਨਾਕਾਬੰਦੀ ਕਰ ਕੇ 50 ਹਜ਼ਾਰ ਤੋਂ ਜ਼ਿਆਦਾ ਨਕਦੀ ਲੈ ਜਾਣ ਦੇ ਮਾਮਲੇ ’ਚ ਪੁੱਛਗਿੱਛ ਕੀਤੀ ਜਾ ਰਹੀ ਹੈ। ਇਨ੍ਹਾਂ ਟੀਮਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ 10 ਲੱਖ ਤੋਂ ਜ਼ਿਆਦਾ ਦੀ ਨਕਦੀ ਹੋਣ ’ਤੇ ਇਨਕਮ ਟੈਕਸ, ਨਸ਼ੀਲੇ ਪਦਾਰਥ ਫੜ੍ਹੇ ਜਾਣ ’ਤੇ ਐੱਨ. ਸੀ. ਬੀ. ਅਤੇ ਸ਼ਰਾਬ ਦੀ ਬਰਾਮਦਗੀ ਦੀ ਸੂਚਨਾ ਐਕਸਾਈਜ ਵਿਭਾਗ ਨੂੰ ਦੇਣ ਦੇ ਲਈ ਬੋਲਿਆ ਗਿਆ ਹੈ। ਡੀ. ਸੀ. ਸਾਕਸ਼ੀ ਸਾਹਨੀ ਦੇ ਮੁਤਾਬਕ ਇਹ ਟੀਮਾਂ ਉਸ ਮਟੀਰੀਅਲ ਦੀ ਟਰਾਂਸਪੋਟੇਸ਼ਨ ’ਤੇ ਵੀ ਨਜ਼ਰ ਰੱਖਣਗੀਆਂ, ਜਿਸ ਨਾਲ ਚੋਣ ਦੌਰਾਨ ਵੰਡਣ ’ਤੇ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਚੋਣ ਕਮਿਸ਼ਨ ਵਲੋਂ ਕੋਡ ਆਫ ਕੰਡਕਟ ਲਾਗੂ ਕਰਵਾਉਣ ਦੇ ਲਈ ਜੋ ਫਲਾਇੰਗ ਸਕਵਾਇਡ ਟੀਮਾਂ ਲਗਾਈਆਂ ਗਈਆਂ ਹਨ। ਉਨ੍ਹਾਂ ਵਿਚ ਪੁਲਸ ਦੇ ਨਾਲ ਡਿਊਟੀ ਮਜਿਸਟਰੇਟ ਦੀ ਪਾਵਰ ਵਾਲੇ ਅਫਸਰ ਨੂੰ ਲਗਾਇਆ ਗਿਆ ਹੈ। ਇਨਾਂ ਟੀਮਾਂ ਵਲੋਂ ਨਾਕਾਬੰਦੀ ਦੇ ਦੌਰਾਨ ਕੀਤੀ ਜਾਣ ਵਾਲੀ ਚੈਕਿੰਗ ਬਕਾਇਦਾ ਵੀਡੀਓਗ੍ਰਾਫੀ ਕੀਤੀ ਜਾ ਸਕਦੀ ਹੈ। ਕੋਡ ਆਫ ਕੰਡਕਟ ਦੇ ਉਲੰਘਣ ਦੀ ਸ਼ਿਕਾਇਤ ਮਿਲਣ ’ਤੇ ਸਾਈਟ ’ਤੇ ਜਾ ਕੇ ਰਿਪੋਰਟ ਕਰਨ ਦੀ ਜ਼ਿੰਮੇਵਾਰੀ ਵੀ ਇਨ੍ਹਾਂ ਟੀਮਾਂ ਦੀ ਹੀ ਹੈ, ਜਿਸ ਦੇ ਲਈ ਇਨ੍ਹਾਂ ਟੀਮਾਂ ਨੂੰ ਦਿੱਤੀਆਂ ਗਈਆਂ ਗੱਡੀਆਂ ਸੀ. ਸੀ. ਟੀ. ਵੀ ਅਤੇ ਜੀ. ਪੀ. ਐੱਸ. ਸਿਸਟਮ ਵੀ ਲਗਾਏ ਗਏ ਹਨ।

## ਮੁੰਬਈ ਦੀ ਯੋਗਾ ਟੀਚਰ ਨਾਲ 3.36 ਲੱਖ ਦੀ ਠੱਗੀ

ਮੁੰਬਈ, 10 ਮਈ। ਇਥੇ ਇਕ ਮਹਿਲਾ ਯੋਗਾ ਟੀਚਰ ਤੋਂ ਇਕ ਵਿਅਕਤੀ ਨੇ ਕਥਿਤ ਤੌਰ ’ਤੇ 3.36 ਲੱਖ ਰੁਪਏ ਠੱਗ ਲਏ। ਔਰਤ ‘ਡੇਟਿੰਗ ਐਪ’ ਰਾਹੀਂ ਅਮਿਤ ਕੁਮਾਰ ਨਾਂ ਦੇ ਵਿਅਕਤੀ ਦੇ ਸੰਪਰਕ ’ਚ ਆਈ ਸੀ। ਅਮਿਤ ਨੇ ਔਰਤ ਨੂੰ ਦੱਸਿਆ ਕਿ ਉਹ ਪੇਸੇ ਤੋਂ ਡਾਕਟਰ ਹੈ ਅਤੇ ਇੰਗਲੈਂਡ ਦੇ ਮੈਨਚੈਸਟਰ ’ਚ ਰਹਿੰਦਾ ਹੈ। ਅਮਿਤ ਨੇ ਔਰਤ ਨੂੰ ਦੱਸਿਆ ਕਿ ਉਸ ਨੇ ਇਕ ਤੋਹਫਾ ਭੇਜਿਆ ਹੈ। ਕੁਝ ਦਿਨਾਂ ਬਾਅਦ ਇਕ ਔਰਤ ਨੇ ਪੀੜਤਾ ਨੂੰ ਫੋਨ ਕਰ ਕੇ ਕਿਹਾ ਕਿ ਉਹ ਦਿੱਲੀ ’ਚ ਇਕ ਕੋਰੀਅਰ ਕੰਪਨੀ ’ਚ ਕੰਮ ਕਰਦੀ ਹੈ ਅਤੇ ਮੈਨਚੈਸਟਰ ਤੋਂ ਉਸ ਲਈ ਤੋਹਫਾ ਆਇਆ ਹੈ। ਔਰਤ ਨੇ ਤੋਹਫਾ ਲੈਣ ਨਾਲ ਸਬੰਧ ਕੁਝ ਰਸਮਾਂ ਪੂਰੀਆਂ ਕਰਨ ਲਈ ਪੀੜਤਾ ਤੋਂ ਪੈਸਿਆਂ ਦੀ ਮੰਗ ਕੀਤੀ। ਜਿਸ ਤੋਂ ਬਾਅਦ ਪੀੜਤਾ ਨੇ ਵੱਖ-ਵੱਖ ਖਾਤਿਆਂ ’ਚ 3.36 ਲੱਖ ਰੁਪਏ ਜਮ੍ਹਾ ਕਰਵਾ ਦਿੱਤੇ। ਬਾਅਦ ’ਚ ਔਰਤ ਨੂੰ ਪਤਾ ਲੱਗਾ ਕਿ ਉਸ ਨਾਲ ਧੋਖਾ ਕੀਤਾ ਗਿਆ ਹੈ।

# ਮੰਡੀਆਂ ’ਚ ਕਣਕ ਦੀ ਆਮਦ ਘੱਟਣੀ ਸ਼ੁਰੂ, ਲਿਫਟਿੰਗ ਹੋਈ ਤੇਜ਼

ਏਜੰਸੀਆਂ

ਨੂਰਪੁਰਬੇਦੀ 10 ਮਈ। । ਨੂਰਪੁਰਬੇਦੀ ਦੀਆਂ ਵੱਖ-ਵੱਖ ਅਨਾਜ ਮੰਡੀਆਂ ’ਚ ਹੁਣ ਤੇਜ਼ੀ ਨਾਲ ਕਣਕ ਦੀ ਆਮਦ ਘੱਟ ਰਹੀ ਹੈ ਜਦਕਿ ਲਿਫਟਿੰਗ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਬੀਤੇ 3 ਦਿਨਾਂ ਦੌਰਾਨ ਨੂਰਪੁਰਬੇਦੀ ਦੀਆਂ ਸਮੁੱਚੀਆਂ 6 ਅਨਾਜ ਮੰਡੀਆਂ ’ਚ ਸਿਰਫ 12 ਹਜ਼ਾਰ 458 ਕਣਕ ਦੀ ਆਮਦ ਰਿਕਾਰਡ ਕੀਤੀ ਗਈ ਜਦਕਿ ਖਰੀਦ ਏਜੰਸੀਆਂ ਵੱਲੋਂ ਤੇਜ਼ੀ ਨਾਲ ਕਣਕ ਦੀ ਫਸਲ ਦੀ ਲਿਫਟਿੰਗ ਕੀਤੀ ਜਾ ਰਹੀ ਹੈ। ਨੂਰਪੁਰਬੇਦੀ ਦੀਆਂ 6 ਮੰਡੀਆਂ ’ਚ ਸ਼ਾਮਲ ਕਲਵਾਂ, ਤਖਤਗੜ੍ਹ, ਸੁੱਖੇਮਾਜਰਾ, ਨੂਰਪੁਰਬੇਦੀ, ਡੂਮੇਵਾਲ ਅਤੇ ਅਬਿਆਣਾ ’ਚੋਂ ਹੁਣ ਤੱਕ ਪਨਗ੍ਰੇਨ, ਐੱਫ. ਸੀ. ਆਈ, ਮਾਰਕਫੈੱਡ ਅਤੇ ਵੇਅਰਹਾਊਸ ਆਦਿ ਖਰੀਦ ਏਜੰਸੀਆਂ ਵੱਲੋਂ ਕਰੀਬ 2 ਲੱਖ 44 ਹਜ਼ਾਰ 271 ਕੁਇੰਟਲ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਜਿਸ ’ਚੋਂ 1 ਲੱਖ 97 ਹਜ਼ਾਰ 648 ਕੁਇੰਟਲ ਫਸਲ ਦੀ ਲਿਫਟਿੰਗ ਹੋ ਚੁੱਕੀ ਹੈ ਜੋਕਿ ਖਰੀਦ ਕੀਤੀ ਗਈ ਕੁੱਲ ਫਸਲ ਦਾ 81 ਫੀਸਦੀ ਬਣਦਾ ਹੈ ਜਦਕਿ ਕੇਵਲ 46 ਹਜ਼ਾਰ 623 ਕੁਇੰਟਲ ਫਸਲ ਮੰਡੀ ਅਣਲਿਫਟਿਡ ਪਈ ਹੋਈ ਹੈ। ਜਿਸ ਕਰਕੇ ਉਕਤ ਮੰਡੀਆਂ ’ਚੋਂ ਅੱਜ ਤੱਕ ਕੇਵਲ 19 ਫੀਸਦੀ ਫਸਲ ਦੀ ਲਿਫਟਿੰਗ ਹੋਣੀ ਬਾਕੀ ਰਹਿੰਦੀ ਹੈ। ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੁੱਖੇਮਾਜਰਾ ਮੰਡੀ ’ਚੋਂ ਖਰੀਦ ਏਜੰਸੀ ਮਾਰਕਫੈੱਡ ਵੱਲੋਂ ਹੁਣ ਤੱਕ 43 ਹਜ਼ਾਰ 709 ਕੁਇੰਟਲ ਕਣਕ ਦੀ ਖਰੀਦ ਜਦਕਿ 40 ਹਜ਼ਾਰ 636 ਕੁਇੰਟਲ ਫਸਲ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ। ਇਸ ਮੰਡੀ ’ਚ ਵੇਅਰਹਾਊਸ ਵੱਲੋਂ 8 ਹਜ਼ਾਰ 112 ਕੁਇੰਟਲ ਕਣਕ ਦੀ ਖਰੀਦ ਅਤੇ 5 ਹਜ਼ਾਰ 914 ਕੁਇੰਟਲ ਦੀ



ਲਿਫਟਿੰਗ ਕੀਤੀ ਗਈ ਹੈ, ਜਿਸ ਕਰਕੇ ਇਸ ਮੰਡੀ ’ਚੋਂ ਹੁਣ ਤੱਕ ਕੁੱਲ 51 ਹਜ਼ਾਰ 821 ਕੁਇੰਟਲ ਕਣਕ ਦੀ ਖਰੀਦ ਜਦਕਿ 46 ਹਜ਼ਾਰ 550 ਕੁਇੰਟਲ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ। ਇਸੇ ਤਰ੍ਹਾਂ ਡੂਮੇਵਾਲ ਅਨਾਜ ਮੰਡੀ ’ਚੋਂ ਐੱਫ. ਸੀ. ਆਈ. ਵੱਲੋਂ 47 ਹਜ਼ਾਰ 346 ਕੁਇੰਟਲ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ’ਚੋਂ ਕਰੀਬ 45 ਹਜ਼ਾਰ 197 ਕੁਇੰਟਲ ਫਸਲ ਦੀ ਲਿਫਟਿੰਗ ਕੀਤੀ ਗਈ ਹੈ। ਨੂਰਪੁਰਬੇਦੀ ਦੀ ਅਨਾਜ ਮੰਡੀ ’ਚੋਂ ਪਨਗ੍ਰੇਨ ਏਜੰਸੀ ਵੱਲੋਂ ਕਰੀਬ 19 ਹਜ਼ਾਰ 689 ਕੁਇੰਟਲ ਕਣਕ ਦੀ ਖਰੀਦ ਜਦਕਿ 19 ਹਜ਼ਾਰ 150 ਕੁਇੰਟਲ ਫਸਲ ਦੀ ਲਿਫਟਿੰਗ ਹੋ ਚੁੱਕੀ ਹੈ ਜਦਕਿ ਮਾਰਕਫੈੱਡ ਵੱਲੋਂ 3 ਹਜ਼ਾਰ 956 ਕੁਇੰਟਲ ਫਸਲ ਦੀ ਖਰੀਦ ਕੀਤੀ ਗਈ ਹੈ ਜਿਸਦੀ ਅਜੇ ਤਾਈਂ ਲਿਫਟਿੰਗ ਨਹੀਂ ਹੋ ਸਕੀ ਹੈ। ਅਬਿਆਣਾ ਦੀ ਅਨਾਜ ਮੰਡੀ ’ਚੋਂ ਪਨਗ੍ਰੇਨ ਵੱਲੋਂ 27 ਹਜ਼ਾਰ 224 ਕੁਇੰਟਲ ਕਣਕ ਦੀ ਖਰੀਦ ਅਤੇ 23 ਹਜ਼ਾਰ 474 ਕੁਇੰਟਲ ਫਸਲ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਜਦਕਿ ਐੱਫ. ਸੀ. ਆਈ. ਵੱਲੋਂ 9707 ਕੁਇੰਟਲ ਫਸਲ ਦੀ ਖਰੀਦ ਅਤੇ ਜਿਸ ’ਚੋਂ 5887 ਕੁਇੰਟਲ ਕਣਕ ਦੀ ਲਿਫਟਿੰਗ ਕੀਤੀ ਗਈ ਹੈ। ਕਲਵਾਂ ਦੀ ਅਨਾਜ ਮੰਡੀ ’ਚੋਂ ਮਾਰਕਫੈੱਡ ਵੱਲੋਂ 12 ਹਜ਼ਾਰ 848 ਕੁਇੰਟਲ ਕਣਕ ਦੀ ਖਰੀਦ ਅਤੇ 11 ਹਜ਼ਾਰ 775 ਕੁਇੰਟਲ ਫਸਲ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ। ਇਸੇ ਤਰ੍ਹਾਂ ਤਖਤਗੜ੍ਹ ਦੀ ਅਨਾਜ ਮੰਡੀ ’ਚੋਂ ਮਾਰਕਫੈੱਡ ਵੱਲੋਂ 61 ਹਜ਼ਾਰ 947 ਕੁਇੰਟਲ ਅਤੇ ਪਨਗ੍ਰੇਨ ਵੱਲੋਂ 29 ਹਜ਼ਾਰ 424 ਕੁਇੰਟਲ ਸਹਿਤ ਕੁੱਲ 91 ਹਜ਼ਾਰ 371 ਕੁਇੰਟਲ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਜਦਕਿ ਮਾਰਕਫੈੱਡ ਵੱਲੋਂ 26 ਹਜ਼ਾਰ 615 ਅਤੇ ਪਨਗ੍ਰੇਨ ਵੱਲੋਂ 19 ਹਜ਼ਾਰ ਕੁਇੰਟਲ ਸਹਿਤ ਕੁੱਲ 45 ਹਜ਼ਾਰ 615 ਕੁਇੰਟਲ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ। ਇਸ ਸਬੰਧੀ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਆਕਸ਼ਨ ਰਿਕਾਰਡਰ ਸਿਮਰਨਪਾਲ ਸਿੰਘ ਨੇ ਦੱਸਿਆ ਕਿ ਮੰਡੀਆਂ ’ਚ ਹੋਲੀ-ਹੋਲੀ ਆਮਦ ਘੱਟ ਰਹੀ ਹੈ ਜਦਕਿ ਫਸਲ ਦੀ ਲਿਫਟਿੰਗ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।

## ਕੇਂਦਰੀ ਜੇਲ੍ਹ ’ਚੋਂ 25 ਮੋਬਾਇਲ, 27 ਸਿਮ ਤੇ 2 ਚਾਰਜਰ ਬਰਾਮਦ

ਏਜੰਸੀਆਂ

ਅੰਮ੍ਰਿਤਸਰ 10 ਮਈ। । ਲੋਕ ਸਭਾ ਚੋਣਾਂ ਨੂੰ ਲੈ ਕੇ ਦੇਸ ਭਰ ਵਿਚ ਚੋਣ ਜਾਬਤਾ ਲਾਗੂ ਹੈ। ਚੋਣਾਂ ਨੂੰ ਸਾਂਤੀਪੂਰਵਕ ਨੇਪਰੇ ਚਾੜ੍ਹਨ ਲਈ ਸੂਬੇ ਭਰ ਵਿਚ ਨੀਮ ਫੌਜੀ ਬਲਾਂ ਦੀ ਤਾਇਨਾਤੀ ਕੀਤੀ ਗਈ ਹੈ ਅਤੇ ਪੰਜਾਬ ਪੁਲਸ ਸੂਬੇ ਭਰ ਵਿਚ ਸਰਗਰਮ ਹੈ, ਉਥੇ ਹੀ ਦੂਜੇ ਪਾਸੇ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਬੰਦ ਹਵਾਲਾਤੀਆਂ ਕੋਲੋਂ ਲਗਾਤਾਰ ਮੋਬਾਈਲ ਮਿਲਣ ਦਾ ਸਿਲਸਿਲਾ ਜਾਰੀ ਹੈ। ਇੰਨੀ ਵੱਡੀ ਮਾਤਰਾ ਵਿੱਚ ਮੋਬਾਈਲਾਂ ਦੀ ਬਰਾਮਦਗੀ ਸਿੱਧੇ ਤੌਰ ’ਤੇ ਜੇਲ੍ਹ ਦੀ ਸੁਰੱਖਿਆ ’ਤੇ ਸਵਾਲ ਖੜ੍ਹੇ ਕਰ ਰਹੀ ਹੈ। ਬੇਸ਼ੱਕ ਜੇਲ੍ਹ ਪ੍ਰਸਾਸਨ ਹਵਾਲਾਤੀਆਂ ਤੋਂ ਇਨ੍ਹਾਂ ਦੀ ਬਰਾਮਦਗੀ ਤੋਂ ਬਾਅਦ ਆਪਣੀ ਪਿੱਠ ਥਪਥਪਾਉਂਦਾ ਹੈ ਪਰ ਜੇਲ੍ਹ ਵਿਚ ਬੰਦ ਖਤਰਨਾਕ ਸਮੱਗਲਰ ਅਤੇ ਅੱਤਵਾਦ ਨਾਲ ਜੁੜੇ ਹਵਾਲਾਤੀ ਬਰਾਮਦ ਕੀਤੇ ਗਏ ਮੋਬਾਇਲਾਂ ਦੀ ਵਰਤੋਂ ਕਿੱਥੇ ਕਰ ਰਹੇ ਹਨ, ਇਸ ਗੱਲ ਦੀ ਜਾਂਚ ਹੋਣੀ ਜਰੂਰੀ ਹੈ। ਹਵਾਲਾਤੀ ਹਰਵਿੰਦਰ ਸਿੰਘ, ਹਰਸਜੋਤ ਸਿੰਘ, ਗੁਰਦੇਵ ਸਿੰਘ, ਧਰਮਿੰਦਰ ਸਿੰਘ, ਹਰਵਿੰਦਰ ਸਿੰਘ, ਹਰਦੇਵ ਸਿੰਘ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ, ਭਗਵਾਨ ਸਿੰਘ, ਜੱਜ ਸਿੰਘ, ਪ੍ਰਿੰਸੀਪਲ ਸਿੰਘ, ਪਰਮਦੀਪ ਸਿੰਘ, ਸੁਖਜਿੰਦਰ ਸਿੰਘ ਅਤੇ ਗੁਰਪ੍ਰੀਤ ਕੋਲੋਂ 11 ਟੱਚ ਫੋਨ, 14 ਕੀਪੈਡ ਫੋਨ, 27 ਸਿਮ ਅਤੇ 2 ਚਾਰਜ ਬਰਾਮਦ ਹੋਏ ਹਨ। ਫਿਲਹਾਲ ਵਧੀਕ ਜੇਲ




ਸਿੰਘ, ਨਵੀਨ ਕੁਮਾਰ, ਜਸਵੀਰ ਸਿੰਘ, ਗੁਰਮੀਤ ਸਿੰਘ, ਅਰਜੁਨ ਸਿੰਘ, ਸੰਦੀਪ ਸਿੰਘ, ਬਲਕਾਰ ਸਿੰਘ, ਅਮਰੀਕ ਸਿੰਘ, ਸਾਜਨ ਸਿੰਘ, ਮਨਜਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਅਕਾਸ ਵੀਰ ਸੁਪਰਡੈਂਟ ਪ੍ਰਭਦਿਆਲ ਸਿੰਘ ਦੀ ਸ?ਿਕਾਇਤ ’ਤੇ ਥਾਣਾ ਇਸਲਾਮਾਬਾਦ ਪੁਲਸ ਨੇ ਮਾਮਲਾ ਦਰਜ ਕਰ ਕੇ ਸਾਰਿਆਂ ਨੂੰ ਜਾਂਚ ਲਈ ਪ੍ਰੋਡਕਸਨ ਵਾਰੰਟ ’ਤੇ ਲੈ ਕੇ ਕਾਰਵਾਈ ਸੁਰੂ ਕਰ ਦਿੱਤੀ ਹੈ।

# ਨਗਰ ਨਿਗਮ ’ਚ ਲੱਖਾਂ-ਕਰੋੜਾਂ ਦੇ ਬਿੱਲ ਵੈਰੀਫਾਈ ਕਰਨ ਵਾਲੇ ਜੇ. ਈ. ਅਤੇ ਐੱਸ. ਡੀ. ਓ. ਸਰਕਾਰੀ ਕਰਮਚਾਰੀ ਹੀ ਨਹੀਂ

ਸਰਦੂਲ ਸਿੰਘ

ਜਲੰਧਰ 10 ਮਈ। । ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਸੂਬੇ ਦੀ, ਲੋਕਾਂ ਤੋਂ ਲਏ ਟੈਕਸਾਂ ਦਾ ਪੈਸਾ ਸਰਕਾਰੀ ਖਜਾਨੇ ਵਿਚ ਪਹੁੰਚਦਾ ਹੈ ਅਤੇ ਇਸ ਸਰਕਾਰੀ ਪੈਸੇ ਨੂੰ ਖਰਚ ਕਰਨ ਦੇ ਨਿਯਮ ਬੜੇ ਸਖਤ ਬਣੇ ਹੋਏ ਹਨ। ਕਦਮ-ਕਦਮ ’ਤੇ ਸਰਕਾਰੀ ਪੈਸਿਆਂ ਦਾ ਆਡਿਟ ਹੁੰਦਾ ਹੈ ਅਤੇ ਉਸ ਪੈਸੇ ਨੂੰ ਖਰਚ ਕਰਨ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਜਵਾਬਦੇਹੀ ਤਕ ਤੈਅ ਹੁੰਦੀ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਸਰਕਾਰ ਪੱਕੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਕਮੀ ਕਾਰਨ ਆਊਟਸੋਰਸ ਆਧਾਰ ’ਤੇ ਠੇਕੇਦਾਰਾਂ ਜਰੀਏ ਕਰਮਚਾਰੀ ਅਤੇ ਅਧਿਕਾਰੀ ਰੱਖ ਤਾਂ ਲੈਂਦੀ ਹੈ ਪਰ ਅਜਿਹੇ ਕਰਮਚਾਰੀਆਂ ਨੂੰ ਕੋਈ ਵਿੱਤੀ ਪਾਵਰ ਨਹੀਂ ਦਿੱਤੀ ਜਾਂਦੀ ਕਿਉਂਕਿ ਅਜਿਹੇ ਕਰਮਚਾਰੀ ਸਰਕਾਰੀ ਭਰਤੀ ਪ੍ਰਕਿਰਿਆ ਰਾਹੀਂ ਆਏ ਕਰਮਚਾਰੀ ਨਹੀਂ ਹੁੰਦੇ ਅਤੇ ਸਰਕਾਰ ਦੇ ਵਧੇਰੇ ਸਰਵਿਸ ਰੂਲਸ ਉਨ੍ਹਾਂ ’ਤੇ ਲਾਗੂ ਹੀ ਨਹੀਂ ਹੁੰਦੇ। ਜਲੰਧਰ ਨਗਰ ਨਿਗਮ ਦੀ ਗੱਲ ਕਰੀਏ ਤਾਂ ਇਥੇ ਕੁਝ ਸਾਲ ਪਹਿਲਾਂ ਬੀ. ਐਂਡ ਆਰ. ਅਤੇ ਓ. ਐਂਡ ਐੱਮ. ਸੈੱਲ ਵਿਚ ਜੇ. ਈ. ਅਤੇ ਐੱਸ. ਡੀ. ਓਜ ਦੀ ਭਾਰੀ ਕਮੀ ਸਾਹਮਣੇ ਆ ਰਹੀ ਸੀ, ਜਿਸਦੇ ਆਧਾਰ ’ਤੇ ਪੰਜਾਬ ਸਰਕਾਰ ਨੇ ਨਗਰ ਨਿਗਮਾਂ ਨੂੰ ਆਗਿਆ ਦੇ ਦਿੱਤੀ ਸੀ ਕਿ ਉਹ ਠੇਕੇਦਾਰ ਫਰਮ ਦੀ ਮਾਰਫਤ ਆਊਟਸੋਰਸ ਆਧਾਰ ’ਤੇ ਜੇ. ਈ. ਅਤੇ ਐੱਸ. ਡੀ. ਓ. ਆਦਿ ਭਰਤੀ ਕਰ ਲੈਣ ਅਤੇ ਉਨ੍ਹਾਂ ਤੋਂ ਵਿਕਾਸ ਕੰਮਾਂ ਆਦਿ ਦੀ ਨਿਗਰਾਨੀ ਕਰਵਾਈ ਜਾਵੇ। ਜਦੋਂ ਇਨ੍ਹਾਂ ਕੱਚੇ ਜੇ. ਈਜ ਅਤੇ ਐੱਸ. ਡੀ. ਓਜ ਨੂੰ ਡਿਊਟੀ ਅਲਾਟ ਕੀਤੀ ਗਈ ਸੀ, ਉਦੋਂ ਉਨ੍ਹਾਂ ਦਾ ਕੰਮ ਇਹ ਤੈਅ ਕੀਤਾ ਗਿਆ ਸੀ ਕਿ ਉਹ ਪੱਕੇ ਜੇ. ਈ. ਅਤੇ ਪੱਕੇ ਐੱਸ. ਡੀ. ਓ. ਨਾਲ ਕੰਮ ਕਰਨਗੇ। ਹੌਲੀ-ਹੌਲੀ ਆਊਟਸੋਰਸ ਆਧਾਰ ’ਤੇ ਰੱਖੇ ਜੇ. ਈਜ ਅਤੇ ਐੱਸ. ਡੀ. ਓਜ ਨੇ ਜਲੰਧਰ ਨਗਰ ਨਿਗਮ ਦੇ ਵਧੇਰੇ ਕੰਮਾਂ ’ਤੇ ਕਬਜਾ ਕਰ ਲਿਆ ਅਤੇ ਅੱਜ ਜਲੰਧਰ ਨਿਗਮ ਦੇ ਇਨ੍ਹਾਂ ਦੋਵਾਂ ਮਹੱਤਵਪੂਰਨ ਵਿਭਾਗਾਂ ਨੂੰ ਆਊਟਸੋਰਸ ਆਧਾਰ ’ਤੇ ਭਰਤੀ ਜੇ. ਈ. ਅਤੇ ਐੱਸ. ਡੀ. ਓ. ਹੀ ਚਲਾ ਰਹੇ ਹਨ। ਨਿਗਮ ਦੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਦੋਂ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਕਰਨੇਸ਼ ਸ਼ਰਮਾ ਜਲੰਧਰ ਨਿਗਮ ਦੇ ਕਮਿਸ਼ਨਰ ਹੋਇਆ ਕਰਦੇ ਸਨ, ਉਦੋਂ ਉਨ੍ਹਾਂ ਨੇ ਆਊਟਸੋਰਸ ਆਧਾਰ ’ਤੇ ਰੱਖੇ ਕੱਚੇ ਜੇ. ਈਜ ਅਤੇ ਕੱਚੇ ਐੱਸ. ਡੀ. ਓਜ ਨੂੰ ਵਿੱਤੀ ਪਾਵਰ ਤਕ ਦੇ ਦਿੱਤੀ ਸੀ, ਉਦੋਂ ਤੋਂ ਲੈ ਕੇ ਅੱਜ ਤਕ ਆਊਟਸੋਰਸ ਆਧਾਰ ’ਤੇ ਰੱਖੇ ਕੱਚੇ ਜੇ. ਈ. ਅਤੇ ਕੱਚੇ ਐੱਸ. ਡੀ. ਓ. ਨਗਰ ਨਿਗਮ ਦੇ ਲੱਖਾਂ-ਕਰੋੜਾਂ ਦੇ ਕੰਮ ਕਰਨ ਵਾਲੇ ਠੇਕੇਦਾਰਾਂ ਦੀ ਐੱਮ. ਬੀ. (ਮਈਅਰਮੈਂਟ ਬੁੱਕ), ਜਿਨ੍ਹਾਂ ਵਿਚ ਕੰਮਾਂ ਦੀ ਪੈਮਾਇਸ਼ ਅਤੇ ਗਿਣਤੀ ਹੁੰਦੀ ਹੈ) ਵੀ ਵੈਰੀਫਾਈ ਕਰਦੇ ਹਨ, ਠੇਕੇਦਾਰਾਂ ਦੇ ਬਿੱਲਾਂ ਨੂੰ ਵੀ ਵੈਰੀਫਾਈ ਕਰ ਕੇ ਉਨ੍ਹਾਂ ’ਤੇ ਦਸਤਖਤ ਕਰਦੇ ਹਨ ਅਤੇ ਉਹ ਸਭ ਕੰਮ ਕੀਤੇ ਜਾ ਰਹੇ ਹਨ, ਜਿਥੇ ਸਰਕਾਰੀ ਪੈਸਾ ਇਨਵਾਲਵ ਹੈ। ਅਜਿਹੀ ਸਥਿਤੀ ਵਿਚ ਸਾਫ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਜਲੰਧਰ ਨਗਰ ਨਿਗਮ ਵਿਚ ਇਸ ਸਮੇਂ ਲੱਖਾਂ-




ਕਰੋੜਾਂ ਰੁਪਏ ਦੇਂ ਬੱਲ ਵੈਰੀਫਾਈ ਕਰਨ ਵਾਲੇ ਜੇ. ਈ. ਅਤੇ ਐੱਸ. ਡੀ. ਓ. ਸਰਕਾਰੀ ਕਰਮਚਾਰੀ ਹੀ ਨਹੀਂ ਹਨ। ਨਿਗਮ ਨਾਲ ਸਬੰਧਤ ਖੇਤਰਾਂ ਵਿਚ ਆਮ ਚਰਚਾ ਹੈ ਕਿ ਜੇਕਰ ਆਉਣ ਵਾਲੇ ਸਮੇਂ ਵਿਚ ਸਰਕਾਰੀ ਪੈਸਿਆਂ ਵਿਚ ਗੜਬੜੀ ਦੀ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਅਜਿਹੇ ਅਧਿਕਾਰੀਆਂ ਦਾ ਸਰਕਾਰ ਕੁਝ ਨਹੀਂ ਵਿਗਾੜ ਸਕੇਗੀ ਕਿਉਂਕਿ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਸਰਕਾਰ ਪ੍ਰਤੀ ਜਵਾਬਦੇਹ ਹੀ ਨਹੀਂ ਹਨ ਅਤੇ ਨਿਯਮ ਅਨੁਸਾਰ ਉਨ੍ਹਾਂ ਨੂੰ ਵਿੱਤੀ ਪਾਵਰ ਦਿੱਤੀ ਹੀ ਨਹੀਂ ਜਾ ਸਕਦੀ। ਨਗਰ ਨਿਗਮ ਵਿਚ ਕੁਝ ਦਿਨ ਪਹਿਲਾਂ ਲੱਖਾਂ ਰੁਪਏ ਦਾ ਵਰਕਸ਼ਾਪ ਘਪਲਾ ਸਾਹਮਣੇ ਆਇਆ ਹੈ, ਜਿਸ ਦੀ ਜਾਂਚ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਹੈ। ਦੋਸ਼ ਲੱਗ ਰਹੇ ਹਨ ਕਿ ਸਰਕਾਰੀ ਗੱਡੀਆਂ ਦੀ ਰਿਪੇਅਰ ਨਾਲ ਸਬੰਧਤ ਜੋ ਬਿੱਲ ਨਿਗਮ ਪ੍ਰਸ਼ਾਸਨ ਨੂੰ ਸੌਂਪੇ ਗਏ ਹਨ, ਉਨ੍ਹਾਂ ’ਤੇ ਕਈ ਅਧਿਕਾਰੀਆਂ ਦੇ ਸਾਈਨ ਜਾਅਲੀ ਹਨ। ਉਨ੍ਹਾਂ ਬਿੱਲਾਂ ਤੋਂ ਇਕ ਹੈਰਾਨੀਜਨਕ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਵਧੇਰੇ ਗੱਡੀਆਂ ਦੀ ਰਿਪੇਅਰ ’ਤੇ 19 ਹਜਾਰ ਤੋਂ ਜ?ਿਆਦਾ ਅਤੇ 20 ਹਜਾਰ ਰੁਪਏ ਤੋਂ ਘੱਟ ਰਕਮ ਹੀ ਖਰਚ ਹੋਈ ਹੈ। ਇਕ ਗੱਡੀ ਦੀ ਵਾਰ-ਵਾਰ ਰਿਪੇਅਰ ਤਕ ਹੋਈ ਹੈ। ਗੱਡੀਆਂ ਦੀ ਰਿਪੇਅਰ ਨਾਲ ਸਬੰਧਤ ਬਿੱਲਾਂ ਵਿਚ ਫਰਜੀ ਪਤੇ ਵਾਲੀ ਵਰਕਸ਼ਾਪ ਦੀ ਕੋਟੇਸ਼ਨ ਲਾਈ ਗਈ ਹੈ। ਖਾਸ ਗੱਲ ਇਹ ਹੈ ਕਿ ਵਰਕਸ਼ਾਪ ਘਪਲੇ ਨਾਲ ਸਬੰਧਤ ਹਰ ਬਿੱਲ ਅਤੇ ਹਰ ਫਾਈਲ ’ਤੇ ਆਊਟਸੋਰਸ ਆਧਾਰ ’ਤੇ ਰੱਖੇ ਗਏ ਜੇ. ਈ. ਅਤੇ ਐੱਸ. ਡੀ. ਓ. ਆਦਿ ਦੇ ਦਸਤਖਤ ਹਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਨ੍ਹਾਂ ਬਿੱਲਾਂ ਨੂੰ ਵੈਰੀਫਾਈ ਕੀਤਾ ਅਤੇ ਉਨ੍ਹਾਂ ਦੇ ਸਾਈਨ ਦੇਖ ਕੇ ਹੀ ਅੱਗੇ ਐਕਸੀਅਨ, ਐੱਸ. ਈ. ਅਤੇ ਅਸਿਸਟੈਂਟ ਕਮਿਸ਼ਨਰ ਲੈਵਲ ਤਕ ਦੇ ਬਾਕੀ ਅਧਿਕਾਰੀਆਂ ਨੇ ਆਪਣੇ ਸਾਈਨ ਕਰ ਦਿੱਤੇ। ਹੁਣ ਮੰਨਿਆ ਜਾ ਰਿਹਾ ਹੈ ਕਿ ਜੇਕਰ ਵਰਕਸ਼ਾਪ ਘਪਲੇ ਵਿਚ ਹੀ ਕਿਸੇ ਕੱਚੇ ਜੇ. ਈ. ਜਾਂ ਕੱਚੇ ਐੱਸ. ਡੀ. ਓ. ਦੀ ਕੋਈ ਭੂਮਿਕਾ ਸਾਹਮਣੇ ਆਉਂਦੀ ਹੈ ਜਾਂ ਕਿਸੇ ਠੇਕੇਦਾਰ ਨਾਲ ਉਸਦੀ ਮਿਲੀਭੁਗਤ ਪਾਈ ਜਾਂਦੀ ਹੈ ਤਾਂ ਸਰਕਾਰ ਉਸਦਾ ਕੁਝ ਨਹੀਂ ਵਿਗਾੜ ਸਕੇਗੀ ਕਿਉਂਕਿ ਉਹ ਸਰਕਾਰ ਦੇ ਕਰਮਚਾਰੀ ਹੀ ਨਹੀਂ ਹਨ। ਵੈਸੇ ਤਾਂ ਜਲੰਧਰ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਬਣਾਏ ਜਾਂਦੇ ਵਧੇਰੇ ਐਸਟੀਮੇਟਾਂ ਵਿਚ ਗੜਬੜੀ ਆਸਾਨੀ ਨਾਲ ਲੱਭੀ ਜਾ ਸਕਦੀ ਹੈ ਪਰ ਉਨ੍ਹਾਂ ਐਸਟੀਮੇਟਾਂ ਵਿਚ ਅਕਸਰ ਜ?ਿਆਦਾ ਗੋਲਮਾਲ ਹੁੰਦਾ ਹੈ, ਜੋ ਕੱਚੇ ਜੇ. ਈਜ ਵੱਲੋਂ ਬਣਾਏ ਜਾਂਦੇ ਹਨ ਅਤੇ ਕਈ ਕੰਮ ਕਲੱਬ ਕਰ ਦਿੱਤੇ ਜਾਂਦੇ ਹਨ। ਅਜਿਹੇ ਵਧੇਰੇ ਐਸਟੀਮੇਟ ਪੂਰੇ ਵਿਧਾਨ ਸਭਾ ਹਲਕੇ ਜਾਂ ਜੋਨ ਵਾਈਜ ਬਣਾ ਦਿੱਤੇ ਜਾਂਦੇ ਹਨ। ਆਮ ਲੋਕਾਂ ਨੂੰ ਇਨ੍ਹਾਂ ਬਾਰੇ ਕੁਝ ਪਤਾ ਨਹੀਂ ਲੱਗਦਾ ਕਿ ਇਨ੍ਹਾਂ ਦੇ ਆਧਾਰ ’ਤੇ ਕਿਹੜਾ ਕੰਮ ਕਿਸ ਥਾਂ ’ਤੇ ਕਰਵਾਇਆ ਗਿਆ। ਇਸ ਤਰ੍ਹਾਂ ਦੇ ਕੰਮ ਕਰਵਾਉਣ ਦੀ ਸਾਰੀ ਜ?ਿੰਮੇਵਾਰੀ ਜੇ. ਈ. ਅਤੇ ਐੱਸ. ਡੀ. ਓ. ਪੱਧਰ ਦੇ ਅਧਿਕਾਰੀਆਂ ਦੀ ਹੁੰਦੀ ਹੈ।